
ਅਣੋਖਾ ਸੂਰਮਾ



ਗਿਆਨੀ ਭਜਨ ਸਿੰਘ

(ਨਾ੬੫)

ISBN 81-7205-181-6

ਪਹਿਲੀ ਵਾਰ 1975
ਤੀਜੀ ਵਾਰ ਮਾਰਚ 1997
ਚੌਥੀ ਵਾਰ ਸਤੰਬਰ 2001

ਮੁੱਲ : 50-00

ਪ੍ਰਕਾਸ਼ਕ :
ਸਿੰਘ ਬ੍ਰਦਰਜ਼
•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
•
S.C.O. 98, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

ਛਾਪਕ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ


ਅਨੋਖਾ ਸੂਹੀਆ

(ਇਤਿਹਾਸਕ ਨਾਵਲ)

ਗਿਆਨੀ ਭਜਨ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ਅਣੋਖਾ ਸੂਰਮਾ



ਗਿਆਨੀ ਭਜਨ ਸਿੰਘ

ਨਾਵਲ ਤੋਂ ਪਹਿਲਾਂ

ਪੰਜਾਬ ਦਾ ਇਤਿਹਾਸ ਬੜਾ ਗੌਰਵ ਭਰਿਆ ਹੈ। ਪੰਜਾਬੀਆਂ ਨੇ ਸਦਾ ਹੀ ਜਬਰ, ਜ਼ੁਲਮ, ਧੱਕੇ ਤੇ ਅਨਿਆਂ ਵਿਰੁੱਧ ਆਵਾਜ਼ ਉਠਾਈ ਅਤੇ ਅੰਦੋਲਨ ਕੀਤਾ ਹੈ। ਭੂਗੋਲਿਕ ਤੌਰ 'ਤੇ ਪੰਜਾਬ ਭਾਰਤ ਦਾ ਸਰਹੱਦੀ ਪ੍ਰਾਂਤ ਹੈ ਅਤੇ ਭਾਰਤ ਉੱਤੇ ਬਹੁਤੇ ਬਦੇਸ਼ੀ ਹਮਲੇ ਇਸੇ ਪਾਸਿਓਂ ਹੁੰਦੇ ਰਹੇ ਹਨ। ਹਜ਼ਾਰਾਂ ਸਾਲਾਂ ਤੋਂ ਬਦੇਸ਼ੀ ਤਾਕਤਾਂ ਭਾਰਤ ਵੱਲ ਆਉਂਦਿਆਂ ਪਹਿਲਾਂ ਪੰਜਾਬ ਲੰਘੀਆਂ ਤੇ ਪੰਜਾਬੀਆਂ ਨੇ ਹਰ ਹਮਲਾਵਰ ਦਾ ਡਟ ਕੇ ਟਾਕਰਾ ਕੀਤਾ। ਸੰਸਾਰ ਭਰ ਨੂੰ ਫ਼ਤਹਿ ਕਰਨ ਦੇ ਚਾਹਵਾਨ ਸਿਕੰਦਰ ਵਰਗਿਆਂ ਦੇ ਪੰਜਾਬੀਆਂ ਨੇ ਅਜਿਹੇ ਦੰਦ ਖੱਟੇ ਕੀਤੇ ਕਿ ਉਨ੍ਹਾਂ ਦੀਆਂ ਵਿਉਂਤਾਂ ਮਿੱਟੀ ਵਿਚ ਮਿਲ ਗਈਆਂ।

ਪਿਛਲੇ ਪੰਜ ਸੌ ਸਾਲ ਤੋਂ ਪੰਜਾਬ ਦੀ ਲੋਕ-ਲਹਿਰ ਬੜੀ ਬਲਵਾਨ ਹੋਈ ਹੈ। ਸਿਖ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਸੁਚੱਜੀ ਅਗਵਾਈ ਦੇ ਕੇ ਜ਼ੁਲਮ ਤੇ ਅਨਿਆਂ ਨਾਲ ਟਕਰਾਉਣ ਲਈ ਬੜਾ ਤਾਕਤਵਰ ਕੀਤਾ ਹੈ। ਇਸੇ ਦਾ ਨਤੀਜਾ ਹੈ ਕਿ ਇਸ ਸਮੇਂ ਪੰਜਾਬੀਆਂ ਨੂੰ ਬੜੀਆਂ ਕੁਰਬਾਨੀਆਂ ਕਰਨੀਆਂ ਪਈਆਂ ਹਨ।

ਪੰਜਾਬ ਵਿਚ ਸਿਖ ਇਸ ਲਹਿਰ ਦੇ ਮੋਹਰੀ ਰਹੇ ਹਨ, ਇਸ ਲਈ ਇਉਂ ਜਾਪਦਾ ਹੈ ਜਿਵੇਂ ਪੰਜਾਬ ਦਾ ਇਹ ਇਤਿਹਾਸਕ ਵਿਕਾਸ ਹੀ ਸਿੱਖਾਂ ਦਾ ਇਤਿਹਾਸ ਹੈ।

ਨਾਵਲ ਜੀਵਨ ਦੀ ਲੰਮੀ ਕਹਾਣੀ ਬਿਆਨ ਕਰਦਾ ਹੈ। ਇਸ ਵਿਚ ਨਵਾਂ-ਪਣ, ਕਹਾਣੀ-ਰਸ ਤੇ ਨਾਟਕੀ-ਘਟਨਾਵਾਂ ਦਾ ਹੋਣਾ ਜ਼ਰੂਰੀ ਹੈ। ਇਸ ਦ੍ਰਿਸ਼ਟੀਕੋਣ ਤੋਂ ਮੇਰੇ ਖ਼ਿਆਲ ਵਿਚ ਪੰਜਾਬ ਦਾ ਪਿਛਲੇ ਕਈ ਸੌ ਸਾਲਾਂ ਦਾ ਇਤਿਹਾਸ ਨਾਵਲ ਦੀ ਸਮੱਗਰੀ ਨਾਲ ਭਰਿਆ ਪਿਆ ਹੈ। ਮੈਂ ਇਸ ਇਤਿਹਾਸਕ ਸਮੱਗਰੀ ਨੂੰ ਲੈ ਕੇ ਨਾਵਲ ਲਿਖਣ ਦਾ ਵਿਚਾਰ ਬਣਾਇਆ ਹੈ। ਅਠਾਰ੍ਹਵੀਂ ਸਦੀ ਪੰਜਾਬ ਵਿਚ ਬੜਾ ਹਿਲਜੁੱਲ ਦਾ ਸਮਾਂ ਰਿਹਾ ਹੈ। ਪੰਜਾਬ ਦੀ ਜਨਤਾ ਨੇ ਇਸ ਸਮੇਂ ਮੁਗ਼ਲ ਹਕੂਮਤ ਵਿਰੁੱਧ ਘੋਲ ਕੀਤਾ ਅਤੇ ਦੂਜੇ ਪਾਸੇ ਨਾਦਰ ਸ਼ਾਹ ਤੇ ਅਬਦਾਲੀ ਵਰਗੇ ਹਮਲਾਵਰਾਂ ਦਾ ਟਾਕਰਾ ਕੀਤਾ। ਪੰਜਾਬੀਆਂ ਵਿਚ ਉੱਠੇ ਨਵੇਂ ਜੋਸ਼ ਤੇ ਉਤਸ਼ਾਹ ਨੂੰ ਮਾਰਨ ਲਈ ਸਾਰੀਆਂ ਪਿਛਾਂਹ-ਖਿੱਚੂ ਤੇ ਮਨੁੱਖੀ ਵਿਕਾਸ ਦੀਆਂ ਵਿਰੋਧੀ ਤਾਕਤਾਂ ਨੇ ਜ਼ੋਰ ਲਾਇਆ ਪਰ ਉਨ੍ਹਾਂ ਦੀ ਪੇਸ਼

ਨਾ ਗਈ ਅਤੇ ਇਹ ਲਹਿਰ ਏਨੀ ਬਲਵਾਨ ਹੋ ਗਈ ਕਿ ਅਖੀਰ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਪੰਜਾਬ ਵਿਚ ਪੰਜਾਬੀਆਂ ਨੇ ਆਪਣਾ ਰਾਜ ਕਾਇਮ ਕਰ ਲਿਆ।

ਮੈਂ ਆਪਣੇ ਦੂਜੇ ਨਾਵਲਾਂ *ਯਾਰੜੇ ਦਾ ਸੱਥਰ*, *ਗਗਨ ਦਮਾਮਾ ਬਾਜਿਓ*, *ਸੂਰਾ ਸੋ*, *ਮਰਜੀਵੜਾ* ਤੇ *ਭੱਠ ਖੇੜਿਆਂ ਦੇ ਰਹਿਣਾ* ਵਿਚ ਅਠਾਰ੍ਹਵੀਂ ਸਦੀ ਦੇ ਪੰਜਾਬੀ ਜੀਵਨ ਦਾ ਇਤਿਹਾਸਕ ਵਿਕਾਸ ਬਿਆਨ ਕੀਤਾ ਹੈ। ਇਸ ਨਾਵਲ *ਅਨੋਖਾ ਸੂਹੀਆ* ਵਿਚ ਮੈਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਇਕ ਕਹਾਣੀ ਲਈ ਹੈ, ਜਿਸ ਵਿਚ ਪੰਜਾਬ ਰਾਜ ਵਲੋਂ ਪਠਾਣੀ ਇਲਾਕੇ ਵਿਚ ਕੰਮ ਕਰਦੇ ਇਕ ਸੂਹੀਏ ਦੇ ਜੀਵਨ ਨੂੰ ਬਿਆਨ ਕੀਤਾ ਹੈ। ਬਾਬਾ ਪ੍ਰੇਮ ਸਿੰਘ ਹੋਤੀ ਨੇ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸਫਲਤਾ ਦਾ ਨਿਰਭਰ ਨਿਰਾ ਫ਼ੌਜੀ ਤਾਕਤ 'ਤੇ ਨਹੀਂ ਸੀ, ਸਗੋਂ ਪੰਜਾਬ ਰਾਜ ਦੇ ਸਿਆਣੇ ਤੇ ਕੁਰਬਾਨੀ ਵਾਲੇ ਸੂਹੀਏ ਸਫਲਤਾ ਵਿਚ ਸਹਾਇਕ ਹੁੰਦੇ ਰਹੇ ਹਨ। ਪਿਸ਼ਾਵਰ ਦੇ ਇਲਾਕੇ ਵਿਚ ਅਨੇਕਾਂ ਕਹਾਣੀਆਂ ਸਿਖ ਰਾਜ ਦੇ ਸੂਹੀਆਂ ਬਾਰੇ ਲੋਕਾਂ ਦੀ ਜ਼ਬਾਨ 'ਤੇ ਹਨ। ਮੈਂ ਕਈ ਅਜਿਹੀਆਂ ਕਹਾਣੀਆਂ ਸੁਣੀਆਂ ਹਨ। ਉਨ੍ਹਾਂ ਵਿਚੋਂ ਹੀ ਇਕ ਨੂੰ ਮੈਂ ਇਸ ਨਾਵਲ ਦਾ ਆਧਾਰ ਬਣਾਇਆ ਹੈ। ਇਸ ਨਾਵਲ ਦੇ ਪਾਤਰ ਮਨੋ-ਕਲਪਿਤ ਹਨ। ਕੇਵਲ ਇਕ-ਦੋ ਇਤਿਹਾਸਕ ਵਿਅਕਤੀਆਂ ਤੇ ਇਤਿਹਾਸਕ ਘਟਨਾਵਾਂ ਦੁਆਲੇ ਨਾਵਲ ਦਾ ਪਲਾਟ ਉਸਾਰਿਆ ਹੈ। ਮੈਂ ਆਪਣੇ ਮੰਤਵ ਵਿਚ ਕਿਸ ਹੱਦ ਤਕ ਸਫਲ ਹੋਇਆ ਹਾਂ ਇਸ ਦਾ ਅਨੁਮਾਨ ਮੈਂ ਨਹੀਂ ਲਾ ਸਕਦਾ, ਸਗੋਂ ਪਾਠਕਾਂ ਦੇ ਨਿਰਣੇ ਦੀ ਉਡੀਕ ਕਰਾਂਗਾ।

ਗਿਆਨੀ ਡਾ. ਭਜਨ ਸਿੰਘ

1

ਅਟਕ ਦਰਿਆ ਦੇ ਨਾਲ ਨਾਲ ਬਹੁਤ ਸਾਰੇ ਇਲਾਕੇ 'ਤੇ ਖ਼ਾਲਸਾ ਰਾਜ ਦੀਆਂ ਫ਼ੌਜਾਂ ਦਾ ਕਬਜ਼ਾ ਹੋ ਗਿਆ ਅਤੇ ਪੰਜਾਬ 'ਤੇ ਇਸ ਪਾਸਿਓਂ ਨਿੱਤ ਹੁੰਦੇ ਰਹੇ ਹਮਲੇ ਰੁਕ ਗਏ। ਦਰਿਆ ਪਾਰ ਦੇ ਪਠਾਣ ਇਸ ਗੱਲੋਂ ਬੜੇ ਔਖੇ ਸਨ ਕਿ ਪਹਿਲਾਂ ਤਾਂ ਉਹਨਾਂ ਦਾ ਜਦੋਂ ਜੀ ਕਰਦਾ ਸੀ ਦਰਿਆ ਟੱਪ ਕੇ ਪੰਜਾਬ ਨੂੰ ਲੁੱਟ ਲਿਆ ਕਰਦੇ ਸਨ, ਪਰ ਹੁਣ ਅਟਕ ਦਾ ਕਿਲ੍ਹਾ ਖ਼ਾਲਸਾ ਰਾਜ ਦੇ ਅਧੀਨ ਹੋਣ ਅਤੇ ਦਰਿਆ ਦੇ ਨਾਲ ਨਾਲ ਦੂਰ ਤਕ ਦੇ ਇਲਾਕੇ 'ਤੇ ਖ਼ਾਲਸਾ ਫ਼ੌਜਾਂ ਦਾ ਕਬਜ਼ਾ ਹੋ ਜਾਣ ਨਾਲ ਉਨ੍ਹਾਂ ਦਾ ਰਾਹ ਬੰਦ ਹੋ ਗਿਆ।

ਪਠਾਣ ਹਾਕਮਾਂ ਤੇ ਚਲਾਕ ਆਗੂਆਂ ਨੇ ਅਟਕ ਤੋਂ ਪਾਰਲੇ ਇਲਾਕੇ ਵਿਚ ਸਿੱਖਾਂ ਵਿਰੁੱਧ ਇਤਨਾ ਜ਼ਹਿਰੀਲਾ ਪ੍ਰਚਾਰ ਕੀਤਾ ਕਿ ਸਾਧਾਰਨ ਲੋਕੀਂ ਸੱਚਮੁੱਚ ਸਮਝਣ ਲੱਗ ਪਏ ਕਿ ਸਿਖ ਬੜੇ ਜ਼ਾਲਮ ਤੇ ਮਾੜੇ ਹੁੰਦੇ ਹਨ।

ਪਠਾਣੀ ਇਲਾਕੇ ਦੇ ਚੌਧਰੀਆਂ ਨੇ ਜਦ ਦੇਖਿਆ ਕਿ ਲੋਕਾਂ ਵਿਚ ਹੁਣ ਸਿੱਖਾਂ ਵਿਰੁੱਧ ਬੜਾ ਪ੍ਰਚਾਰ ਹੋ ਗਿਆ ਹੈ ਤਾਂ ਉਨ੍ਹਾਂ ਸਿੱਖਾਂ ਵਿਰੁੱਧ ਜੰਗੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਕਾਬਲ ਸਰਕਾਰ ਤੇ ਪਿਸ਼ਾਵਰ ਦੇ ਹਾਕਮ ਦੀ ਮਦਦ ਨਾਲ ਦਰਿਆ ਦੇ ਨਾਲ ਨਾਲ ਬੜਾ ਅਸਲਾ ਵੰਡਿਆ ਗਿਆ ਅਤੇ ਲੋਕਾਂ ਨੂੰ ਸਿੱਖਾਂ ਵਿਰੁੱਧ ਲੜਨ ਲਈ ਉਕਸਾਇਆ ਗਿਆ।

ਇਕ ਦਿਨ ਬਹੁਤ ਸਾਰੇ ਸਰਹੱਦੀ ਚੌਧਰੀਆਂ ਦਾ ਇਕ ਇਕੱਠ ਹੋਇਆ, ਜਿਸ ਵਿਚ ਸਿੱਖਾਂ ਦੀ ਵਧ ਰਹੀ ਤਾਕਤ 'ਤੇ ਸੋਚ-ਵਿਚਾਰ ਕੀਤੀ ਗਈ। ਅਖ਼ੀਰ ਫ਼ੈਸਲਾ ਹੋ ਗਿਆ ਕਿ ਦਰਿਆ ਦੇ ਨਾਲ ਨਾਲ ਗਸ਼ਤ ਕਰ ਰਹੀ ਖ਼ਾਲਸਾ ਰਾਜ ਦੀ ਫ਼ੌਜ 'ਤੇ ਹਮਲੇ ਕਰ ਕੇ ਨੁਕਸਾਨ ਪੁਚਾਇਆ ਜਾਏ ਅਤੇ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਜਾਣ ਕਿ ਖ਼ਾਲਸਾ ਫ਼ੌਜਾਂ ਇਹ ਇਲਾਕਾ ਖ਼ਾਲੀ ਕਰ ਦੇਣ। ਮੀਟਿੰਗ ਵਿਚ ਇਹ ਵੀ ਫ਼ੈਸਲਾ ਹੋ ਗਿਆ ਕਿ ਉਮਰ ਹਯਾਤ ਖਾਨ ਦੀ ਅਗਵਾਈ ਵਿਚ ਇਹ ਸਾਰਾ ਕੰਮ ਕੀਤਾ ਜਾਏ।

ਉਮਰ ਹਯਾਤ ਖਾਨ ਨੇ ਸਾਰੀ ਹਾਲਤ 'ਤੇ ਇਕਾਂਤ ਵਿਚ ਬੈਠ ਕੇ ਵਿਚਾਰ

ਕੀਤੀ ਅਤੇ ਅਖ਼ੀਰ ਇਸ ਸਿੱਟੇ 'ਤੇ ਪੁੱਜਾ ਕਿ ਖ਼ਾਲਸਾ ਫ਼ੌਜ ਨਾਲ ਸਿੱਧੀ ਟੱਕਰ ਨਹੀਂ ਲਈ ਜਾ ਸਕਦੀ, ਇਸ ਲਈ ਲੁਕ-ਛਿਪ ਕੇ ਗਸ਼ਤ ਕਰ ਰਹੀ ਫ਼ੌਜ ਉੱਤੇ ਹਮਲੇ ਕੀਤੇ ਜਾਣ। ਇਸ ਕੰਮ ਲਈ ਉਹਨੇ ਆਪਣੇ ਹਥਿਆਰਬੰਦ ਆਦਮੀਆਂ ਦੇ ਚਾਰ ਦਸਤੇ ਬਣਾ ਦਿੱਤੇ ਅਤੇ ਉਹਨਾਂ ਨੂੰ ਹੁਕਮ ਦਿੱਤਾ ਕਿ ਉਹ ਖ਼ਾਲਸਾ ਫ਼ੌਜ ਨਾਲ ਕਿਸੇ ਵੇਲੇ ਵੀ ਸਿੱਧੀ ਟੱਕਰ ਨਾ ਲੈਣ, ਸਗੋਂ ਛੁਪ ਕੇ ਗੁਰੀਲਾ ਢੰਗ ਨਾਲ ਹਮਲੇ ਕੀਤੇ ਜਾਣ ਅਤੇ ਫ਼ੌਜ ਨੂੰ ਨੁਕਸਾਨ ਪੁਚਾਇਆ ਜਾਵੇ।

ਸਰਹੱਦ ਨੇੜੇ ਖ਼ਾਲਸਾ ਫ਼ੌਜ 'ਤੇ ਹਮਲੇ ਸ਼ੁਰੂ ਹੋ ਗਏ। ਜਿੱਥੇ ਕਿਧਰੇ ਵੀ ਇੱਕਾ-ਦੁੱਕਾ ਫ਼ੌਜੀ ਮਿਲ ਜਾਂਦਾ, ਬਾਗ਼ੀ ਉਸ ਉੱਤੇ ਹਮਲਾ ਕਰ ਦਿੰਦੇ। ਇਕ ਦਿਨ ਵਿਚ ਹੀ ਅੱਧੀ ਦਰਜਨ ਫ਼ੌਜੀ ਮਾਰੇ ਗਏ। ਕਿਉਂਕਿ ਜਦੋਂ ਦਾ ਖ਼ਾਲਸਾ ਫ਼ੌਜਾਂ ਨੇ ਅਟਕ ਦੇ ਇਲਾਕੇ 'ਤੇ ਕਬਜ਼ਾ ਕੀਤਾ ਸੀ, ਕਦੇ ਕੋਈ ਹਮਲਾ ਨਹੀਂ ਸੀ ਹੋਇਆ ਤੇ ਕਿਸੇ ਨੇ ਫ਼ੌਜ ਦੇ ਸਾਹਮਣੇ ਆਉਣ ਦੀ ਜੁਰਅਤ ਨਹੀਂ ਸੀ ਕੀਤੀ, ਇਸੇ ਲਈ ਫ਼ੌਜੀ 'ਕੱਲੇ-ਦੁਕੱਲੇ, ਨਿਝੱਕ ਹੋ ਕੇ ਅਤੇ ਕਈ ਬਿਨਾਂ ਹਥਿਆਰਾਂ ਦੇ ਹੀ ਤੁਰੇ ਫਿਰਦੇ। ਜਦੋਂ ਇੱਕੋ ਦਿਨ ਅਚਾਨਕ ਹਮਲਿਆਂ ਦੀ ਇਤਲਾਹ ਮਿਲੀ ਤਾਂ ਅਟਕ ਦੇ ਕਿਲ੍ਹੇਦਾਰ ਨੇ ਹਰ ਪਾਸੇ ਫ਼ੌਜੀ ਦਸਤੇ ਭੇਜ ਦਿੱਤੇ ਤਾਕਿ ਇੱਕੜ-ਦੁੱਕੜ ਫ਼ੌਜੀ ਬਚਾਏ ਜਾ ਸਕਣ। ਅਸਲ ਵਿਚ ਇਸ ਤਰ੍ਹਾਂ ਹਮਲਿਆਂ ਨੂੰ ਪਹਿਲਾਂ ਤਾਂ ਮਹੱਤਤਾ ਨਾ ਦਿੱਤੀ ਗਈ, ਪਰ ਜਦ ਪੰਜ-ਛੇ ਘਟਨਾਵਾਂ ਵਾਪਰਨ ਦੀ ਇਤਲਾਹ ਮਿਲੀ ਤਾਂ ਫ਼ੌਜ ਦੇ ਮੁਖੀਆਂ ਨੂੰ ਫ਼ਿਕਰ ਪੈ ਗਿਆ।

ਖ਼ਾਲਸਾ ਫ਼ੌਜ ਦੇ ਦਸਤਿਆਂ ਨੂੰ ਸਰਹੱਦ ਦੇ ਨਾਲ ਨਾਲ ਪਹਿਰੇ ਲਈ ਭੇਜ ਦਿੱਤਾ ਗਿਆ। ਦੂਜੇ ਦਿਨ ਸਵੇਰੇ ਇਤਲਾਹ ਮਿਲੀ ਕਿ ਰਾਤ ਨੂੰ ਫ਼ੌਜ ਦੇ ਦਸ ਜੁਆਨਾਂ ਦਾ ਜੋ ਦਸਤਾ ਕਿਲ੍ਹਾ ਅਟਕ ਦੇ ਸੱਜੇ ਪਾਸੇ ਵੱਲ ਭੇਜਿਆ ਗਿਆ ਸੀ, ਉਹ ਸਾਰਾ ਮਾਰ ਦਿੱਤਾ ਗਿਆ ਹੈ। ਜਦ ਬਹੁਤ ਸਾਰੀ ਫ਼ੌਜ ਉਸ ਪਾਸੇ ਭੇਜੀ ਗਈ ਤਾਂ ਸਾਰੀਆਂ ਲਾਸ਼ਾਂ ਵੀ ਮਿਲ ਗਈਆਂ। ਬਹੁਤ ਸਾਰੇ ਫ਼ੌਜੀਆਂ ਨੂੰ ਗੋਲੀਆਂ ਵੱਜੀਆਂ ਹੋਈਆਂ ਸਨ ਅਤੇ ਫਿਰ ਤਲਵਾਰ ਤੇ ਬਰਛੇ ਦੇ ਫੱਟ ਵੀ ਪਏ ਹੋਏ ਸਨ ਪਰ ਇਹਨਾਂ ਫੱਟਾਂ 'ਚੋਂ ਬਹੁਤਾ ਲਹੂ ਨਹੀਂ ਸੀ ਵਗਿਆ। ਇਸ ਤੋਂ ਇਹ ਅੰਦਾਜ਼ਾ ਲਾਇਆ ਗਿਆ ਕਿ ਪਹਿਲਾਂ ਫ਼ੌਜੀਆਂ ਨੂੰ ਗੋਲੀਆਂ ਨਾਲ ਮਾਰਿਆ ਗਿਆ ਹੈ ਤੇ ਜਦੋਂ ਉਹ ਨਿਢਾਲ ਹੋ ਕੇ ਡਿੱਗ ਪਏ ਤਾਂ ਫਿਰ ਤਲਵਾਰ ਤੇ ਬਰਛੇ ਨਾਲ ਉਨ੍ਹਾਂ ਦੇ ਸਰੀਰਾਂ ਉੱਤੇ ਜ਼ਖ਼ਮ ਕੀਤੇ ਗਏ ਹਨ।

ਮਹਾਰਾਜਾ ਰਣਜੀਤ ਸਿੰਘ ਕੁਦਰਤੀ ਇਨ੍ਹਾਂ ਦਿਨਾਂ ਵਿਚ ਪੋਠੋਹਾਰ ਦਾ ਦੌਰਾ ਕਰ ਕੇ ਅਟਕ ਵੀ ਪੁੱਜਿਆ। ਇਥੇ ਉਸ ਨੂੰ ਖ਼ਾਲਸਾ ਫ਼ੌਜ 'ਤੇ ਹੋਏ ਹਮਲਿਆਂ ਅਤੇ ਮਾਰੇ ਗਏ ਦਸਤੇ ਦੀ ਹਿਰਦੇ-ਵੇਧਕ ਖ਼ਬਰ ਮਿਲੀ।

ਮਹਾਰਾਜਾ ਰਣਜੀਤ ਸਿੰਘ ਆਪਣੀ ਫ਼ੌਜ ਨੂੰ ਬੜਾ ਪਿਆਰ ਕਰਦਾ ਸੀ। ਉਹਦਾ ਸੁਭਾਅ ਸੀ ਕਿ ਉਹ ਰਾਤ ਨੂੰ ਵਿਹਲਾ ਹੋ ਕੇ ਫ਼ੌਜੀ ਕੈਂਪਾਂ ਵਿਚ ਲੰਘ ਜਾਂਦਾ ਅਤੇ ਫ਼ੌਜ ਦੇ ਜੁਆਨਾਂ ਨਾਲ ਕਿੰਨਾ ਕਿੰਨਾ ਚਿਰ ਬੈਠ ਕੇ ਗੱਲਾਂ ਕਰਦਾ ਰਹਿੰਦਾ। ਇਸ ਨਾਲ ਫ਼ੌਜੀਆਂ ਦੇ ਦਿਲਾਂ ਵਿਚ ਵੀ ਮਹਾਰਾਜਾ ਰਣਜੀਤ ਸਿੰਘ ਲਈ ਬੜੀ ਇੱਜ਼ਤ ਵਧ ਗਈ। ਜਦ ਵੀ ਕਿਸੇ ਫ਼ੌਜੀ ਨੂੰ ਕੋਈ ਤਕਲੀਫ਼ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਉਹਦਾ ਦੁੱਖ ਮਹਿਸੂਸ ਕਰਦਾ ਤੇ ਯਤਨ ਕਰਦਾ ਕਿ ਜਿਸ ਤਰ੍ਹਾਂ ਵੀ ਹੋਵੇ ਫ਼ੌਜੀਆਂ ਨੂੰ ਕੋਈ ਤਕਲੀਫ਼ ਨਾ ਰਹੇ। ਹੁਣ ਜਦ ਉਹਨੂੰ ਫ਼ੌਜ ਦੇ ਜੁਆਨਾਂ ਦੀ ਮੌਤ ਦੀ ਖ਼ਬਰ ਮਿਲੀ ਤਾਂ ਮਹਾਰਾਜਾ ਰਣਜੀਤ ਸਿੰਘ ਬੜਾ ਦੁਖੀ ਹੋਇਆ। ਉਸ ਨੇ ਝਟ-ਪਟ ਉਹਨਾਂ ਸਾਰੇ ਫ਼ੌਜੀ ਮੁਖੀਆਂ ਦਾ ਇਕੱਠ ਸੱਦਿਆ, ਜਿਨ੍ਹਾਂ ਨੂੰ ਅਟਕ ਤੇ ਉਹਦੇ ਆਸ-ਪਾਸ ਦੇ ਇਲਾਕਿਆਂ ਦਾ ਕੰਮ ਸੌਂਪਿਆ ਗਿਆ ਸੀ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਮਹਾਰਾਜੇ ਨੇ ਕਿਹਾ :

"ਪੰਜਾਬ ਦੇ ਬਹਾਦਰ ਸੂਰਬੀਰੋ! ਮੈਨੂੰ ਇਹ ਸੁਣ ਕੇ ਬੜਾ ਦੁਖ ਹੋਇਆ ਹੈ ਕਿ ਸਾਡੇ ਬੁਜ਼ਦਿਲ ਵੈਰੀਆਂ ਨੇ ਸਿੱਧੀ ਤਰ੍ਹਾਂ ਮੈਦਾਨ ਵਿਚ ਨਿਕਲ ਕੇ ਸਾਡੀ ਫ਼ੌਜ ਨਾਲ ਟੱਕਰ ਲੈਣ ਦੀ ਥਾਂ ਲੁਕ-ਛਿਪ ਕੇ ਹਮਲੇ ਕਰਨੇ ਅਤੇ ਇੱਕਾ-ਦੁੱਕਾ ਬੰਦਿਆਂ ਨੂੰ ਮਾਰਨ ਦਾ ਯਤਨ ਕੀਤਾ ਹੈ। ਇਹ ਕੇਵਲ ਪੰਦਰਾਂ-ਵੀਹ ਬੰਦਿਆਂ ਦੀ ਜ਼ਿੰਦਗੀ ਦਾ ਹੀ ਸਵਾਲ ਨਹੀਂ, ਸਗੋਂ ਮੈਂ ਇਸ ਦੁਰਘਟਨਾ ਨੂੰ ਬੜੀ ਮਹੱਤਤਾ ਦਿੰਦਾ ਹਾਂ। ਮੇਰਾ ਖ਼ਿਆਲ ਹੈ ਕਿ ਇਹ ਹਮਲਾ ਆਮ ਲੋਕਾਂ ਵੱਲੋਂ ਨਹੀਂ ਹੋ ਰਿਹਾ, ਸਗੋਂ ਇਹਦੇ ਪਿੱਛੇ ਕੋਈ ਡੂੰਘੀ ਚਾਲ ਹੈ। ਆਮ ਲੋਕਾਂ ਦਾ ਏਨਾ ਹੌਸਲਾ ਨਹੀਂ ਪੈ ਸਕਦਾ ਕਿ ਉਹ ਫ਼ੌਜ ਦੇ ਗਲ ਪੈਣ। ਇਹ ਹਮਲੇ ਜ਼ਰੂਰ ਕਾਬਲ ਸਰਕਾਰ ਨੇ ਜਾਂ ਪਿਸ਼ਾਵਰ ਦੇ ਹਾਕਮ ਨੇ ਕਰਵਾਏ ਹਨ। ਸਾਨੂੰ ਇਸ ਬਾਰੇ ਪਹਿਲਾਂ ਹੀ ਸੁਚੇਤ ਰਹਿਣਾ ਚਾਹੀਦਾ ਸੀ। ਜੇਕਰ ਪਹਿਲਾਂ ਨਹੀਂ ਹੋ ਸਕਿਆ ਤਾਂ ਹੁਣ ਹੀ ਕੁਝ ਕਰਨਾ ਚਾਹੀਦਾ ਹੈ।"

"ਮੈਂ ਇਸ ਬਾਰੇ ਬੜੀ ਸੋਚ-ਵਿਚਾਰ ਕੀਤੀ ਏ ਤੇ ਮੇਰਾ ਵਿਚਾਰ ਹੈ ਕਿ ਸਾਨੂੰ ਇਹਨਾਂ ਫ਼ੌਜੀਆਂ ਦੀ ਮੌਤ ਦਾ ਬਦਲਾ ਜ਼ਰੂਰ ਲੈਣਾ ਚਾਹੀਦਾ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸਾਡਾ ਰੋਅਬ ਖ਼ਤਮ ਹੋ ਜਾਵੇਗਾ। ਸਾਡੀਆਂ ਆਸਾਂ ਸਿਰੇ ਨਹੀਂ ਚੜ੍ਹਨਗੀਆਂ ਤੇ ਅਸੀਂ ਖ਼ਾਲਸਾ ਰਾਜ ਦੀਆਂ ਹੱਦਾਂ ਜਿੱਥੋਂ ਤਕ ਲੈ ਜਾਣਾ ਚਾਹੁੰਦੇ ਹਾਂ, ਨਹੀਂ ਲਿਜਾ ਸਕਾਂਗੇ," ਇਕ ਸਰਦਾਰ ਨੇ ਕਿਹਾ।

"ਕੋਈ ਠੋਸ ਰਾਏ ਦੱਸੋ ਕਿ ਕਰਨਾ ਕੀ ਚਾਹੀਦਾ ਹੈ ?" ਮਹਾਰਾਜਾ ਰਣਜੀਤ ਸਿੰਘ ਨੇ ਪੁੱਛਿਆ।

"ਮੇਰੀ ਰਾਏ ਹੈ ਕਿ ਸਾਨੂੰ ਇਸ ਇਲਾਕੇ ਨੂੰ ਚੰਗੀ ਤਰ੍ਹਾਂ ਸੋਧਣਾ ਚਾਹੀਦਾ ਹੈ

ਤਾਕਿ ਅੱਗੋਂ ਕੋਈ ਸਾਡੇ 'ਤੇ ਹਮਲਾ ਕਰਨ ਦਾ ਹੌਸਲਾ ਨਾ ਕਰ ਸਕੇ," ਸਰਦਾਰ ਬੋਲਿਆ।

"ਨਹੀਂ, ਮੈਂ ਇਸ ਰਾਏ ਨਾਲ ਸਹਿਮਤ ਨਹੀਂ," ਦੂਜੇ ਸਰਦਾਰ ਨੇ ਕਿਹਾ, "ਪਤਾ ਨਹੀਂ ਕਸੂਰ ਕਿਸ ਦਾ ਹੈ ਤੇ ਸਜ਼ਾ ਕਿਸੇ ਹੋਰ ਨੂੰ ਮਿਲ ਜਾਏ। ਜਿਨ੍ਹਾਂ ਦਾ ਇਸ ਮਾਮਲੇ ਵਿਚ ਕੋਈ ਦੋਸ਼ ਨਹੀਂ, ਉਹਨਾਂ ਨੂੰ ਮਾਰਨਾ ਕੋਈ ਚੰਗਾ ਨਹੀਂ ਹੋਵੇਗਾ। ਇਸ ਤਰ੍ਹਾਂ ਲੋਕੀਂ ਸਾਡੇ ਵਿਰੁੱਧ ਹੋ ਜਾਣਗੇ। ਅੱਗੇ ਹੀ ਸਾਡੇ ਵਿਰੁੱਧ ਬੜਾ ਜ਼ਹਿਰੀਲਾ ਪ੍ਰਚਾਰ ਹੋ ਚੁੱਕਿਆ ਏ।"

"ਫਿਰ ਤੁਸੀਂ ਕੋਈ ਸਲਾਹ ਦਿਓ," ਪਹਿਲੇ ਸਰਦਾਰ ਨੇ ਕਿਹਾ।

"ਮੇਰਾ ਖ਼ਿਆਲ ਹੈ ਕਿ ਸਾਨੂੰ ਪਹਿਲਾਂ ਹਮਲਾ ਕਰਨ ਵਾਲਿਆਂ ਵਿਚੋਂ ਕਿਸੇ ਨੂੰ ਫੜਨਾ ਚਾਹੀਦਾ ਹੈ ਤੇ ਫਿਰ ਉਸ ਪਾਸੋਂ ਪਤਾ ਲੱਗ ਸਕਦਾ ਹੈ ਕਿ ਇਸ ਸਾਜ਼ਸ਼ ਦਾ ਮੁੱਢ ਕਿੱਥੋਂ ਬੱਝਾ ਹੈ। ਜਦ ਤਕ ਅਸੀਂ ਸ਼ਰਾਰਤ ਦੀਆਂ ਜੜ੍ਹਾਂ ਤਕ ਨਹੀਂ ਜਾਂਦੇ, ਅਸੀਂ ਕੁਝ ਨਹੀਂ ਕਰ ਸਕਦੇ," ਦੂਜੇ ਸਰਦਾਰ ਨੇ ਦੱਸਿਆ।

"ਇਹ ਠੀਕ ਏ ਪਰ ਜੇਕਰ ਕੋਈ ਹਮਲਾਵਰ ਕਾਬੂ ਨਹੀਂ ਆਉਂਦਾ ਤਾਂ ਇਹਦਾ ਮਤਲਬ ਇਹ ਨਹੀਂ ਕਿ ਅਸੀਂ ਕੁਝ ਕਰੀਏ ਹੀ ਨਾ, ਇਸ ਤਰ੍ਹਾਂ ਤਾਂ ਅਸੀਂ ਜਿਊ ਨਹੀਂ ਸਕਦੇ ਇੱਥੇ," ਪਹਿਲੇ ਸਰਦਾਰ ਨੇ ਕਿਹਾ।

"ਮੈਨੂੰ ਪਤਾ ਲੱਗਾ ਏ ਕਿ ਕਾਬਲ ਤੇ ਪਿਸ਼ਾਵਰ ਦੇ ਇਸ਼ਾਰੇ 'ਤੇ ਹੋਇਆ ਏ। ਮੇਰੀ ਇਹ ਵੀ ਇਤਲਾਹ ਏ ਕਿ ਇਸ ਬਾਰੇ ਪਹਿਲਾਂ ਇੱਕ ਇਕੱਠ ਹੋਇਆ ਸੀ ਜਿਸ ਵਿਚ ਉਮਰ ਹਯਾਤ ਖ਼ਾਨ ਨੂੰ ਸਿੱਖਾਂ ਵਿਰੁੱਧ ਇਸ ਮੁਹਿੰਮ ਦਾ ਚੌਧਰੀ ਨਿਯਤ ਕੀਤਾ ਗਿਆ ਏ ਅਤੇ ਉਸ ਦੀ ਅਗਵਾਈ ਵਿਚ ਹੀ ਤਿਆਰੀਆਂ ਕਰ ਕੇ ਇਹ ਸਭ ਕੁਝ ਵਾਪਰਿਆ ਏ," ਇਕ ਹੋਰ ਸਰਦਾਰ ਨੇ ਦੱਸਿਆ।

"ਤੁਸੀਂ ਪਹਿਲਾਂ ਕਿਉਂ ਨਹੀਂ ਇਹ ਕੁਝ ਦੱਸਿਆ ?" ਮਹਾਰਾਜਾ ਰਣਜੀਤ ਸਿੰਘ ਨੇ ਬੜੀ ਹੈਰਾਨੀ ਨਾਲ ਪੁੱਛਿਆ।

"ਮੈਨੂੰ ਇਹ ਹੁਣੇ ਪਤਾ ਆਇਆ ਏ ਅਤੇ ਇਹ ਇਤਲਾਹ ਕੋਈ ਬਹੁਤੀ ਭਰੋਸੇ ਯੋਗ ਵਸੀਲੇ ਤੋਂ ਨਹੀਂ ਆਈ, ਜਿਸ 'ਤੇ ਮੈਂ ਝਟ ਕੇ ਕੁਝ ਕਹਿ ਸਕਾਂ," ਸਰਦਾਰ ਨੇ ਦੱਸਿਆ।

"ਇਹਦਾ ਮਤਲਬ ਤਾਂ ਇਹ ਹੋਇਆ ਕਿ ਸਾਨੂੰ ਇਸ ਬਾਰੇ ਕੋਈ ਅਜਿਹਾ ਪ੍ਰਬੰਧ ਕਰਨਾ ਚਾਹੀਦਾ ਹੈ ਕਿ ਇਹ ਇਤਲਾਹ ਭਰੋਸੇ ਯੋਗ ਬਣ ਜਾਏ," ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, "ਮੈਨੂੰ ਤੁਹਾਡੀ ਗੱਲ ਵਿਚੋਂ ਇਕ ਗੱਲ ਲੱਭੀ ਏ ਕਿ ਸਾਨੂੰ ਉਸ ਇਲਾਕੇ ਵਿਚ ਆਪਣੇ ਸੂਹੀਏ ਛੱਡਣੇ ਚਾਹੀਦੇ ਹਨ, ਜੋ ਪੂਰਾ ਪਤਾ ਰੱਖਣ। ਜਦ ਤਕ ਇਹ ਪ੍ਰਬੰਧ

ਨਹੀਂ ਕੀਤਾ ਜਾਂਦਾ, ਉਸ ਸਮੇਂ ਤਕ ਸਾਨੂੰ ਬਾਗ਼ੀਆਂ ਦੀਆਂ ਸਰਗਰਮੀਆਂ, ਤਿਆਰੀਆਂ ਤੇ ਚਾਲਾਂ ਦਾ ਪਤਾ ਨਹੀਂ ਲੱਗ ਸਕਦਾ। ਇਹ ਸਾਡੀ ਇਕ ਕਮਜ਼ੋਰੀ ਰਹੀ ਹੈ, ਨਹੀਂ ਤੇ, ਜਦੋਂ ਉਮਰ ਹਯਾਤ ਖਾਨ ਚੌਧਰੀ ਚੁਣਿਆ ਗਿਆ ਅਤੇ ਇਤਨਾ ਵੱਡਾ ਇਕੱਠ ਹੋਇਆ, ਤਾਂ ਸਾਨੂੰ ਇਸ ਦਾ ਪਤਾ ਲੱਗ ਜਾਂਦਾ। ਫਿਰ ਅਸੀਂ ਮਾਰ ਨਹੀਂ ਸਾਂ ਖਾ ਸਕਦੇ।"

"ਸਰਕਾਰ ਦੀ ਇਹ ਗੱਲ ਬਿਲਕੁਲ ਠੀਕ ਏ ਕਿ ਸਾਨੂੰ ਸੂਹੀਏ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਜਦ ਤਕ ਅਸੀਂ ਅਜਿਹਾ ਪ੍ਰਬੰਧ ਨਹੀਂ ਕਰਦੇ, ਉਦੋਂ ਤਕ ਦੁਸ਼ਮਣ ਦੀਆਂ ਸਾਜ਼ਸ਼ਾਂ ਦਾ ਪਤਾ ਨਹੀਂ ਲੱਗ ਸਕੇਗਾ। ਤੇ ਪਤਾ ਉਦੋਂ ਹੀ ਲੱਗੇਗਾ ਜਦ ਕੋਈ ਭਾਣਾ ਵਰਤ ਜਾਇਆ ਕਰੇਗਾ," ਇਕ ਸਰਦਾਰ ਨੇ ਕਿਹਾ।

"ਮੈਂ ਵੀ ਇਸ ਨਾਲ ਸਹਿਮਤ ਹਾਂ, ਪਰ ਮੈਂ ਸਮਝਦਾ ਹਾਂ ਕਿ ਸਾਨੂੰ ਸੂਹੀਆ ਇਸ ਇਲਾਕੇ ਦਾ ਹੀ ਰੱਖਣਾ ਪਵੇਗਾ, ਨਹੀਂ ਤੇ ਸਿੱਖ ਤਾਂ ਝੱਟ ਪਛਾਣਿਆ ਜਾਵੇਗਾ। ਉਹਦੇ ਲਈ ਫਿਰਨਾ ਤੇ ਪਤਾ ਕਰਨਾ ਔਖਾ ਹੈ," ਦੂਜੇ ਨੇ ਸਲਾਹ ਦਿੱਤੀ।

"ਬੰਦਾ ਇਕ ਛੱਡਿਆਂ ਤਾਂ ਕੁਝ ਨਹੀਂ ਬਣੇਗਾ। ਇਹਦੇ ਲਈ ਤਾਂ ਬਹੁਤ ਸਾਰੇ ਆਦਮੀ ਰੱਖਣੇ ਪੈਣਗੇ," ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, "ਇਸ ਇਲਾਕੇ ਵਿਚੋਂ ਏਨੇ ਬੰਦੇ ਨਹੀਂ ਮਿਲ ਸਕਦੇ। ਦੋ-ਚਾਰ ਤਾਂ ਨੌਕਰ ਰੱਖੇ ਜਾ ਸਕਦੇ ਹਨ, ਪਰ ਫਿਰ ਵੀ ਆਪਣਾ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ।"

"ਫਿਰ ਇਸ ਤਰ੍ਹਾਂ ਕਰ ਲਓ ਕਿ ਜਿਤਨੇ ਆਦਮੀ ਇਸ ਇਲਾਕੇ ਵਿਚੋਂ ਇਸ ਕੰਮ ਲਈ ਮਿਲ ਸਕਣ, ਉਹਨਾਂ ਨੂੰ ਨੌਕਰ ਰੱਖ ਲਿਆ ਜਾਏ ਅਤੇ ਬਾਕੀ ਕੁਝ ਮੁਸਲਮਾਨ ਤੇ ਹਿੰਦੂ ਪੰਜਾਬ ਵਿਚੋਂ ਭੇਜੇ ਜਾ ਸਕਦੇ ਹਨ। ਇਹ ਕੰਮ ਆਮ ਆਦਮੀ ਦਾ ਤਾਂ ਹੈ ਨਹੀਂ, ਇਸ ਲਈ ਸਿਖਲਾਈ ਦੀ ਲੋੜ ਏ," ਇਕ ਸਰਦਾਰ ਨੇ ਕਿਹਾ।

"ਫਿਰ ਇਉਂ ਕਰ ਲਓ ਕਿ ਭਾਗ ਸਿੰਘ ਨੂੰ ਇਹ ਕੰਮ ਸੌਂਪ ਦਿਓ। ਸਾਡੇ ਕੋਲ ਇਸ ਕੰਮ ਲਈ ਉਸ ਤੋਂ ਵੱਧ ਸਿਆਣਾ ਹੋਰ ਕੋਈ ਆਦਮੀ ਨਹੀਂ। ਇਹ ਉਹਦਾ ਕੰਮ ਏ ਕਿ ਉਹ ਪ੍ਰਬੰਧ ਕਰੇ ਕਿ ਕਿਸ ਤਰ੍ਹਾਂ ਉਹ ਹਰ ਇਤਲਾਹ ਇਕੱਠੀ ਕਰ ਸਕਦਾ ਹੈ," ਦੂਜੇ ਨੇ ਸੁਝਾਓ ਦਿੱਤਾ।

"ਫਿਰ ਭਾਗ ਸਿੰਘ ਨੂੰ ਸੱਦ ਕੇ ਪੁੱਛ ਲਓ ਕਿ ਉਹ ਇਹ ਭਾਰ ਚੁੱਕਣ ਲਈ ਤਿਆਰ ਏ ? ਜੇ ਉਹ ਇਸ ਲਈ ਤਿਆਰ ਹੋ ਜਾਏ ਤਾਂ ਇਹ ਕੰਮ ਉਹਦੇ ਲਈ ਕੋਈ ਔਖਾ ਨਹੀਂ," ਤੀਜਾ ਸਰਦਾਰ ਬੋਲਿਆ।

"ਗੱਲ ਇਹ ਜਚਦੀ ਏ, ਭਾਗ ਸਿੰਘ ਨੇ ਅੱਗੇ ਕਸ਼ਮੀਰ ਵੱਲ ਜਿਹੜਾ ਕੰਮ ਕੀਤਾ ਏ, ਉਸ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਹਾਂ," ਮਹਾਰਾਜਾ ਰਣਜੀਤ ਸਿੰਘ ਨੇ ਕਿਹਾ।

ਉਸੇ ਵੇਲੇ ਭਾਗ ਸਿੰਘ ਨੂੰ ਸੱਦਿਆ ਗਿਆ। ਇਹ ਆਮ ਤੌਰ 'ਤੇ ਮਹਾਰਾਜਾ

ਰਣਜੀਤ ਸਿੰਘ ਦੇ ਨਾਲ ਰਿਹਾ ਕਰਦਾ ਸੀ। 1819 ਵਿਚ ਜਦ ਕਸ਼ਮੀਰ ਉੱਤੇ ਖ਼ਾਲਸਾ ਫ਼ੌਜ ਨੇ ਪਹਿਲੀ ਵਾਰ ਚੜ੍ਹਾਈ ਕੀਤੀ ਤਾਂ ਉਸ ਸਮੇਂ ਭਾਗ ਸਿੰਘ ਦੀ ਸਿਆਣਪ ਨਾਲ ਹੀ ਫ਼ਤਹਿ ਖ਼ਾਨ ਬਾਰਕਜ਼ਈ ਦੀ ਚਾਲ ਫ਼ੇਲ੍ਹ ਹੋਈ ਸੀ ਤੇ ਸ਼ਾਹ ਸੁਜਾਹ ਕਾਬਲ ਦੇ ਰਾਜੇ ਨੂੰ ਬਚਾ ਕੇ ਲਾਹੌਰ ਲੈ ਆਂਦਾ ਗਿਆ ਸੀ। ਏਸੇ ਦੀ ਸਿਆਣਪ ਕਰਕੇ ਪਿਛੋਂ ਜਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਖ਼ਾਸ ਨਿਕਟ-ਵਰਤੀ ਬਣਾ ਲਿਆ। ਜਦੋਂ ਵੀ ਕੋਈ ਝਗੜਾ ਜਾਂ ਮਸਲਾ ਪੇਸ਼ ਆਉਂਦਾ ਤਾਂ ਮਹਾਰਾਜਾ ਰਣਜੀਤ ਸਿੰਘ ਭਾਗ ਸਿੰਘ ਨੂੰ ਸੱਦ ਕੇ ਕਹਿ ਦਿੰਦਾ ਅਤੇ ਭਾਗ ਸਿੰਘ ਉਸ ਮਸਲੇ ਦੀ ਸਾਰੀ ਅਸਲੀਅਤ ਲੱਭ ਕੇ ਲੈ ਆਉਂਦਾ, ਜਿਸ 'ਤੇ ਮਹਾਰਾਜੇ ਨੂੰ ਅੱਗੋਂ ਫ਼ੈਸਲਾ ਕਰਨ ਵਿਚ ਬੜੀ ਸਹੂਲਤ ਰਹਿੰਦੀ।

ਮਹਾਰਾਜਾ ਰਣਜੀਤ ਸਿੰਘ ਨੂੰ ਭਾਵੇਂ ਭਾਗ ਸਿੰਘ ਦੀ ਬੜੀ ਲੋੜ ਸੀ, ਪਰ ਇਸ ਇਲਾਕੇ ਦਾ ਮਸਲਾ ਵੀ ਬੇਹੱਦ ਜ਼ਰੂਰੀ ਸੀ, ਇਸ ਲਈ ਉਹਨੂੰ ਇਧਰ ਲਾਉਣ ਦਾ ਫ਼ੈਸਲਾ ਕਰ ਦਿੱਤਾ ਗਿਆ।

ਭਾਗ ਸਿੰਘ ਨੇ ਆਉਂਦਿਆਂ ਝੁਕ ਕੇ ਸਤਿਕਾਰ ਪ੍ਰਗਟ ਕੀਤਾ ਤੇ ਫ਼ਤਹਿ ਬੁਲਾਈ। ਮਹਾਰਾਜਾ ਰਣਜੀਤ ਸਿੰਘ ਨੇ ਉਹਨੂੰ ਕਿਹਾ, "ਭਾਗ ਸਿੰਘ, ਮੈਂ ਤੁਹਾਨੂੰ ਅਟਕ ਦੇ ਇਲਾਕੇ ਵਿਚ ਲਾਉਣਾ ਚਾਹੁੰਦਾ ਹਾਂ, ਕਿਉਂਕਿ ਉਥੇ ਸਾਡੇ ਦੁਸ਼ਮਣਾਂ ਦੀਆਂ ਸਰਗਰਮੀਆਂ ਜਾਣਨ ਦਾ ਕੋਈ ਯੋਗ ਵਸੀਲਾ ਨਹੀਂ।"

"ਜੇ ਸਰਕਾਰ ਦੀ ਇਹੀ ਮਰਜ਼ੀ ਏ ਤਾਂ ਮੈਨੂੰ ਕੀ ਇਤਰਾਜ਼ ਹੋ ਸਕਦਾ ਏ, ਮੈਂ ਤਾਂ ਸੇਵਾ ਹੀ ਕਰਨੀ ਏਂ, ਜਿੱਥੇ ਜੀ ਕਰੇ ਲਾ ਦਿਓ," ਭਾਗ ਸਿੰਘ ਨੇ ਕਿਹਾ।

"ਸ਼ਾਬਾਸ਼! ਮੈਨੂੰ ਤੁਹਾਡੇ ਤੋਂ ਇਹੀ ਆਸ ਸੀ। ਤੁਸੀਂ ਅੱਜ ਹੀ ਇਹ ਕੰਮ ਸੰਭਾਲ ਲਓ। ਇਹ ਤੁਹਾਡਾ ਕੰਮ ਏ ਕਿ ਤੁਸੀਂ ਨਾਲ ਕਿਤਨੇ ਆਦਮੀ ਰੱਖਣੇ ਹਨ ਤੇ ਕਿਹੜਾ ਕਿਹੜਾ ਰੱਖਣਾ ਹੈ। ਸਾਨੂੰ ਤਾਂ ਇਤਲਾਹ ਪੂਰੀ ਚਾਹੀਦੀ ਏ, ਖ਼ਰਚ ਦਾ ਫ਼ਿਕਰ ਨਾ ਕਰਨਾ। ਅਸੀਂ ਤੁਹਾਡੀ ਮਰਜ਼ੀ ਦਾ ਯੋਗ ਖ਼ਰਚ ਕਰਨ ਲਈ ਤਿਆਰ ਹਾਂ," ਮਹਾਰਾਜਾ ਰਣਜੀਤ ਸਿੰਘ ਨੇ ਕਿਹਾ।

"ਬਹੁਤ ਅੱਛਾ, ਸਰਕਾਰ!" ਭਾਗ ਸਿੰਘ ਨੇ ਕਿਹਾ, "ਮੈਂ ਅੱਜ ਹੀ ਇਸ ਬਾਰੇ ਵਿਉਂਤ ਬਣਾ ਕੇ ਕੰਮ ਸ਼ੁਰੂ ਕਰ ਦਿੰਦਾ ਹਾਂ। ਇਸ ਇਲਾਕੇ ਵਿਚ ਕੰਮ ਕਰਨਾ, ਹੈ ਤਾਂ ਕਠਿਨ, ਪਰ ਕਰਨਾ ਜ਼ਰੂਰੀ ਏ।"

"ਮੈਨੂੰ ਪਤਾ ਏ," ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, "ਪਰ ਮੈਨੂੰ ਇਹ ਵੀ ਯਕੀਨ ਏ ਕਿ ਭਾਗ ਸਿੰਘ ਲਈ ਕੋਈ ਕੰਮ ਔਖਾ ਨਹੀਂ ਹੋ ਸਕਦਾ।" ਮਹਾਰਾਜਾ ਰਣਜੀਤ ਸਿੰਘ ਨੇ ਭਾਗ ਸਿੰਘ ਦੀ ਕੰਡ 'ਤੇ ਥਾਪੀ ਦਿੱਤੀ ਅਤੇ ਉਹ ਫ਼ਤਹਿ ਬੁਲਾ ਕੇ ਚਲਾ ਗਿਆ।

2

ਨੌਸ਼ਹਿਰੇ ਦੇ ਨੇੜੇ ਇਕ ਨਿੱਕਾ ਜਿਹਾ ਦਰਿਆ ਲੁੰਡਾ ਵਗਦਾ ਏ, ਜੋ ਪਹਾੜੀ ਇਲਾਕੇ ਵਿਚੋਂ ਲੰਘਦਾ ਹੋਣ ਕਾਰਨ ਬਹੁਤ ਤੇਜ਼ ਹੁੰਦਾ ਹੈ। ਭਾਵੇਂ ਆਮ ਤੌਰ 'ਤੇ ਦਰਿਆ ਦਾ ਪਾਣੀ ਖ਼ਤਰਨਾਕ ਨਹੀਂ ਹੁੰਦਾ ਪਰ ਜਦੋਂ ਕਿਧਰੇ ਵਧੇਰੇ ਮੀਂਹ ਪੈਣ ਦੇ ਕਾਰਨ ਪਿਛੋਂ ਪਾਣੀ ਦਾ ਹੜ੍ਹ ਆ ਜਾਏ ਤਾਂ ਫਿਰ ਉਸ ਸਮੇਂ ਅਟਕ ਦਰਿਆ ਵਾਂਗ ਇਸ ਨੂੰ ਪਾਰ ਕਰਨਾ ਵੀ ਔਖਾ ਹੋ ਜਾਂਦਾ ਏ।

ਸ਼ਹਿਰ ਦੇ ਬਾਹਰਵਾਰ ਫ਼ੌਜੀਆਂ ਦੇ ਕੈਂਪ ਲੱਗੇ ਹੋਏ ਸਨ। ਸਾਰੇ ਪਠਾਣੀ ਇਲਾਕੇ ਵਿਚੋਂ ਫ਼ੌਜੀ ਭਰਤੀ ਕਰ ਕੇ ਇੱਥੇ ਲਿਆਂਦੇ ਜਾ ਰਹੇ ਸਨ। ਇਥੋਂ ਫਿਰ ਅੱਗੇ ਸਿਖਲਾਈ ਦੇ ਕੇ ਅਟਕ ਦਰਿਆ ਦੇ ਨੇੜੇ ਨੇੜੇ ਭੇਜੇ ਜਾਂਦੇ ਸਨ।

ਉਮਰ ਹਯਾਤ ਖ਼ਾਨ ਦੀ ਅਗਵਾਈ ਵਿਚ ਇਹ ਸਾਰਾ ਕੰਮ ਹੋ ਰਿਹਾ ਸੀ। ਇਸ ਲਈ ਉਹਨੂੰ ਦਿਨ-ਰਾਤ ਵਿਹਲ ਨਹੀਂ ਸੀ ਮਿਲਦੀ। ਪਹਿਲਾਂ ਤਾਂ ਕਿੰਨੇ ਦਿਨ ਉਹ ਘਰ ਹੀ ਨਾ ਜਾ ਸਕਿਆ ਤੇ ਫਿਰ ਉਸ ਟੱਬਰ ਨੂੰ ਵੀ ਨਾਲ ਹੀ ਲੈ ਆਂਦਾ। ਉਹਦੇ ਘਰ ਭਾਵੇਂ ਦਸ ਬੱਚੇ ਹੋਏ ਪਰ ਉਨ੍ਹਾਂ ਵਿਚੋਂ ਸਿਰਫ਼ ਤਿੰਨ ਬੱਚੇ ਜਿਊਂਦੇ ਰਹੇ। ਸਭ ਤੋਂ ਵੱਡਾ ਪੁੱਤਰ ਸੀ ਜੋ ਹੁਣ ਇਸ ਵੇਲੇ ਭਰ ਜੁਆਨੀ ਵਿਚ ਪਹੁੰਚ ਗਿਆ ਸੀ ਤੇ ਪਿਉ ਦੇ ਨਾਲ ਮੈਦਾਨ ਵਿਚ ਡਟਦਾ ਸੀ। ਦੂਜਾ ਪੁੱਤਰ ਸਿਰਫ਼ ਚਾਰ ਕੁ ਸਾਲਾਂ ਦਾ ਸੀ। ਉਹਦੀ ਇਕੋ-ਇਕ ਲੜਕੀ ਬਸ਼ੀਰਾਂ ਸੀ, ਜਿਸ ਦੀ ਉਮਰ ਸਤਾਰਾਂ-ਅਠਾਰ੍ਹਾਂ ਸਾਲ ਦੇ ਲਗਭਗ ਹੋਵੇਗੀ। ਮਾਂ-ਪਿਉ ਦੋਵੇਂ ਚੰਗੇ ਉੱਚੇ ਲੰਮੇ ਕੱਦ-ਕਾਠ ਵਾਲੇ ਸਨ। ਬਸ਼ੀਰਾਂ ਦਾ ਕੱਦ ਆਪਣੀ ਮਾਂ ਨਾਲੋਂ ਵੀ ਟੱਪ ਗਿਆ। ਪਿਛਲੇ ਕਈ ਸਾਲਾਂ ਤੋਂ ਮਾਪੇ ਉਹਨੂੰ ਵਿਆਹ ਦੇਣ ਦੀਆਂ ਸੋਚਾਂ ਵਿਚ ਸਨ, ਪਰ ਉਮਰ ਹਯਾਤ ਖ਼ਾਨ ਦੇ ਬਾਹਰਲੇ ਰੁਝੇਵਿਆਂ ਨੇ ਇਤਨਾ ਵਕਤ ਹੀ ਨਾ ਦਿੱਤਾ ਕਿ ਉਹਨੂੰ ਵਿਆਹ ਸਕੇ।

ਬਸ਼ੀਰਾਂ ਇਕੋ-ਇਕ ਧੀ ਹੋਣ ਕਾਰਨ ਬੜੀ ਲਾਡਲੀ ਸੀ। ਉਂਝ ਵੀ ਮੂੰਹ-ਮੱਥਿਓਂ ਸੋਹਣੀ ਤੇ ਚੁਸਤ ਹੋਣ ਕਾਰਨ ਸਾਰਿਆਂ ਨੂੰ ਪਿਆਰੀ ਲਗਦੀ ਸੀ। ਬਸ਼ੀਰਾਂ ਆਪਣੀਆਂ ਸਹੇਲੀਆਂ ਦੀ ਆਗੂ ਸੀ। ਕਈ ਹੋਰ ਪਠਾਣ ਸਰਦਾਰਾਂ ਦੇ ਟੱਬਰ ਵੀ ਨਾਲ ਹੀ ਆਏ ਹੋਏ ਸਨ। ਬਸ਼ੀਰਾਂ ਨੇ ਹੌਲੀ ਹੌਲੀ ਉਹਨਾਂ ਟੱਬਰਾਂ ਨਾਲ ਸਾਂਝ ਬਣਾਈ, ਕੁੜੀਆਂ ਨਾਲ ਸਹੇਲਪੁਣਾ ਪਾਇਆ ਤੇ ਅਖ਼ੀਰ ਉਹਨਾਂ ਨੂੰ ਨਾਲ ਲੈ ਕੇ ਸਵੇਰੇ-ਸ਼ਾਮ ਬਾਹਰ ਸੈਰ ਨੂੰ ਜਾਣ ਲੱਗ ਪਈ। ਇਕ-ਦੋ ਵਾਰ ਉਮਰ ਹਯਾਤ ਖ਼ਾਨ ਨੇ ਮਨ੍ਹਾ ਵੀ ਕੀਤਾ ਸੀ ਕਿ ਉਹ ਵੇਲਿਓਂ-ਕੁਵੇਲੇ ਬਾਹਰ ਨਾ ਜਾਇਆ ਕਰੇ ਤੇ ਦਿਨ ਵੇਲੇ ਉਸ ਪਾਸੇ ਵੱਲ ਜਾਣ ਦਾ ਯਤਨ ਨਾ ਕੀਤਾ ਕਰੇ, ਜਿਧਰ ਸ਼ਰਾਬੀ ਫ਼ੌਜੀ ਰਹਿੰਦੇ ਹਨ। ਲਾਡਲੀ ਧੀ ਨੇ ਪਿਉ

ਦੀਆਂ ਗੱਲਾਂ ਦੀ ਕੋਈ ਪਰਵਾਹ ਨਾ ਕੀਤੀ ਤੇ ਸਵੇਰੇ ਸ਼ਾਮ ਜਦੋਂ ਉਹਦਾ ਜੀ ਕਰਦਾ ਦੋ-ਚਾਰ ਕੁੜੀਆਂ ਨੂੰ ਨਾਲ ਲੈ ਕੇ ਬਾਹਰ ਟੁਰ ਜਾਂਦੀ।

ਇਕ ਦਿਨ ਸ਼ਾਮ ਵੇਲੇ ਉਹ ਇਕ ਸਹੇਲੀ ਨੂੰ ਨਾਲ ਲੈ ਕੇ ਫਿਰਦੀ-ਫਿਰਾਂਦੀ ਦਰਿਆ ਲੁੰਡੇ ਦੇ ਕੰਢੇ 'ਤੇ ਪਹੁੰਚ ਗਈ। ਪਹਿਲਾਂ ਤਾਂ ਦਰਿਆ ਦੇ ਨਾਲ ਨਾਲ ਕਿੰਨਾ ਚਿਰ ਸੈਰ ਕਰਦੀਆਂ ਰਹੀਆਂ ਤੇ ਫਿਰ ਦੋਵੇਂ ਦਰਿਆ ਦੇ ਕੰਢੇ 'ਤੇ ਇਕ ਪੱਥਰ ਉੱਤੇ ਬੈਠ ਗਈਆਂ।

"ਅਸੀਂ ਕਿੰਨੇ ਕੁ ਦਿਨ ਤੰਬੂਆਂ ਵਿਚ ਰਹਾਂਗੇ ?" ਰਹਿਮਤੋ ਨੇ ਪੁੱਛਿਆ।

"ਮੈਨੂੰ ਤਾਂ ਪਤਾ ਨਹੀਂ, ਕੱਲ੍ਹ ਅੱਬਾ ਪਿਆ ਕਹਿੰਦਾ ਸੀ ਕਿ ਅਜੇ ਸਾਨੂੰ ਇਥੇ ਬੜਾ ਚਿਰ ਰਹਿਣਾ ਪਵੇਗਾ," ਬਸ਼ੀਰਾਂ ਨੇ ਦੱਸਿਆ।

"ਕਿਉਂ ?"

"ਮੈਨੂੰ ਕੀ ਪਤਾ ?"

"ਤੁਹਾਡੇ ਘਰ ਤਾਂ ਗੱਲ ਹੁੰਦੀ ਹੋਵੇਗੀ ਪਰ ਮੇਰੇ ਅੱਬਾ ਤਾਂ ਅਜਿਹੇ ਸਖ਼ਤ ਨੇ ਕਿ ਕੋਈ ਉਹਨਾ ਤੋਂ ਡਰਦਿਆਂ ਵਾਧੂ ਗੱਲ ਹੀ ਨਹੀਂ ਕਰਦਾ," ਰਹਿਮਤੋ ਬੋਲੀ।

"ਮੇਰੇ ਅੱਬਾ ਵੀ ਇਸ ਤਰ੍ਹਾਂ ਸਨ ਪਹਿਲਾਂ, ਪਰ ਹੁਣ ਤਾਂ ਉਹ ਬੜੇ ਬਦਲ ਗਏ ਨੇ। ਹੁਣ ਤਾਂ ਹਰ ਗੱਲ ਦੀ ਸਲਾਹ ਕਰਦੇ ਨੇ ਰਾਤ ਨੂੰ ਸਾਡੇ ਨਾਲ," ਬਸ਼ੀਰਾਂ ਨੇ ਦੱਸਿਆ।

"ਫਿਰ ਤੇ ਤੁਹਾਨੂੰ ਪਤਾ ਹੋਣਾ ਚਾਹੀਦਾ ਏ ਕਿ ਕਦੋਂ ਤਕ ਇਥੋਂ ਜਾ ਸਕਾਂਗੇ," ਰਹਿਮਤੋ ਨੇ ਫਿਰ ਸਵਾਲ ਦੁਹਰਾਇਆ ?

"ਤੂੰ ਇੰਨੀ ਕਾਹਲੀ ਕਿਉਂ ਪੈ ਗਈ ਏਂ, ਮੇਰਾ ਤਾਂ ਬੜਾ ਜੀ ਲੱਗ ਗਿਆ ਏ। ਸਾਨੂੰ ਕਿਸ ਦਰਿਆ ਕੰਢੇ ਆ ਕੇ ਸੈਰ ਕਰਨ ਦੇਣੀ ਸੀ ਜੇਕਰ ਇਹਨਾਂ ਤੰਬੂਆਂ ਵਿਚ ਨਾ ਆਉਂਦੇ," ਬਸ਼ੀਰਾਂ ਨੇ ਉਕਤ ਗੱਲ ਕਹੀ ਤੇ ਧਿਆਨ ਨਾਲ ਰਹਿਮਤੋ ਵੱਲ ਵੇਖਣ ਲੱਗ ਪਈ ਤਾਕਿ ਉਹਦੇ ਚਿਹਰੇ ਤੋਂ ਉਹਦਾ ਮਨ ਪੜ੍ਹ ਕੇ ਅਨੁਮਾਨ ਲਾ ਸਕੇ ਕਿ ਇਹ ਕਿਉਂ ਵਾਪਸ ਜਾਣ ਲਈ ਉਤਾਵਲੀ ਹੈ। ਉਹਦੇ ਮਨ ਵਿਚ ਜੋ ਕਾਰਨ ਫੁਰਿਆ ਉਹ ਠੀਕ ਸੀ ਅਤੇ ਰਹਿਮਤੋ ਦੇ ਚਿਹਰੇ ਤੋਂ ਉਸ ਪੜ੍ਹ ਲਿਆ ਤੇ ਪੁੱਛਿਆ, "ਕੀ ਗੱਲ ਏ ਤੂੰ ਸ਼ਰਮਿੰਦੀ ਕਿਉਂ ਹੋ ਰਹੀ ਏਂ ?"

"ਕੁਝ ਨਹੀਂ," ਕਹਿੰਦਿਆਂ ਰਹਿਮਤੋ ਦਾ ਚਿਹਰਾ ਲਾਲ ਹੋ ਗਿਆ। ਬਸ਼ੀਰਾਂ ਨੇ ਉਹਨੂੰ ਠੋਡੀ ਤੋਂ ਫੜ ਕੇ ਆਪਣੇ ਵੱਲ ਉਹਦਾ ਮੂੰਹ ਕੀਤਾ ਤੇ ਪਿਆਰ ਨਾਲ ਉਹਦੀਆਂ ਅੱਖਾਂ ਵਿਚ ਤੱਕਿਆ। ਰਹਿਮਤੋ ਉਹਦੀ ਤੱਕਣੀ ਦਾ ਮੁਕਾਬਲਾ ਨਾ ਕਰ ਸਕੀ ਤੇ ਅੱਖਾਂ ਨੀਵੀਆਂ ਪਾ ਲਈਆਂ।

"ਇਉਂ ਜਾਪਦਾ ਏ ਕਿ ਤੇਰਾ ਕਿਸੇ ਨਾਲ ਪਿਆਰ ਏ," ਬਸ਼ੀਰਾਂ ਨੇ ਸਾਫ਼ ਕਹਿ ਦਿੱਤਾ।

"ਚੱਲ ਪਰ੍ਹੇ, ਫੁੱਟੀ ਨਾ ਹੋਵੇ ਤੇ। ਤੈਨੂੰ ਹਰ ਵੇਲੇ ਉਲਟ ਗੱਲਾਂ ਹੀ ਸੁਝਦੀਆਂ ਨੇ," ਰਹਿਮਤੋ ਨੇ ਮੱਥੇ 'ਤੇ ਬਨਾਉਟੀ ਜਿਹਾ ਗੁੱਸਾ ਲਿਆਉਂਦਿਆਂ ਕਿਹਾ।

"ਮੈਂ ਗੱਲ ਗ਼ਲਤ ਨਹੀਂ ਕਹਿੰਦੀ, ਮੇਰੇ ਤੋਂ ਤੂੰ ਐਵੇਂ ਛੁਪਾਣ ਦਾ ਯਤਨ ਕਰ ਰਹੀ ਏਂ।" ਬਸ਼ੀਰਾਂ ਨੇ ਕਿਹਾ, "ਤੂੰ ਹੀ ਕੋਈ ਪਿਆਰ ਨਹੀਂ ਕੀਤਾ, ਅਸੀਂ ਵੀ ਕਰਕੇ ਦੇਖ ਲਿਆ ਏ।"

"ਹੈਂ, ਤੂੰ ਕਿਸ ਨਾਲ ਪਿਆਰ ਕੀਤਾ ਏ ?" ਰਹਿਮਤੋ ਨੇ ਹੈਰਾਨੀ ਨਾਲ ਪੁੱਛਿਆ।

"ਫਿਰ ਦੱਸਾਂਗੀ, ਪਹਿਲਾਂ ਮੇਰੀ ਗੱਲ ਦਾ ਉੱਤਰ ਦੇਹ," ਬਸ਼ੀਰਾਂ ਨੇ ਕਿਹਾ।

"ਕਿਹੜੀ ਗੱਲ ਦਾ ?" ਰਹਿਮਤੋ ਨੇ ਜਾਣ ਕੇ ਘੇਸ ਮਾਰਦਿਆਂ ਕਿਹਾ।

"ਤੇਰਾ ਦਿਲ ਕਿਉਂ ਨਹੀਂ ਇੱਥੇ ਲੱਗਾ ?" ਬਸ਼ੀਰਾਂ ਨੇ ਪੁੱਛਿਆ।

"ਤੂੰ ਠੀਕ ਸਮਝਿਆ ਸੀ," ਰਹਿਮਤੋ ਨੇ ਸਿਰ ਨੀਵਾਂ ਪਾ ਕੇ ਕਿਹਾ।

"ਕੌਣ ਏ ਉਹ ?"

"ਹਬੀਬਉੱਲਾ।"

"ਉਹ ਕੌਣ ਏ ?" ਬਸ਼ੀਰਾਂ ਨੇ ਸੋਚ ਕੇ ਪੁੱਛਿਆ।

"ਸਾਡਾ ਗੁਆਂਢੀ," ਰਹਿਮਤੋ ਨੇ ਕਿਹਾ ਤੇ ਫਿਰ ਪੁੱਛਿਆ, "ਅੱਛਾ ਤੂੰ ਦੱਸ।"

"ਕੀ ?"

"ਆਪਣੀ ਵਾਰੀ ਮੇਸੀ ਬਣਦੀ ਏਂ," ਰਹਿਮਤੋ ਨੇ ਕੁਝ ਗੁੱਸੇ ਨਾਲ ਜ਼ਰਾ ਉੱਚੀ ਸਾਰੀ ਕਿਹਾ।

"ਤੂੰ ਪੁੱਛਿਆ ਸੀ ਕਿ ਮੈਂ ਕਿਸ ਨੂੰ ਪਿਆਰ ਕਰਦੀ ਹਾਂ, ਮੈਂ ਤਾਂ ਤੈਨੂੰ ਪਿਆਰ ਕਰਦੀ ਹਾਂ," ਬਸ਼ੀਰਾਂ ਦਾ ਹਾਸਾ ਨਿਕਲ ਗਿਆ। ਰਹਿਮਤੋ ਨੂੰ ਉਹਦੇ 'ਤੇ ਹੋਰ ਗੁੱਸਾ ਚੜ੍ਹ ਗਿਆ ਤੇ ਉਸ ਜ਼ੋਰ ਨਾਲ ਬਸ਼ੀਰਾਂ ਦੀ ਕੰਡ 'ਤੇ ਇਕ ਮੁੱਕੀ ਮਾਰ ਕੇ ਫਿਰ ਕਿਹਾ, "ਮੇਰੇ ਨਾਲ ਠੱਗੀ ਕਰਦੀ ਏਂ। ਆਪਣੀ ਵਾਰ ਤਾਂ ਝੱਟ ਪੁੱਛ ਲਿਆ ਸੀ ਤੇ ਹੁਣ ਨਖ਼ਰੇ ਕਰਦੀ ਏਂ।"

"ਸਹੁੰ ਅੱਲਾ ਦੀ ਮੈਂ ਤਾਂ ਐਵੇਂ ਪਈ ਕਹਿੰਦੀ ਸਾਂ। ਜੇ ਮੈਂ ਇਹ ਗੱਲ ਨਾ ਕਰਦੀ ਤਾਂ ਤੂੰ ਕੋਈ ਦੱਸਣੀ ਸੀ ਆਪਣੀ ਗੱਲ। ਮੈਂ ਹੁਣ ਤਕ ਕਿਸੇ ਨੂੰ ਪਿਆਰ ਨਹੀਂ ਕੀਤਾ ਤੇ ਨਾ ਹੀ ਮੈਨੂੰ ਇਸ ਬੀਮਾਰੀ ਦਾ ਪਤਾ ਏ," ਬਸ਼ੀਰਾਂ ਨੇ ਕਿਹਾ।

"ਹੈ ਤਾਂ ਸੱਚ ਮੁੱਚ ਬੀਮਾਰੀ। ਮੈਨੂੰ ਪੁੱਛ, ਜੋ ਪਈ ਪਛਤਾਂਦੀ ਹਾਂ ਪਰ ਹੁਣ ਸਿਵਾਏ ਤੜਫਣ ਦੇ ਪੱਲੇ ਕੁਝ ਨਹੀਂ ਪੈ ਰਿਹਾ," ਰਹਿਮਤੋ ਨੇ ਕਿਹਾ।

ਦੋਵੇਂ ਚੁੱਪ ਹੋ ਗਈਆਂ। ਰਹਿਮਤੋ ਖੜੀ ਹੋ ਗਈ ਤੇ ਨੀਝ ਲਾ ਕੇ ਪਾਣੀ ਦੀਆਂ ਲਹਿਰਾਂ ਨੂੰ ਦੇਖਣ ਲੱਗ ਪਈ। ਹੱਥ ਅਚਾਨਕ ਦੰਦਾਂ 'ਤੇ ਚਲਾ ਗਿਆ ਤੇ ਖੱਬੇ ਪੈਰ ਦੇ ਅੰਗੂਠੇ ਨਾਲ ਜ਼ਮੀਨ 'ਤੇ ਲਕੀਰਾਂ ਪਾਣ ਲੱਗ ਪਈ। ਬਸ਼ੀਰਾਂ ਆਪਣੇ ਹੀ ਖ਼ਿਆਲਾਂ ਵਿਚ ਗੜੂੰਦ ਹੋ ਗਈ।

ਕੁਝ ਚਿਰ ਪਿਛੋਂ ਬਸ਼ੀਰਾਂ ਨੇ ਹੀ ਮੋਨ-ਵਰਤ ਖੋਲ੍ਹਿਆ ਤੇ ਕਿਹਾ, "ਵੇਖ ਨੀ ਅੜੀਏ ਪਾਣੀ ਕਿੰਨਾ ਚੜ੍ਹ ਗਿਆ ਈ। ਮੈਨੂੰ ਤਾਂ ਇਉਂ ਜਾਪਦਾ ਏ ਕਿ ਹੜ੍ਹ ਆ ਗਿਆ ਏ।"

"ਹੈਂ, ਮੈਂ ਤਾਂ ਉੱਚੇ ਪੱਥਰ 'ਤੇ ਖਲੋਤੀ ਸਾਂ, ਵੇਖਿਆ ਹੀ ਨਹੀਂ ਪਾਣੀ ਤਾਂ ਬਹੁਤ ਚੜ੍ਹਦਾ ਜਾ ਰਿਹਾ ਏ," ਰਹਿਮਤੋ ਨੇ ਕਿਹਾ।

ਹਵਾ ਦਾ ਜ਼ੋਰ ਦਾ ਬੁੱਲਾ ਆਇਆ ਤੇ ਉਸ ਨਾਲ ਬਸ਼ੀਰਾਂ ਦੇ ਸਿਰ ਦਾ ਕੱਪੜਾ ਉੱਡ ਗਿਆ। ਉਹ ਫੜਨ ਲਈ ਪਾਣੀ ਵਿਚ ਅੱਗੇ ਵਧੀ। ਉਹਨੂੰ ਨਹੀਂ ਸੀ ਪਤਾ ਕਿ ਦੋ ਕੁ ਕਦਮਾਂ ਦੀ ਵਿੱਥ 'ਤੇ ਹੀ ਦਰਿਆ ਵਿਚ ਇਤਨਾ ਡੂੰਘਾ ਟੋਇਆ ਹੋਏਗਾ। ਬਸ਼ੀਰਾਂ ਗੜੱਮ ਦੀ ਅਵਾਜ਼ ਦੇ ਨਾਲ ਹੀ ਟੋਏ ਵਿਚ ਜਾ ਪਈ ਤੇ ਰਹਿਮਤੋ ਨੂੰ ਦਿਸਣੋਂ ਹਟ ਗਈ।

ਰਾਤ ਦਾ ਹਨੇਰਾ ਚਾਰੇ ਪਾਸੇ ਪਸਰ ਰਿਹਾ ਸੀ ਤੇ ਕਾਫ਼ੀ ਨੇੜੇ ਤੋਂ ਹੀ ਸਾਫ਼ ਦਿਖਾਈ ਦੇਂਦਾ ਸੀ। ਰਹਿਮਤੋ ਸਮਝ ਗਈ ਕਿ ਇੱਥੇ ਪਾਣੀ ਡੂੰਘਾ ਏ ਜਿਸ ਵਿਚ ਬਸ਼ੀਰਾਂ ਜਾ ਪਈ ਏ। ਇਸ ਲਈ ਉਹਨੇ ਆਪ ਅੱਗੇ ਕਦਮ ਪੁੱਟਣਾ ਖ਼ਤਰਨਾਕ ਸਮਝਿਆ ਤੇ ਉੱਥੇ ਹੀ ਖਲੋਤੀ ਰੌਲਾ ਪਾਉਣ ਲੱਗ ਪਈ।

ਸ਼ਾਮ ਵੇਲੇ ਰੋਟੀ ਖਾ ਕੇ ਫ਼ੌਜੀ ਫਿਰਨ-ਤੁਰਨ ਨਿਕਲਿਆ ਕਰਦੇ ਸਨ। ਭਾਵੇਂ ਉਹਨਾਂ ਨੂੰ ਇਸ ਪਾਸੇ ਆਉਣ ਦੀ ਮਨਾਹੀ ਸੀ, ਪਰ ਫਿਰ ਵੀ ਕਈ ਚੋਰੀ-ਛੁਪੀ ਆ ਹੀ ਜਾਇਆ ਕਰਦੇ ਸਨ।

ਰਹਿਮਤੋ ਦਾ ਰੌਲਾ ਸੁਣ ਕੇ ਦੋ ਫ਼ੌਜੀ ਭੱਜੇ ਆਏ। ਰਹਿਮਤੋ ਨੇ ਦੱਸਿਆ ਕਿ ਉਮਰ ਹਯਾਤ ਖ਼ਾਨ ਦੀ ਬੇਟੀ ਬਸ਼ੀਰਾਂ ਡੁੱਬ ਗਈ ਏ। ਉਹਨਾਂ ਉਸੇ ਵੇਲੇ ਕੱਪੜਿਆਂ ਸਮੇਤ ਹੀ ਰਹਿਮਤੋ ਦੀ ਦੱਸੀ ਥਾਂ 'ਤੇ ਛਾਲਾਂ ਮਾਰ ਦਿੱਤੀਆਂ। ਦੋਵੇਂ ਬਸ਼ੀਰਾਂ ਨੂੰ ਬਚਾਉਣ ਦਾ ਸਿਹਰਾ ਲੈਣਾ ਚਾਹੁੰਦੇ ਸਨ।

ਕਿੰਨਾ ਚਿਰ ਦੋਵੇਂ ਯਤਨ ਕਰਦੇ ਰਹੇ ਪਰ ਬਸ਼ੀਰਾਂ ਨਾ ਮਿਲੀ। ਰਹਿਮਤੋ ਬਾਹਰ ਖੜੀ ਰੋਂਦੀ ਰਹੀ। ਉੱਪਰੋਂ ਹਨੇਰਾ ਵੀ ਵਧੇਰੇ ਹੋ ਗਿਆ, ਜਿਸ ਕਾਰਨ ਅਖ਼ੀਰ ਮਜਬੂਰ ਹੋ ਕੇ ਉਹਨਾਂ ਨੂੰ ਕੰਮ ਬੰਦ ਕਰਨਾ ਪਿਆ।

ਜਦ ਵਾਪਸ ਕੈਂਪ ਵਿਚ ਆ ਕੇ ਇਹ ਖ਼ਬਰ ਦਿੱਤੀ ਤਾਂ ਹਰ ਪਾਸੇ ਭਾਜੜ ਪੈ ਗਈ। ਉਮਰ ਹਯਾਤ ਖ਼ਾਨ ਇਸ ਸਮੇਂ ਉੱਥੇ ਮੁਖੀਆਂ ਦੀ ਇਕ ਇਕੱਤਰਤਾ ਵਿਚ

ਬੈਠਾ ਦਿਨ-ਭਰ ਦੀਆਂ ਸਰਗਮੀਆਂ 'ਤੇ ਵਿਚਾਰ ਕਰ ਰਿਹਾ ਸੀ, ਜਦੋਂ ਉਹਨੂੰ ਇਤਲਾਹ ਮਿਲੀ ਕਿ ਬਸ਼ੀਰਾਂ ਤਾਂ ਲੁੰਡੇ ਦਰਿਆ ਵਿਚ ਡੁੱਬ ਗਈ ਏ। ਉਸੇ ਵੇਲੇ ਉਮਰ ਹਯਾਤ ਖ਼ਾਨ ਉੱਠ ਕੇ ਨੱਸ ਪਿਆ, ਸ਼ਾਇਦ ਆਪਣੀ ਜ਼ਿੰਦਗੀ ਵਿਚ ਉਹ ਇਤਨਾ ਤੇਜ਼ ਅੱਗੇ ਕਦੇ ਵੀ ਨਹੀਂ ਸੀ ਨੱਸਿਆ ਜਿਤਨਾ ਅੱਜ ਧੀ ਦੇ ਡੁੱਬਣ ਦੀ ਇਤਲਾਹ ਮਿਲਦਿਆਂ ਨੱਸਿਆ। ਬਾਕੀ ਸਾਰੇ ਪਠਾਣ ਸਰਦਾਰ ਵੀ ਉਹਦੇ ਪਿੱਛੇ ਨੱਸ ਪਏ।

ਦਰਿਆ ਕੰਢੇ ਪਹੁੰਚ ਕੇ ਉਹਨਾਂ ਦੋਹਾਂ ਆਦਮੀਆਂ ਨੇ ਥਾਂ ਸਮਝਾਈ ਜੋ ਪਹਿਲਾਂ ਲੱਭਣ ਲਈ ਯਤਨ ਕਰਦੇ ਰਹੇ ਸਨ। ਸਿਆਣੇ ਟੋਭੇ ਉਸ ਟੋਏ ਵਿਚ ਭੇਜੇ ਗਏ। ਉਹਨਾਂ ਸਾਰਾ ਚੱਕਰ ਲਾਣ ਪਿਛੋਂ ਦੱਸਿਆ ਕਿ ਇੱਥੇ ਬਸ਼ੀਰਾਂ ਦੀ ਕੋਈ ਲਾਸ਼ ਨਹੀਂ। ਇੱਥੇ ਤਾਂ ਚਿੱਕੜ ਵੀ ਨਹੀਂ ਜਿਸ ਵਿਚ ਖੁਭ ਸਕੇ। ਪੱਥਰਾਂ ਵਾਲੀ ਸਾਰੀ ਥਾਂ ਏ। ਕੋਈ ਇਤਨਾ ਵੱਡਾ ਪੱਥਰ ਵੀ ਨਹੀਂ ਜਿਸ ਹੇਠ ਆ ਸਕੇ। ਮਸ਼ਾਲਾਂ ਬਾਲ ਕੇ ਦਰਿਆ ਦੇ ਨਾਲ ਨਾਲ ਦੂਰ ਤਕ ਜਾ ਕੇ ਦੇਖਿਆ ਗਿਆ ਪਰ ਬਸ਼ੀਰਾਂ ਦਾ ਕੁਝ ਪਤਾ ਨਾ ਲੱਗਾ। ਸਾਰੀ ਰਾਤ ਦਰਿਆ ਵਿਚ ਭਾਲ ਜਾਰੀ ਰਹੀ।

ਉਮਰ ਹਯਾਤ ਖ਼ਾਨ ਇਸ ਗੱਲ ਦੀ ਆਸ ਤਾਂ ਲਾਹ ਬੈਠਾ ਕਿ ਉਹਦੀ ਧੀ ਉਹਨੂੰ ਮਿਲ ਜਾਏਗੀ। ਹੁਣ ਤਾਂ ਉਹਨੂੰ ਇਹੀ ਇੱਛਾ ਸੀ ਕਿ ਜਿਸ ਤਰ੍ਹਾਂ ਵੀ ਹੋਵੇ ਉਹਦੀ ਧੀ ਦੀ ਲਾਸ਼ ਉਹਨੂੰ ਮਿਲ ਜਾਏ। ਉਹ ਧੀ ਦੇ ਰੱਜ ਕੇ ਦਰਸ਼ਨ ਕਰ ਲਵੇ ਤੇ ਫਿਰ ਸਤਿਕਾਰ ਨਾਲ ਦਫ਼ਨਾਏ। ਇਥੇ ਪਤਾ ਨਹੀਂ ਦਰਿਆ ਵਿਚ ਹੀ ਉਸ ਨੂੰ ਜਾਨਵਰ ਖਾ ਜਾਣਗੇ ਜਾਂ ਕਿਧਰੇ ਕੰਢੇ ਜਾ ਲੱਗੇਗੀ ਤੇ ਫਿਰ ਕੁੱਤੇ ਬਿੱਲੇ ਉਸ ਦੀ ਲਾਸ਼ ਨੂੰ ਖ਼ਰਾਬ ਕਰਨਗੇ।

ਸਿਪਾਹੀਆਂ ਨੂੰ ਇਹ ਕਹਿ ਕੇ ਦਰਿਆ ਦੇ ਨਾਲ ਨਾਲ ਦੂਰ ਤਕ ਭਾਲ ਜਾਰੀ ਰੱਖਣ, ਆਪ ਉਮਰ ਹਯਾਤ ਖ਼ਾਨ ਵਾਪਸ ਆ ਗਿਆ। ਉਹਦਾ ਵੱਡਾ ਪੁੱਤਰ ਪਿਸ਼ਾਵਰ ਗਿਆ ਹੋਇਆ ਸੀ। ਘਰ ਉਹਦੀ ਬੇਗਮ ਨੂੰ ਗ਼ਸ਼ੀਆਂ ਪੈ ਰਹੀਆਂ ਸਨ। ਆਲੇ-ਦੁਆਲੇ ਬਹੁਤ ਸਾਰੀਆਂ ਜ਼ਨਾਨੀਆਂ ਜੁੜੀਆਂ ਉਹਨੂੰ ਹੋਸ਼ ਵਿਚ ਲਿਆਉਣ ਦਾ ਯਤਨ ਕਰ ਰਹੀਆਂ ਸਨ ਪਰ ਜਦ ਵੀ ਉਹ ਹੋਸ਼ ਵਿਚ ਆਉਂਦੀ ਤਾਂ ਬਸ਼ੀਰਾਂ ਦੀ ਯਾਦ ਆਉਂਦਿਆਂ ਉਹਨੂੰ ਫਿਰ ਗ਼ਸ਼ੀ ਪੈ ਜਾਂਦੀ।

ਉਮਰ ਹਯਾਤ ਖ਼ਾਨ ਦੇ ਘਰ ਵੜਦਿਆਂ ਬਹੁਤ ਜ਼ਨਾਨੀਆਂ ਨੇ ਬੁਰਕੇ ਵਿਚੋਂ ਦੀ ਉਹਦੇ ਚਿਹਰੇ ਵੱਲ ਦੇਖਿਆ। ਨਿਰਾਸਤਾ ਦੇ ਮੁਰਝਾਏ ਚਿਹਰੇ ਨੇ ਸਵਾਲ ਪੁੱਛਣ ਦੀ ਲੋੜ ਹੀ ਨਾ ਰਹਿਣ ਦਿੱਤੀ।

ਸਾਹਮਣੇ ਬਸ਼ੀਰਾਂ ਦੇ ਕੱਪੜੇ ਟੰਗੇ ਪਏ ਸਨ। ਉਹਨਾਂ 'ਤੇ ਨਜ਼ਰ ਜਾਂਦਿਆਂ ਹੀ ਉਮਰ ਹਯਾਤ ਖ਼ਾਨ ਦਾ ਸਬਰ ਬੇਕਾਬੂ ਹੋ ਗਿਆ ਤੇ ਉਹ ਰੋਣ ਲੱਗ ਪਿਆ। ਆਪਣਾ

ਸਿਰ ਗੋਡਿਆਂ ਵਿਚ ਦੇ ਕੇ ਉਹਨੇ ਦਿਲ ਹੌਲਾ ਕੀਤਾ। ਇਕ-ਦੋ ਸਿਆਣੀ ਉਮਰ ਦੀਆਂ ਜ਼ਨਾਨੀਆਂ ਨੇ ਜੋ ਖੁਲ੍ਹ ਕੇ ਉਸ ਨਾਲ ਗੱਲਾਂ ਕਰ ਲੈਂਦੀਆਂ ਸਨ, ਉਹਨੂੰ ਸਬਰ ਕਰਨ ਤੇ ਰੱਬ ਦੀ ਰਜ਼ਾ ਵਿਚ ਰਹਿਣ ਲਈ ਧਰਵਾਸ ਦਿੱਤਾ। ਇਹ ਗੱਲਾਂ ਸਾਰੀਆਂ ਕਰਨ ਲਈ ਹੀ ਹੁੰਦੀਆਂ ਹਨ। ਜਦ ਦਿਲ ਨੂੰ ਹੱਥ ਪੈਂਦਾ ਏ, ਕਲੇਜੇ ਨੂੰ ਸੱਟ ਵੱਜਦੀ ਏ ਤਾਂ ਫਿਰ ਖ਼ਿਆਲੀ ਦੁਨੀਆ ਤੇ ਆਦਰਸ਼ ਭੁੱਲ ਜਾਂਦੇ ਹਨ। ਉਮਰ ਹਯਾਤ ਖ਼ਾਨ ਦੂਜਿਆਂ ਨੂੰ ਕਿਹਾ ਕਰਦਾ ਸੀ ਕਿ ਮੌਤ ਤੇ ਰੋਣਾ ਨਹੀਂ ਚਾਹੀਦਾ। ਇਹ ਜ਼ਿੰਦਗੀ ਦੀ ਨਾ ਟਲਣ ਵਾਲੀ ਘਟਨਾ ਏ, ਇਸ ਲਈ ਇਹਦਾ ਆਉਣਾ ਅਸੁਭਾਵਕ ਨਹੀਂ। ਆਪਣੇ ਮਾਂ-ਪਿਉ ਮਰਨ 'ਤੇ ਉਮਰ ਹਯਾਤ ਖ਼ਾਨ ਨਹੀਂ ਸੀ ਰੋਇਆ, ਪਰ ਅੱਜ ਆਪਣੀ ਇੱਕੋ-ਇਕ ਤੇ ਲਾਡਲੀ ਧੀ ਦੇ ਡੁੱਬ ਜਾਣ 'ਤੇ ਉਮਰ ਹਯਾਤ ਖ਼ਾਨ ਬੜਾ ਰੋਇਆ।

"ਤੁਸੀਂ ਰੋਂਦੇ ਰਹੇ ਤਾਂ ਬੇਗਮ ਵੀ ਮਰ ਜਾਏਗੀ। ਉਹਨੂੰ ਅੱਗੇ ਹੀ ਗਸ਼ੀਆਂ ਪੈ ਰਹੀਆਂ ਹਨ। ਤੁਸੀਂ ਉਹਨੂੰ ਢਾਰਸ ਦਿਓ, ਤੁਸੀਂ ਤਾਂ ਆਪ ਹੀ ਰੋਈ ਜਾਂਦੇ ਹੋ। ਕੁਦਰਤ ਨੂੰ ਇਹੀ ਮਨਜ਼ੂਰ ਸੀ। ਉਹ ਵਿਚਾਰੀ ਦੀ ਕਿਸਮਤ ਵਿਚ ਜਿਤਨੇ ਦਿਨ ਸਨ ਉਸ ਬਿਤਾ ਲਏ," ਇਕ ਬੁੱਢੀ ਨੇ ਸਮਝਾਂਦਿਆਂ ਕਿਹਾ।

"ਚਾਚੀ, ਇਹ ਗੱਲ ਤਾਂ ਠੀਕ ਏ ਪਰ ਮੇਰੇ ਦਿਲ ਤੋਂ ਕੋਈ ਪੁੱਛੇ ਕਿ ਕਿਵੇਂ ਮੈਨੂੰ ਬਸ਼ੀਰਾਂ ਬਿਨਾਂ ਘਰ ਖਾਣ ਨੂੰ ਪੈਂਦਾ ਏ," ਉਮਰ ਹਯਾਤ ਖ਼ਾਨ ਨੇ ਕਿਹਾ।

"ਇਹ ਤਾਂ ਠੀਕ ਏ। ਸੰਤਾਨ ਨਾਲੋਂ ਮਿੱਠਾ ਮੇਵਾ ਹੋਰ ਕਿਹੜਾ ਹੋ ਸਕਦਾ ਏ," ਬੁੱਢੀ ਨੇ ਕਿਹਾ।

ਕੁਝ ਹੋਰ ਆਦਮੀ ਅਫ਼ਸੋਸ ਕਰਨ ਲਈ ਆ ਗਏ। ਉਸੇ ਵੇਲੇ ਇਕ ਵੱਡਾ ਸਾਰਾ ਫੂਹੜ ਵਿਛਾ ਦਿੱਤਾ ਗਿਆ ਤੇ ਸਾਰੇ ਉਸ ਉੱਤੇ ਬੈਠ ਕੇ ਗੱਲਾਂ ਕਰਨ ਲੱਗ ਪਏ। ਕਈਆਂ ਨੇ ਮਾਂ-ਪਿਓ ਤੇ ਬੱਚਿਆਂ ਦੇ ਰਿਸ਼ਤੇ ਦੀ ਗੱਲ ਛੇੜੀ, ਕਿਸੇ ਨੇ ਬਸ਼ੀਰਾਂ ਦੇ ਗੁਣਾਂ ਦੀ ਸ਼ਲਾਘਾ ਕੀਤੀ ਅਤੇ ਕਿਸੇ ਨੇ ਦਰਿਆ ਵਿਚ ਡੁੱਬਣ ਦੀਆਂ ਕੁਝ ਹੋਰ ਘਟਨਾਵਾਂ ਦੱਸੀਆਂ।

3

ਬਸ਼ੀਰਾਂ ਨੂੰ ਜਦ ਹੋਸ਼ ਆਈ ਤੇ ਅੱਖ ਪੁੱਟ ਕੇ ਉਸ ਦੇਖਿਆ ਤਾਂ ਹੈਰਾਨ ਹੋ ਗਈ ਕਿ ਉਹ ਕੱਖਾਂ ਦੀ ਇਕ ਝੁੱਗੀ ਵਿਚ ਪਈ ਏ। ਆਸ-ਪਾਸ ਨਜ਼ਰ ਮਾਰੀ, ਉਹਨੂੰ ਕੋਈ ਆਦਮੀ ਨਜ਼ਰ ਨਾ ਆਇਆ। ਉਹਦਾ ਧਿਆਨ ਝੁੱਗੀ ਦੇ ਉੱਪਰਲੇ ਪਾਸੇ ਲੱਗੇ

ਰੁੱਖਾਂ ਦੇ ਟਾਹਣਾਂ ਵੱਲ ਚਲਾ ਗਿਆ, ਜਿਨ੍ਹਾਂ ਦੀਆਂ ਖੁੰਘੀਆਂ ਨਾਲ ਇਕ ਮਾਲਾ ਤੇ ਇਕ ਚਿੱਪੀ ਟੰਗੇ ਹੋਏ ਸਨ। ਉਸ ਤੋਂ ਹੀ ਬਸ਼ੀਰਾਂ ਨੇ ਅਨੁਮਾਨ ਲਾ ਲਿਆ ਕਿ ਉਹ ਕਿਸੇ ਫ਼ਕੀਰ ਦੀ ਝੁੱਗੀ ਵਿਚ ਪਈ ਏ।

ਘਬਰਾਹਟ ਵਿਚ ਹੀ ਉਹ ਉੱਠ ਬੈਠੀ ਤੇ ਫਿਰ ਆਲੇ-ਦੁਆਲੇ ਦੇਖਿਆ। ਚਾਹਰਵਾਰ ਝਾਤੀ ਮਾਰੀ, ਪਰ ਕੋਈ ਆਦਮੀ ਨਜ਼ਰੀਂ ਨਾ ਪਿਆ। ਉਸ ਸਮਝਿਆ ਕਿ ਸ਼ਾਇਦ ਫ਼ਕੀਰ ਬਾਹਰ ਗਿਆ ਹੋਵੇਗਾ, ਇਸ ਲਈ ਇੱਥੇ ਇਕੱਲ ਹੈ। ਉਹ ਹੈਰਾਨ ਸੀ ਕਿ ਇਹ ਥਾਂ ਕਿਹੜੀ ਏ ? ਉਹ ਕਿਵੇਂ ਇਸ ਥਾਂ ਪਹੁੰਚ ਗਈ ਹੈ। ਉਹਦੇ ਨਾਲ ਤਾਂ ਰਹਿਮਤੇ ਸੀ ਅਤੇ ਦੋਵੇਂ ਦਰਿਆ ਕਿਨਾਰੇ ਬੈਠੀਆਂ ਗੱਲਾਂ ਕਰ ਰਹੀਆਂ ਸਨ। ਪਰ ਹੁਣ ਰਹਿਮਤੇ ਕਿੱਥੇ ਚਲੀ ਗਈ ? ਉਹਨੂੰ ਦਰਿਆ ਵਿਚੋਂ ਕਿਵੇਂ ਕੱਢਿਆ ਗਿਆ ਏ ? ਉਹਨੇ ਆਪਣੇ ਸਰੀਰ ਵੱਲ ਧਿਆਨ ਕੀਤਾ ਤੇ ਯਕੀਨ ਹੋ ਗਿਆ ਕਿ ਇਥੇ ਲਿਆਉਣ ਵਾਲਾ ਫ਼ਕੀਰ ਮਾੜੇ ਆਚਰਣ ਦਾ ਨਹੀਂ।

ਬਸ਼ੀਰਾਂ ਦਾ ਜੀ ਕੀਤਾ ਕਿ ਉੱਠ ਕੇ ਬਾਹਰ ਚਲੀ ਜਾਏ ਅਤੇ ਦੇਖੇ ਕਿ ਇਹ ਝੁੱਗੀ ਕਿਸ ਥਾਂ 'ਤੇ ਹੈ। ਸ਼ਾਇਦ ਇਹ ਦਰਿਆ ਦੇ ਕੰਢੇ ਉੱਤੇ ਹੀ ਉਸ ਥਾਂ ਦੇ ਨੇੜੇ ਹੋਵੇ ਜਿੱਥੇ ਉਹ ਡੁੱਬੀ ਸੀ। ਜੇ ਹੋ ਸਕੇ ਤਾਂ ਇਹ ਉੱਠ ਕੇ ਘਰ ਪਹੁੰਚ ਜਾਏ। ਘਰ ਵਿਚ ਮਾਤਮ ਹੋ ਰਿਹਾ ਹੋਵੇਗਾ ਅਤੇ ਉਹਦੀ ਭਾਲ ਲਈ ਸਾਰੇ ਇਧਰ-ਉਧਰ ਭੱਜ-ਨੱਠ ਕਰ ਰਹੇ ਹੋਣਗੇ।

ਬਸ਼ੀਰਾਂ ਨੇ ਸੋਚਿਆ ਕਿ ਜੇਕਰ ਰਹਿਮਤੇ ਬਚ ਕੇ ਘਰ ਚਲੀ ਗਈ ਹੋਈ, ਫਿਰ ਤਾਂ ਸਾਰਿਆਂ ਨੂੰ ਪਤਾ ਲੱਗ ਗਿਆ ਹੋਵੇਗਾ ਕਿ ਬਸ਼ੀਰਾਂ ਡੁੱਬ ਗਈ ਏ; ਪਰ ਜੇਕਰ ਉਹ ਵੀ ਮੇਰੇ ਪਿੱਛੇ ਆ ਗਈ ਹੋਈ ਤਾਂ ਉਹ ਡੁੱਬ ਗਈ ਹੋਵੇਗੀ। ਫਿਰ ਪਤਾ ਨਹੀਂ, ਉਹ ਰੁੜ੍ਹਦੀ ਕਿੱਥੇ ਚਲੀ ਗਈ ਹੋਵੇ। ਜੇਕਰ ਮੇਰੇ ਨਾਲ ਹੀ ਹੁੰਦੀ, ਤਾਂ ਹੁਣ ਵੀ ਇੱਥੇ ਮੇਰੇ ਨਾਲ ਹੀ ਪਈ ਹੋਣੀ ਸੀ। ਇੱਥੇ ਨਹੀਂ ਪਹੁੰਚੀ ਤਾਂ ਜਾਂ ਘਰ ਚਲੀ ਗਈ ਹੋਣੀ ਏ ਤੇ ਜਾਂ ਰੁੜ੍ਹ ਗਈ ਹੋਵੇਗੀ। ਜੇ ਉਹ ਵੀ ਕਿਸੇ ਦੇ ਹੱਥ ਲਗ ਗਈ, ਤਾਂ ਬਚ ਜਾਏਗੀ, ਨਹੀਂ ਤੇ ਅਖ਼ੀਰ ਮਰ ਗਈ ਹੋਵੇਗੀ।

ਬਸ਼ੀਰਾਂ ਹਿੰਮਤ ਕਰ ਕੇ ਉੱਠਣ ਲੱਗੀ, ਪਰ ਅਜੇ ਉਹ ਪੈਰਾਂ ਭਾਰ ਖੜੀ ਹੋਈ ਹੀ ਸੀ ਕਿ ਉਹਦਾ ਸਿਰ ਚਕਰਾ ਗਿਆ ਉਹਦੇ ਲਈ ਖੜਾ ਹੋਣਾ ਕਠਿਨ ਹੋ ਗਿਆ, ਜਿਸ ਕਾਰਨ ਝਟ-ਪਟ ਉਹ ਬੈਠ ਗਈ ਤੇ ਫਿਰ ਲੇਟ ਗਈ। ਬਸ਼ੀਰਾਂ ਨੂੰ ਬੜੀ ਘਬਰਾਹਟ ਹੋ ਗਈ ਕਿ ਉਹਦਾ ਸਰੀਰ ਇਤਨਾ ਬੇਹਿੰਮਤਾ ਕਿਉਂ ਹੋ ਗਿਆ ਹੈ ਕਿ ਉਹ ਖੜੀ ਵੀ ਨਹੀਂ ਹੋ ਸਕਦੀ। ਆਪਣੇ ਸਰੀਰ ਦੀ ਇਸ ਕਮਜ਼ੋਰੀ ਦੇ ਕਾਰਨ ਦਾ ਉਹਨੂੰ ਪਤਾ ਨਹੀਂ ਸੀ ਲੱਗ ਰਿਹਾ।

ਕਿਸੇ ਆਦਮੀ ਦੇ ਆਉਣ ਦੀ ਅਵਾਜ਼ ਆਈ। ਪਹਿਲਾਂ ਤਾਂ ਬਸ਼ੀਰਾਂ ਘਾਬਰ ਗਈ ਪਰ ਫਿਰ ਇਹ ਖ਼ਿਆਲ ਕਰ ਕੇ ਜਿਸ ਆਦਮੀ ਨੇ ਅੱਗੇ ਮੇਰੀ ਜਾਨ ਬਚਾਈ ਏ ਉਹਦੇ ਕੋਲੋਂ ਹੁਣ ਡਰਨ ਦੀ ਕੀ ਲੋੜ ਹੈ। ਉਹ ਤਾਂ ਜਾਨ ਬਚਾਉਣ ਵਾਲਾ ਹੈ ਪਰ ਫਿਰ ਵੀ ਪਰਾਏ ਮਰਦ ਦਾ ਇਕੱਲ ਵਿਚ ਉਹਦੇ ਵੱਲ ਆਉਣਾ ਘਬਰਾਹਟ ਦਾ ਕਾਰਨ ਬਣਿਆ ਹੀ ਰਿਹਾ। ਬਸ਼ੀਰਾਂ ਝਟ-ਪਟ ਲੇਟ ਗਈ ਤੇ ਅੱਗੇ ਵਾਂਗ ਹੀ ਕੱਪੜਾ ਮੂੰਹ 'ਤੇ ਲੈ ਲਿਆ। ਉਸ ਸੋਚਿਆ ਕਿ ਮੈਂ ਉਪਰ ਪਤਲੀ ਜਿਹੀ ਚਾਦਰ ਕਰ ਲਵਾਂਗੀ ਤੇ ਉਸ ਵਿਚੋਂ ਪਹਿਲਾਂ ਉਹਦੀ ਸ਼ਕਲ ਦੇਖਾਂਗੀ। ਜੇ ਬਹੁਤੀ ਡਰਾਉਣੀ ਨਾ ਹੋਈ ਤੇ ਮਨ ਨੇ ਤਸੱਲੀ ਦਿੱਤੀ ਤਾਂ ਚਾਦਰ ਲਾਹ ਦਿਆਂਗੀ, ਨਹੀਂ ਤਾਂ ਘੇਸ ਵੱਟ ਕੇ ਲੇਟੀ ਰਹਾਂਗੀ। ਜਿਉਂ ਜਿਉਂ ਪੈਰਾਂ ਦੀ ਆਵਾਜ਼ ਨੇੜੇ ਹੁੰਦੀ ਗਈ, ਬਸ਼ੀਰਾਂ ਦੇ ਦਿਲ ਦੀ ਧੜਕਣ ਹੋਰ ਤੇਜ਼ ਹੁੰਦੀ ਗਈ।

ਇਕ ਫ਼ਕੀਰ ਝੁੱਗੀ ਦੇ ਦਰਵਾਜ਼ੇ 'ਤੇ ਆ ਖਲੋਤਾ। ਉਸ ਨੇ ਆਪਣੀਆਂ ਲੰਮੀਆਂ ਜਟਾਂ ਪਿੱਛੇ ਸੁੱਟੀਆਂ ਹੋਈਆਂ ਸਨ ਤੇ ਗਲ ਵਿਚ ਗੇਰੂ ਰੰਗੇ ਕੱਪੜੇ ਪਾਏ ਹੋਏ ਸਨ। ਇਕ ਹੱਥ ਵਿਚ ਲੰਮੀ ਸਾਰੀ ਮਾਲਾ ਫੜੀ ਹੋਈ ਸੀ ਜਿਸ ਨੂੰ ਲਗਾਤਾਰ ਫੇਰੀ ਜਾ ਰਿਹਾ ਸੀ। ਹਰ ਇਕ ਮਣਕੇ ਨੂੰ ਉਹ ਹੱਥ ਦੀਆਂ ਤਿੰਨ ਉਂਗਲਾਂ ਨਾਲ ਹੇਠੋਂ ਚੁਕਦਾ ਤੇ ਉਪਰ ਕਰ ਕੇ ਦੂਜੇ ਪਾਸੇ ਛੱਡੀ ਜਾਂਦਾ। ਮਾਲਾ ਵਿਚ ਗੰਢ ਵਾਲੀ ਥਾਂ 'ਤੇ ਇਕ ਉੱਨ ਦਾ ਫੁੱਲ ਜਿਹਾ ਬਣਿਆ ਹੋਇਆ ਸੀ ਜਿਸ 'ਤੇ ਉਹ ਦੋ ਕੁ ਮਿੰਟ ਠਹਿਰ ਫਿਰ ਮਾਲਾ ਦਾ ਅਗਲਾ ਚੱਕਰ ਸ਼ੁਰੂ ਕਰ ਲੈਂਦਾ। ਮੂੰਹ ਵਿਚ ਉਹ ਕੁਝ ਪੜ੍ਹ ਰਿਹਾ ਸੀ ਪਰ ਇਤਨੀ ਹੌਲੀ ਹੌਲੀ ਕਿ ਬਸ਼ੀਰਾਂ ਦੇ ਪੂਰਾ ਧਿਆਨ ਕਰਨ 'ਤੇ ਵੀ ਉਹ ਕੁਝ ਨਾ ਸਮਝ ਸਕੀ। ਉਹਨੂੰ ਸਿਰਫ਼ ਫ਼ਕੀਰ ਦੇ ਹੋਂਠ ਹਿਲਦੇ ਨਜ਼ਰ ਆ ਰਹੇ ਸਨ। ਫ਼ਕੀਰ ਦੇ ਪਹਿਰਾਵੇ ਤੋਂ ਉਸ ਅਨੁਮਾਨ ਲਾ ਲਿਆ ਕਿ ਇਹ ਕੋਈ ਮੁਸਲਮਾਨ ਫ਼ਕੀਰ ਨਹੀਂ। ਅੱਗੇ ਉਹਨੇ ਬਹੁਤ ਸਾਰੇ ਮੁਸਲਮਾਨ ਫ਼ਕੀਰ ਦੇਖੇ ਸਨ। ਕਈ ਉਹਨਾਂ ਦੇ ਘਰ ਆ ਕੇ ਰੋਟੀ ਖਾ ਜਾਂਦੇ ਰਹੇ ਹਨ। ਉਹਨਾਂ ਦੇ ਕੱਪੜੇ ਆਮ ਕਰਕੇ ਕਾਲੇ ਜਾਂ ਸਬਜ਼ ਰੰਗ ਦੇ ਹੁੰਦੇ ਸਨ। ਇਸ ਫ਼ਕੀਰ ਦੇ ਜੋਗੀਆ ਪਹਿਰਾਵੇ ਤੋਂ ਅਨੁਮਾਨ ਲਾਇਆ ਕਿ ਇਹ ਕੋਈ ਹਿੰਦੂ ਸੰਤ ਹੋਵੇਗਾ। ਉਸ ਹਿੰਦੂ ਸੰਤ ਅੱਗੇ ਕੋਈ ਨਹੀਂ ਸੀ ਦੇਖਿਆ ਪਰ ਸੁਣਿਆ ਸੀ ਕਿ ਉਹ ਗੇਰੂ-ਰੰਗੇ ਕੱਪੜੇ ਪਾਉਂਦੇ ਹਨ।

ਸੰਤ ਜੀ ਕਿੰਨਾ ਚਿਰ ਝੁੱਗੀ ਦੇ ਬਾਹਰ ਖੜੇ ਦੇਖਦੇ ਰਹੇ। ਉਹਨਾਂ ਪਹਿਲਾਂ ਬੜੇ ਧਿਆਨ ਨਾਲ ਲੇਟੀ ਹੋਈ ਬਸ਼ੀਰਾਂ ਵੱਲ ਦੇਖਿਆ। ਫਿਰ ਉਹਨਾਂ ਦਾ ਧਿਆਨ ਇਧਰ-ਉਧਰ ਚਲਾ ਗਿਆ। ਫਿਰ ਉਹ ਗਹੁ ਨਾਲ ਇਕ ਪਾਸੇ ਇਉਂ ਦੇਖਣ ਲੱਗ ਪਏ ਜਿਵੇਂ ਕਿਸੇ ਦੀ ਉਡੀਕ ਕਰ ਰਹੇ ਹੋਣ। ਬਸ਼ੀਰਾਂ ਦੇ ਦਿਲ ਦੀ ਧੜਕਨ ਇਸ

ਕਾਰਨ ਹੋਰ ਵਧਦੀ ਜਾ ਰਹੀ ਸੀ।

ਅਖੀਰ ਸੰਤ ਜੀ ਮਹਾਰਾਜ ਅੰਦਰ ਆ ਗਏ। ਉਹਨਾਂ ਆਪਣੀ ਚਿੱਪੀ ਟੰਗ ਦਿੱਤੀ ਤੇ ਮਾਲਾ ਨੂੰ ਵੀ ਆਪਣੇ ਲੰਮੇ ਕੁੜਤੇ ਦੀ ਜੇਬ ਵਿਚ ਪਾ ਲਿਆ। ਫਿਰ ਉਹ ਬਸ਼ੀਰਾਂ ਵੱਲ ਵਧੇ। ਬਸ਼ੀਰਾਂ ਦੀ ਇਸ ਸਮੇਂ ਉਹੋ ਹਾਲਤ ਹੋਈ, ਜਿਹੋ ਜਿਹੀ ਸ਼ੇਰ ਦੇ ਮੂੰਹ ਅੱਗੇ ਪਹੁੰਚ ਚੁੱਕੇ ਆਦਮੀ ਦੀ ਹੁੰਦੀ ਹੈ। ਬਸ਼ੀਰਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਜਦ ਤੋਂ ਸੰਤ ਜੀ ਝੁੱਗੀ ਦੇ ਸਾਹਮਣੇ ਆਏ ਸਨ ਉਸ ਹਿੱਲਣਾ ਵੀ ਬੰਦ ਕਰ ਦਿੱਤਾ ਸੀ। ਹੁਣ ਕਈ ਮਿੰਟ ਲਗਾਤਾਰ ਆਕੜ ਕੇ ਪਏ ਰਹਿਣ ਨਾਲ ਉਹ ਥੱਕ ਗਈ। ਜਦੋਂ ਬੰਦੇ ਨੂੰ ਇਕ ਅਵਸਥਾ ਵਿਚ ਬੱਝ ਕੇ ਪੈਣਾ ਪਵੇ ਤਾਂ ਉਹ ਸਹਾਰ ਨਹੀਂ ਸਕਦਾ। ਸੁਭਾਵਿਕ ਤੌਰ 'ਤੇ ਭਾਵੇਂ ਉਹ ਅਚੇਤ ਰੂਪ ਵਿਚ ਕਿੰਨਾ ਚਿਰ ਹੀ ਕਿਉਂ ਨਾ ਪਿਆ ਰਹੇ।

ਸੰਤ ਜੀ ਨੇ ਚਿਹਰੇ ਤੋਂ ਚਾਦਰ ਚੁੱਕੀ ਤੇ ਮੂੰਹ ਵੱਲ ਨੀਝ ਲਾ ਕੇ ਦੇਖਿਆ। ਇਸ ਸਮੇਂ ਬਸ਼ੀਰਾਂ ਦੀ ਖਾਨਿਓਂ ਗਈ ਪਰ ਛੇਤੀ ਹੀ ਉਹਦਾ ਭੁਲੇਖਾ ਦੂਰ ਹੋ ਗਿਆ, ਜਦੋਂ ਸੰਤ ਜੀ ਨੇ ਉਹਦੀ ਵੀਣੀ ਫੜ ਕੇ ਨਬਜ਼ ਦੇਖੀ ਤਾਂ ਫਿਰ ਬਾਂਹ ਛੱਡ ਦਿੱਤੀ। ਸੰਤ ਜੀ ਨੇ ਕਿਹਾ, "ਨਬਜ਼ ਤਾਂ ਠੀਕ ਏ ਪਰ ਪਤਾ ਨਹੀਂ ਇਹਨੂੰ ਹੋਸ਼ ਕਿਉਂ ਨਹੀਂ ਆ ਰਹੀ। ਵਿਚਾਰੀ ਦੇ ਮਾਪੇ ਉਡੀਕ ਰਹੇ ਹੋਣਗੇ। ਜੇ ਹੋਸ਼ ਆ ਜਾਏ ਤਾਂ ਇਹਨੂੰ ਹੁਣੇ ਘਰ ਪਹੁੰਚਾ ਦਿਆਂ। ਘਰ ਵਾਲਿਆਂ ਦਾ ਤੌਖ਼ਲਾ ਤੇ ਚਿੰਤਾ ਦੂਰ ਹੋ ਜਾਏ।"

ਬਸ਼ੀਰਾਂ ਦੀ ਸਾਰੀ ਘਬਰਾਹਟ ਤੇ ਚਿੰਤਾ ਜਾਂਦੀ ਰਹੀ। ਉਹਦਾ ਜੀ ਕੀਤਾ ਕਿ ਇਕ ਦਮ ਬੋਲ ਪਵੇ ਤੇ ਦੱਸ ਦਏ ਕਿ ਉਹਨੂੰ ਹੋਸ਼ ਆ ਗਈ ਹੈ ਪਰ ਫਿਰ ਇਹ ਖ਼ਿਆਲ ਕਰ ਕੇ ਚੁੱਪ ਰਹੀ ਕਿ ਫ਼ਕੀਰ 'ਤੇ ਮਾੜਾ ਅਸਰ ਪਵੇਗਾ। ਉਹ ਵਿਚਾਰਾ ਇਤਨੀ ਹਮਦਰਦੀ ਪ੍ਰਗਟ ਕਰ ਰਿਹਾ ਹੈ ਤੇ ਮੈਂ ਉਹਦੇ ਸਾਹਮਣੇ ਪਾਖੰਡ ਕਰ ਰਹੀ ਹਾਂ।

ਅਜੇ ਉਹ ਦੁਚਿਤੀ ਵਿਚ ਹੀ ਸੀ ਕਿ ਸੰਤ ਨੇ ਆਪਣੇ ਕੁੜਤੇ ਦੀ ਲੰਮੀ ਸਾਰੀ ਜੇਬ ਵਿਚੋਂ ਇਕ ਦੁਆਈ ਕੱਢੀ ਤੇ ਉਹ ਬਸ਼ੀਰਾਂ ਦੇ ਨੱਕ ਨਾਲ ਲਾਈ। ਬਸ਼ੀਰਾਂ ਨੇ ਹੁਣ ਉਠਦਿਆਂ ਦੇਰ ਨਾ ਲਾਈ। ਉਸ ਪਹਿਲਾਂ ਹੀ ਸਾਹ ਰੋਕ ਲਿਆ ਤਾਕਿ ਦਵਾਈ ਅੰਦਰ ਨਾ ਜਾਏ। ਆਪ ਝੱਟ ਉਠ ਖਲੋਤੀ। ਸੰਤ ਜੀ ਨੇ ਸਮਝਿਆ ਕਿ ਇਸ ਦਵਾਈ ਦਾ ਅਸਰ ਹੋ ਗਿਆ ਹੈ ਤਾਂ ਹੀ ਝਟ-ਪਟ ਉਠ ਖਲੋਤੀ ਹੈ।

ਸੰਤ ਜੀ ਮੁਸਕਰਾ ਪਏ। ਬਸ਼ੀਰਾਂ ਨੇ ਹੈਰਾਨੀ ਨਾਲ ਪੁੱਛਿਆ, "ਮੈਂ ਕਿਥੇ ਆ ਗਈ ਹਾਂ?"

"ਬੇਟੀ, ਤੂੰ ਇਥੇ ਆਈ ਨਹੀਂ, ਲਿਆਂਦੀ ਗਈ ਏਂ," ਸੰਤ ਜੀ ਨੇ ਦੱਸਿਆ।

"ਕਿਉਂ ਲਿਆਂਦੀ ਗਈ ਹਾਂ," ਬਸ਼ੀਰਾਂ ਨੇ ਪੁੱਛਿਆ।

"ਤੂੰ ਦਰਿਆ ਵਿਚ ਰੁੜ੍ਹਦੀ ਜਾ ਰਹੀ ਸੈਂ। ਬਚਾਉਣ ਦੀ ਖ਼ਾਤਰ ਇਥੇ ਲਿਆਂਦੀ

ਗਈ ਏਂ," ਸੰਤ ਜੀ ਨੇ ਮੁਸਕਰਾਹਟ ਨਾਲ ਕਿਹਾ।

"ਮੈਨੂੰ ਇਥੇ ਲਿਆਇਆ ਕੌਣ ਏ ?" ਬਸ਼ੀਰਾਂ ਨੇ ਝਟ ਅਗਲਾ ਸਵਾਲ ਕਰ ਦਿੱਤਾ।

"ਮੈਂ ਆਪ ਲਿਆਇਆ ਹਾਂ, ਬੇਟੀ," ਸੰਤ ਜੀ ਨੇ ਦੱਸਿਆ, "ਤੂੰ ਜਦ ਦਰਿਆ ਵਿਚ ਰੁੜ੍ਹਦੀ ਜਾ ਰਹੀ ਸੈਂ ਤਾਂ ਮੈਂ ਅਚਾਨਕ ਸੈਰ ਕਰਦਾ ਦਰਿਆ 'ਤੇ ਪੁੱਜਾ। ਮਨੁੱਖੀ ਸਰੀਰ ਜਾਂਦਾ ਵੇਖ ਕੇ ਮੈਂ ਦਰਿਆ ਵਿਚ ਗਿਆ ਤੇ ਤੇਰੇ ਸਰੀਰ ਨੂੰ ਬਾਹਰ ਕੱਢ ਲਿਆਂਦਾ। ਨਬਜ਼ ਦੇਖੀ ਤਾਂ ਅਜੇ ਤਕ ਚਲ ਰਹੀ ਸੀ। ਮੈਨੂੰ ਆਸ ਹੋ ਗਈ ਕਿ ਜੇਕਰ ਯਤਨ ਕੀਤਾ ਜਾਏ ਤਾਂ ਮਨੁੱਖੀ ਆਤਮਾ ਇਹ ਚੋਲਾ ਛੱਡਣ ਤੋਂ ਬਚਾਈ ਜਾ ਸਕਦੀ ਹੈ। ਮੈਂ ਤੈਨੂੰ ਚੁੱਕ ਕੇ ਆਪਣੀ ਕੁਟੀਆ ਵਿਚ ਲੈ ਆਇਆ ਤੇ ਇਥੇ ਆ ਕੇ ਇਕ ਘੜੇ 'ਤੇ ਤੈਨੂੰ ਢਿੱਡ ਭਾਰ ਪਾ ਕੇ ਤੇਰੇ ਸਰੀਰ ਅੰਦਰ ਚਲਾ ਗਿਆ ਸਾਰਾ ਪਾਣੀ ਕੱਢਿਆ ਤੇ ਹੁਣ ਤੇਰੇ ਲਈ ਦਵਾਈ ਲੈਣ ਚਲਾ ਗਿਆ ਸਾਂ।"

"ਤੁਸੀਂ ਮੇਰੇ 'ਤੇ ਬੜਾ ਅਹਿਸਾਨ ਕੀਤਾ ਏ ? ਮੈਂ ਸਾਰੀ ਜ਼ਿੰਦਗੀ ਤੁਹਾਡਾ ਕੀਤਾ ਲਾਹ ਨਹੀਂ ਸਕਾਂਗੀ," ਬਸ਼ੀਰਾਂ ਨੇ ਬੜੇ ਸਤਿਕਾਰ ਨਾਲ ਕਿਹਾ।

"ਇਸ ਵਿਚ ਅਹਿਸਾਨ ਵਾਲੀ ਕੋਈ ਗੱਲ ਨਹੀਂ। ਮਨੁੱਖ ਦਾ ਫ਼ਰਜ਼ ਹੈ ਕਿ ਉਹ ਦੂਜੇ ਮਨੁੱਖ ਦੀ ਸੇਵਾ ਕਰੇ। ਅਸੀਂ ਤਾਂ ਫਿਰ ਆਪਣਾ ਜੀਵਨ ਹੀ ਮਨੁੱਖਤਾ ਦੀ ਭਲਾਈ ਲਈ ਲਾਇਆ ਹੋਇਆ ਹੈ," ਸੰਤ ਜੀ ਬੋਲੇ।

ਤੁਹਾਡਾ ਇਹ ਟਿਕਾਣਾ ਸਾਡੇ ਘਰ ਤੋਂ ਕਿੰਨੀ ਕੁ ਦੂਰ ਏ ?" ਬਸ਼ੀਰਾਂ ਨੇ ਪੁੱਛਿਆ।

ਸੰਤ ਜੀ ਹੱਸ ਪਏ ਤੇ ਕਿਹਾ, "ਬੜੀ ਅਨੋਖੀ ਜਿਹੀ ਗੱਲ ਕੀਤੀ ਏ। ਮੈਨੂੰ ਕੀ ਪਤਾ ਤੁਹਾਡਾ ਘਰ ਕਿੱਥੇ ਵੇ। ਮੈਂ ਤਾਂ ਸਗੋਂ ਅਜੇ ਪੁੱਛਣਾ ਸੀ ਕਿ ਤੂੰ ਕਿੱਥੋਂ ਦੀ ਰਹਿਣ ਵਾਲੀ ਏਂ ਤਾਕਿ ਤੈਨੂੰ ਘਰ ਛੱਡ ਆਈਏ।"

"ਅਸੀਂ ਰਹਿਣ ਵਾਲੇ ਤਾਂ ਪਿਸ਼ੌਰ ਦੇ ਹਾਂ ਪਰ ਅੱਜ-ਕੱਲ੍ਹ ਮੇਰੇ ਅੱਬਾ ਸਿੱਖਾਂ ਵਿਰੁਧ ਲੜਾਈ ਲਈ ਏਥੇ ਨੌਸ਼ਹਿਰੇ ਨੇੜੇ ਆਏ ਹੋਏ ਹਨ," ਬਸ਼ੀਰਾਂ ਨੇ ਦੱਸਿਆ।

"ਕੀ ਨਾਂ ਏ ਤੇਰੇ ਅੱਬਾ ਦਾ ?" ਸੰਤ ਜੀ ਨੇ ਹੈਰਾਨੀ ਨਾਲ ਪੁੱਛਿਆ।

"ਉਮਰ ਹਯਾਤ ਖ਼ਾਨ," ਬਸ਼ੀਰਾਂ ਨੇ ਕਿਹਾ ਤੇ ਫਿਰ ਸੰਤ ਜੀ ਦਾ ਬਦਲਦਾ ਚਿਹਰਾ ਮਹਿਸੂਸ ਕਰ ਕੇ ਪੁੱਛਿਆ, "ਤੁਸੀਂ ਜਾਣਦੇ ਹੋ ਉਹਨਾਂ ਨੂੰ ?"

"ਨਹੀਂ, ਮੈਂ ਦਰਸ਼ਨ ਤਾਂ ਨਹੀਂ ਕੀਤੇ ਪਰ ਉਸ ਨਾਂ ਸੁਣਿਆ ਹੋਇਆ ਏ। ਅੱਜ-ਕੱਲ੍ਹ ਉਹਨਾਂ ਦਾ ਆਪਣੇ ਸਾਰੇ ਇਲਾਕੇ ਵਿਚ ਬੜਾ ਚਰਚਾ ਏ। ਲੋਕ ਤਾਂ ਕਹਿੰਦੇ ਨੇ ਕਿ ਸਿੱਖਾਂ ਨੂੰ ਠੱਲ੍ਹ ਹੋਰ ਕੋਈ ਪਾ ਨਹੀਂ ਸਕਦਾ," ਸੰਤ ਜੀ ਨੇ ਦੱਸਿਆ।

"ਇਸੇ ਲਈ ਤਾਂ ਉਹਨਾਂ ਨੂੰ ਅੱਗੇ ਲਾਇਆ ਗਿਆ ਏ। ਪਿਸ਼ੌਰ ਦਾ ਹਾਕਮ ਆਪ ਅਜੇ ਡਰਦਾ ਅੱਗੇ ਨਹੀਂ ਹੁੰਦਾ ਪਰ ਮੇਰੇ ਅੱਬਾ ਤਾਂ ਕਹਿੰਦੇ ਨੇ ਕਿ ਮੈਂ ਕਿਸੇ ਹਾਲਤ ਵਿਚ ਵੀ ਅਟਕ 'ਤੇ ਸਿੱਖਾਂ ਦਾ ਕਬਜ਼ਾ ਨਹੀਂ ਰਹਿਣ ਦੇਣਾ," ਬਸ਼ੀਰਾਂ ਨੇ ਕਿਹਾ।

"ਬਿਲਕੁਲ ਠੀਕ ਏ," ਸੰਤ ਜੀ ਬੋਲੇ, "ਸਿੱਖਾਂ ਦਾ ਕਬਜ਼ਾ ਨਹੀਂ ਰਹਿਣਾ ਚਾਹੀਦਾ। ਚੰਗਾ ਤੂੰ ਬਹੁਤੀਆਂ ਗੱਲਾਂ ਨਾ ਕਰ, ਤੇਰੇ ਮੱਥੇ 'ਤੇ ਕਮਜ਼ੋਰੀ ਨਾਲ ਤਰੇਲੀਆਂ ਆ ਰਹੀਆਂ ਹਨ।"

"ਮੈਂ ਇਤਨੀ ਕਮਜ਼ੋਰੀ ਕਿਉਂ ਮਹਿਸੂਸ ਕਰ ਰਹੀ ਹਾਂ ਤੇ ਮੇਰੇ ਮੱਥੇ 'ਤੇ ਤਰੇਲੀਆਂ ਕਿਉਂ ਆ ਰਹੀਆਂ ਹਨ ?" ਬਸ਼ੀਰਾਂ ਨੇ ਪੁੱਛਿਆ।

"ਤਕਲੀਫ਼ ਥੋੜ੍ਹੀ ਤਾਂ ਨਹੀਂ ਝਾਗੀ ਤੂੰ। ਸਰੀਰ ਠੋਕਰਿਆ ਜਾਏ ਤਾਂ ਇਸੇ ਤਰ੍ਹਾਂ ਕਮਜ਼ੋਰੀ ਹੋ ਜਾਂਦੀ ਏ," ਸੰਤ ਜੀ ਨੇ ਦੱਸਿਆ।

"ਸੰਤ ਜੀ ਦੇ ਦੋ-ਤਿੰਨ ਚੇਲੇ ਆ ਗਏ। ਉਹਨਾਂ ਕੁਟੀਆ ਵਿਚ ਮੁਟਿਆਰ ਦੇਖ ਕੇ ਅੱਗੇ ਆਉਣ ਦਾ ਹੌਸਲਾ ਨਾ ਕੀਤਾ ਤੇ ਪਰ੍ਹੇ ਹਟ ਗਏ। ਸੰਤ ਜੀ ਉੱਠ ਕੇ ਬਾਹਰ ਚਲੇ ਗਏ ਤੇ ਕੁਟੀਆ ਤੋਂ ਕੁਝ ਹਟਵੇਂ ਖੜ੍ਹੇ ਹੋ ਕੇ ਗੱਲਾਂ ਕਰਨ ਲੱਗ ਪਏ। ਬਸ਼ੀਰਾਂ ਨੇ ਆਪਣੇ ਕੰਨ ਉਧਰ ਲਾ ਕੇ ਸੁਣਨ ਦਾ ਬੜਾ ਯਤਨ ਕੀਤਾ, ਪਰ ਉਹ ਇਤਨੀ ਹੌਲੀ ਗੱਲਾਂ ਕਰ ਰਹੇ ਸਨ ਕਿ ਉਸਨੂੰ ਕੁਝ ਵੀ ਸੁਣਾਈ ਨਾ ਦਿੱਤਾ। ਉਸ ਨੇ ਝੁੱਗੀ ਵਿਚ ਬਣੀਆਂ ਵਿੱਥਾਂ ਵਿਚੋਂ ਦੇਖਿਆ ਕਿ ਸੰਤ ਜੀ ਨੇ ਦੋ ਵਾਰ ਉਸ ਵੱਲ ਇਸ਼ਾਰਾ ਕਰ ਕੇ ਗੱਲ ਕੀਤੀ ਏ। ਇਸ ਤੋਂ ਅਨੁਮਾਨ ਲਾਇਆ ਕਿ ਉਸ ਬਾਰੇ ਹੀ ਗੱਲਾਂ ਹੋ ਰਹੀਆਂ ਹਨ।

ਸੰਤ ਜੀ ਕੁਟੀਆ ਦੇ ਅੰਦਰ ਆ ਗਏ ਤੇ ਬਸ਼ੀਰਾਂ ਨੂੰ ਕਿਹਾ, "ਮੈਂ ਤੇਰੇ ਲਈ ਕੁਝ ਖਾਣ ਵਾਸਤੇ ਲਿਆਵਾਂ ?"

"ਨਹੀਂ ਮੈਂ ਕੁਝ ਨਹੀਂ ਖਾਣਾ। ਜਿਸ ਤਰ੍ਹਾਂ ਵੀ ਹੋਵੇ, ਮੈਨੂੰ ਘਰ ਪੁਚਾ ਦਿਓ। ਮੇਰੇ ਮਾਤਾ-ਪਿਤਾ ਬੜੇ ਦੁਖੀ ਹੋ ਰਹੇ ਹੋਣਗੇ," ਬਸ਼ੀਰਾਂ ਨੇ ਤਰਲੇ ਨਾਲ ਕਿਹਾ।

"ਘਰ ਜ਼ਰੂਰ ਪੁਚਾਵਾਂਗਾ, ਪਰ ਕੁਝ ਦੇਰ ਠਹਿਰ ਜਾਓ," ਸੰਤ ਜੀ ਨੇ ਬੜੇ ਧਿਆਨ ਨਾਲ ਕਿਹਾ।

"ਮੈਨੂੰ ਇਥੇ ਇਕੱਲੀ ਨੂੰ ਡਰ ਲਗਦਾ ਏ," ਬਸ਼ੀਰਾਂ ਨੇ ਤਰਲਾ ਕੀਤਾ।

"ਡਰਨ ਵਾਲੀ ਕੋਈ ਗੱਲ ਨਹੀਂ," ਸੰਤ ਜੀ ਨੇ ਕਿਹਾ, "ਇਥੇ ਕੋਈ ਹੋਰ ਨਹੀਂ ਆ ਸਕਦਾ।"

"ਹੁਣ ਬਾਹਰ ਕੌਣ ਆਏ ਸਨ ?" ਬਸ਼ੀਰਾਂ ਨੇ ਪੁੱਛਿਆ।

"ਮੇਰੇ ਚੇਲੇ ਸਨ।"

"ਕਿੰਨੇ ਕੁ ਚੇਲੇ ਜੇ ?"

"ਬਹੁਤ ਸਾਰੇ।"

"ਤੁਸੀਂ ਸਿਰਫ਼ ਰੱਬ ਦਾ ਨਾਮ ਹੀ ਜਪਦੇ ਰਹਿੰਦੇ ਹੋ ?" ਬਸ਼ੀਰਾਂ ਨੇ ਸੰਤ ਤੋਂ ਪੁੱਛ ਕੀਤੀ।

"ਨਹੀਂ, ਰੱਬ ਦਾ ਨਾਮ ਜਪਣ ਤੋਂ ਬਿਨਾਂ ਲੋਕਾਂ ਦੇ ਦੁੱਖ ਦੂਰ ਕਰਨ ਲਈ ਵੀ ਬਹੁਤ ਕੁਝ ਕਰਦੇ ਹਾਂ," ਸੰਤ ਜੀ ਨੇ ਦਸਿਆ।

"ਲੋਕਾਂ ਲਈ ਕੀ ਕਰਦੇ ਹੋ ?" ਬਸ਼ੀਰਾਂ ਨੇ ਹੈਰਾਨੀ ਪ੍ਰਗਟ ਕਰਦਿਆਂ ਪੁੱਛਿਆ।

"ਦਿਲਾਂ ਦੀਆਂ ਗੱਲਾਂ ਬੁਝਦੇ ਹਾਂ," ਸੰਤ ਜੀ ਨੇ ਦੱਸਿਆ, "ਜੀਵਨ ਵਿਚ ਆਉਣ ਵਾਲੀਆਂ ਔਕੜਾਂ ਦੱਸਦੇ ਹਾਂ ਤੇ ਅੱਗੋਂ ਉਹਨਾਂ ਨੂੰ ਹੱਲ ਕਰਨ ਲਈ ਤਰੀਕੇ ਸਮਝਾਂਦੇ ਹਾਂ।"

ਅਜੇ ਉਹ ਗੱਲਾਂ ਕਰ ਹੀ ਰਹੇ ਸਨ ਕਿ ਦੋ ਆਦਮੀ ਆ ਗਏ, ਜਿਨ੍ਹਾਂ ਦੀਆਂ ਸ਼ਕਲਾਂ ਘੱਟ ਹੀ ਪਛਾਣੀਆਂ ਜਾ ਸਕਣ ਵਾਲੀਆਂ ਸਨ। ਦੋਹਾਂ ਨੇ ਚਾਦਰਾਂ ਉੱਪਰ ਕਰ ਕੇ ਉਹਨਾਂ ਦੇ ਮੜਾਸੇ ਮਾਰੇ ਹੋਏ ਸਨ।

ਦੋਹਾਂ ਨੇ ਆਉਂਦਿਆਂ ਹੀ ਸੰਤ ਜੀ ਨੂੰ ਮੱਥਾ ਟੇਕਿਆ ਤੇ ਸੰਤ ਜੀ ਨੇ ਆਪਣਾ ਹੱਥ ਉਹਨਾਂ ਦੇ ਸਿਰਾਂ ਤੋਂ ਥੋੜ੍ਹਾ ਜਿਹਾ ਉੱਪਰ ਰੱਖ ਕੇ ਪਿਆਰ ਦਿੱਤਾ। ਦੋਵੇਂ ਹੱਥ ਜੋੜ ਕੇ ਉਥੇ ਹੀ ਬੈਠ ਗਏ। ਸੰਤ ਜੀ ਨੇ ਉਨ੍ਹਾਂ ਵੱਲ ਧਿਆਨ ਨਾਲ ਵੇਖਿਆ ਤੇ ਕਿਹਾ, "ਬੱਚਾ ਤੈਨੂੰ ਬੜਾ ਕਸ਼ਟ ਜਾਪਦਾ ਏ। ਤੇਰੇ ਘਰ ਵਿਚੋਂ ਬੀਮਾਰੀ ਨਹੀਂ ਨਿਕਲਦੀ। ਹੁਣ ਤੇਰੇ ਡੰਗਰ ਵੀ ਮਰਨ ਲੱਗ ਪਏ ਹਨ। ਕਿਉਂ, ਇਸੇ ਲਈ ਆਇਆਂ ਏ ?"

"ਜੀ ਆ, ਤੁਸੀਂ ਤਾਂ ਜ਼ਰੂਰ ਜਾਣੀ-ਜਾਣ ਹੋ। ਮੈਂ ਬੜਾ ਘਬਰਾਇਆ ਹਾਂ ਕਿ ਕੀ ਕਰਾਂ। ਮੈਨੂੰ ਕੋਈ ਉਪਾਅ ਦੱਸੋ," ਹੱਥ ਜੋੜ ਕੇ ਬੜੇ ਸਤਿਕਾਰ ਨਾਲ ਇਕ ਆਦਮੀ ਨੇ ਕਿਹਾ।

ਬਸ਼ੀਰਾਂ ਬੜੀ ਹੈਰਾਨ ਹੋਈ ਕਿ ਸੰਤ ਜੀ ਨੇ ਕਿਵੇਂ ਬੁੱਝ ਲਿਆ ਹੈ ਕਿ ਇਹਨਾਂ ਦੇ ਘਰੋਂ ਬੀਮਾਰੀ ਨਹੀ ਨਿਕਲਦੀ। ਇਹਦੇ ਮੱਥੇ ਤੋਂ ਹੀ ਦੇਖ ਲਿਆ ਕਿ ਘਰ ਡੰਗਰ ਮਰ ਰਹੇ ਹਨ।

"ਤੂੰ ਬੱਚਾ ਜਾ ਕੇ ਪੁੰਨ-ਦਾਨ ਕਰ। ਪੰਜ ਆਦਮੀਆਂ ਨੂੰ ਰੋਜ਼ ਰੋਟੀ ਖਵਾਇਆ ਕਰ। ਅਸੀਂ ਤੇਰੇ ਕਸ਼ਟ ਦੂਰ ਕਰਨ ਲਈ ਇਥੇ ਪੂਜਾ ਕਰਾਂਗੇ। ਹਰ ਸੋਮਵਾਰ ਨੂੰ ਇਥੇ ਆਇਆ ਕਰ," ਸੰਤ ਜੀ ਨੇ ਕਿਹਾ ਤੇ ਫਿਰ ਦੂਜੇ ਵੱਲ ਵਧੇ। ਉਹਦੇ ਹੱਥ ਦੀ ਤਲੀ ਦੇਖੀ ਤੇ ਫਿਰ ਕਿਹਾ, "ਤੇਰੇ ਮੂੰਹ 'ਤੇ ਨਿੱਕੀ ਤਿੱਲੀ ਨਿਕਲੀ ਹੋਈ ਏ ?"

"ਜੀ ਆ।"

"ਤੂੰ ਆਪਣੇ ਵਿਆਹ ਬਾਰੇ ਪੁੱਛਣ ਆਇਆ ਏਂ ?" ਸੰਤ ਜੀ ਨੇ ਕਿਹਾ।

"ਬਿਲਕੁਲ ਇਸੇ ਲਈ," ਉਹਦੇ ਨਾਲ ਦੇ ਆਦਮੀ ਨੇ ਕਿਹਾ।

"ਤੇਰਾ ਵਿਆਹ ਨਹੀਂ ਹੋ ਸਕਦਾ। ਤੇਰੇ ਹੱਥ 'ਤੇ ਵਿਆਹ ਦੀ ਰੇਖਾ ਹੀ ਕੋਈ ਨਹੀਂ," ਸੰਤ ਜੀ ਨੇ ਦੱਸਿਆ।

ਉਹ ਰੋਣ ਲੱਗ ਪਿਆ ਤੇ ਸੰਤ ਜੀ ਦੇ ਚਰਨ ਫੜ ਲਏ। ਸੰਤ ਜੀ ਨੇ ਉਹਨੂੰ ਮੋਢਿਆਂ ਤੋਂ ਫੜ ਕੇ ਉਠਾਇਆ ਤੇ ਕਿਹਾ, "ਧੀਰਜ ਕਰੋ, ਰੱਬ ਤੁਹਾਡੀ ਆਸ ਪੂਰੀ ਕਰ ਸਕਦਾ ਏ।"

"ਕਿਸ ਤਰ੍ਹਾਂ ?" ਉਸ ਝੱਟ ਤਰਲੇ ਨਾਲ ਪੁੱਛਿਆ।

"ਚੰਗਾ ਮੈਂ ਇਹਦਾ ਕੋਈ ਉਪਾਅ ਸੋਚਾਂਗਾ। ਤੂੰ ਅਗਲੇ ਸੋਮਵਾਰ ਨੂੰ ਫਿਰ ਆਈਂ ਮੈਂ ਕੁਝ ਸੋਚ ਰੱਖਾਂਗਾ।

ਦੋਨਾਂ ਨੇ ਸੰਤਾਂ ਦੇ ਪੈਰਾਂ 'ਤੇ ਫਿਰ ਮੱਥਾ ਟੇਕਿਆ ਤੇ ਹੱਥ ਜੋੜ ਕੇ ਚਲੇ ਗਏ।

ਬਸ਼ੀਰਾਂ ਸਾਰੀ ਗੱਲ ਨੂੰ ਬੜੇ ਧਿਆਨ ਨਾਲ ਸੁਣਦੀ ਰਹੀ। ਜਦ ਉਹ ਚਲੇ ਗਏ ਤਾਂ ਉਸ ਕਿਹਾ, "ਹੱਦ ਹੋ ਗਈ ਸੰਤ ਜੀ, ਤੁਸੀਂ ਤਾਂ ਕਮਾਲ ਹੀ ਕਰ ਦਿਖਾਈ ਏ। ਤੁਹਾਨੂੰ ਦਿਲ ਦੀਆਂ ਗੱਲਾਂ ਦਾ ਕਿਵੇਂ ਪਤਾ ਲੱਗ ਜਾਂਦਾ ਏ ?"

"ਇਹੀ ਤਾਂ ਸਾਡੇ ਜੀਵਨ ਦੀ ਕਮਾਈ ਏ। ਅਸੀਂ ਤਪੱਸਿਆ ਵਿਚੋਂ ਇਹੀ ਕੁਝ ਪ੍ਰਾਪਤ ਕੀਤਾ ਏ," ਸੰਤ ਜੀ ਬੋਲੇ।

"ਮੈਂ ਤਾਂ ਹੈਰਾਨ ਰਹਿ ਗਈ ਹਾਂ ਕਿ ਤੁਸੀਂ ਬੜੇ ਗੁਣਾਂ ਵਾਲੇ ਹੋ। ਤੁਹਾਡੀ ਉਮਰ ਤਾਂ ਬਹੁਤੀ ਨਹੀਂ ਜਾਪਦੀ," ਬਸ਼ੀਰਾਂ ਨੇ ਕਿਹਾ।

"ਮੇਰੀ ਉਮਰ ਤਾਂ ਮਸਾਂ ਅਜੇ 30 ਕੁ ਸਾਲ ਦੀ ਹੋਣੀ ਏ," ਸੰਤ ਜੀ ਨੇ ਕਿਹਾ, "ਅਸਲ ਵਿਚ ਨਿੱਕੀ ਉਮਰੇ ਹੀ ਦਿਲ ਜ਼ਿੰਦਗੀ ਤੋਂ ਉਪਰਾਮ ਹੋ ਗਿਆ ਤੇ ਮੈਂ ਸੰਤ ਬਣ ਗਿਆ ਸਾਂ। ਅੱਗੋਂ ਖ਼ੁਸ਼ਕਿਸਮਤੀ ਨਾਲ ਮੈਨੂੰ ਅਜਿਹੇ ਸੰਤਾਂ ਦੀ ਸੰਗਤ ਮਿਲ ਗਈ ਜੋ ਬੜੇ ਗੁਣੀ-ਗਿਆਨੀ ਤੇ ਮਹਾਨ ਪਰਉਪਕਾਰੀ ਜੀਵਨ ਵਾਲੇ ਸਨ। ਉਹਨਾਂ ਦੀ ਸੰਗਤ ਨੇ ਮੈਨੂੰ ਵੀ ਕੁਝ ਲਗਨ ਲਾਈ ਤੇ ਮੈਂ ਫਿਰ ਤਪੱਸਿਆ ਵਿਚ ਜੁਟ ਗਿਆ। ਹੁਣ ਕੁਝ ਚਿਰ ਲਈ ਇਥੇ ਦਰਿਆ ਦੇ ਕੰਢੇ ਠਹਿਰੇ ਹੋਏ ਹਾਂ। ਜਦ ਦਿਲ ਨੇ ਚਾਹਿਆ ਡੇਰਾ ਚੁੱਕ ਕੇ ਕਿਧਰੇ ਹੋਰ ਚਲੇ ਜਾਵਾਂਗੇ।"

"ਤੁਸੀਂ ਮੈਨੂੰ ਛੱਡ ਆਓ," ਬਸ਼ੀਰਾਂ ਨੇ ਤਰਲੇ ਨਾਲ ਫਿਰ ਕਿਹਾ।

"ਹੁਣੇ ਮੇਰੇ ਚੇਲੇ ਆ ਜਾਣ ਤਾਂ ਉਹਨਾਂ ਨੂੰ ਤੇਰੇ ਨਾਲ ਭੇਜ ਦਿਆਂਗਾ। ਮੈਂ ਉਨ੍ਹਾਂ ਨੂੰ ਹੀ ਉਡੀਕ ਰਿਹਾ ਹਾਂ," ਸੰਤ ਜੀ ਨੇ ਦੱਸਿਆ।

"ਮੇਰੀ ਇਕ ਅਰਜ਼ ਮੰਨੋਗੇ ?" ਬਸ਼ੀਰਾਂ ਨੇ ਹੱਥ ਜੋੜ ਕੇ ਉਸੇ ਤਰ੍ਹਾਂ ਕਿਹਾ ਜਿਵੇਂ ਪਹਿਲਾਂ ਦੋ ਆਦਮੀ ਕਰ ਗਏ ਸਨ। ਸੰਤ ਜੀ ਨੇ ਮੁਸਕਰਾਂਦਿਆਂ ਪੁੱਛਿਆ, "ਦੱਸ, ਕੀ ਗੱਲ ਏ ?"

"ਤੁਸੀਂ ਛੱਡਣ ਲਈ ਆਪ ਚੱਲੋ," ਬਸ਼ੀਰਾਂ ਨੇ ਇੱਛਾ ਪ੍ਰਗਟ ਕੀਤੀ।

"ਕਿਉਂ ?" ਸੰਤ ਜੀ ਨੇ ਪੁੱਛਿਆ।

"ਮੈਂ ਚਾਹੁੰਦੀ ਹਾਂ ਕਿ ਮੇਰੇ ਮਾਤਾ-ਪਿਤਾ ਤੁਹਾਡੇ ਦਰਸ਼ਨ ਕਰ ਲੈਣ।" ਬਸ਼ੀਰਾਂ ਨੇ ਦਿਲ ਦੀ ਗੱਲ ਦੱਸ ਦਿਤੀ।

"ਮੈਂ ਗ੍ਰਿਹਸਤੀਆਂ ਦੇ ਘਰ ਜਾਣਾ ਚੰਗਾ ਨਹੀਂ ਸਮਝਦਾ," ਸੰਤ ਜੀ ਨੇ ਬਹਾਨਾ ਬਣਾ ਕੇ ਕਿਹਾ।

"ਮੇਰੇ ਲਈ ਚਲੇ ਚੱਲੋ। ਜਿੱਥੇ ਮੇਰੀ ਜਾਨ ਬਚਾਉਣ ਲਈ ਇਤਨਾ ਕੁਝ ਕੀਤਾ ਜੇ ਉੱਥੇ ਘਰ ਤਕ ਤਾਂ ਛੱਡ ਆਓ। ਤੁਹਾਡੇ ਚੱਲਣ ਨਾਲ ਮੇਰੀ ਆਤਮਾ ਨੂੰ ਵਧੇਰੇ ਖ਼ੁਸ਼ੀ ਹੋਵੇਗੀ," ਬਸ਼ੀਰਾਂ ਨੇ ਕਿਹਾ।

"ਚੰਗਾ ਮੈਂ ਚਲਦਾ ਹਾਂ," ਸੰਤ ਜੀ ਨੇ ਕਿਹਾ।

ਬਸ਼ੀਰਾਂ ਨੂੰ ਬੜੀ ਖ਼ੁਸ਼ੀ ਹੋਈ। ਉਹਦੇ ਸਰੀਰ ਵਿਚ ਹੁਣ ਅੱਗੇ ਨਾਲੋਂ ਵੀ ਵੱਧ ਹਿੰਮਤ ਹੋ ਗਈ ਸੀ। ਉਹ ਉੱਠ ਬੈਠੀ ਤੇ ਕੱਪੜੇ ਠੀਕ ਕਰ ਕੇ ਤਿਆਰ ਹੋ ਗਈ।

ਸੰਤ ਜੀ ਦੇ ਚੇਲੇ ਆ ਗਏ। ਸੰਤ ਜੀ ਨੇ ਉਹਨਾਂ ਨੂੰ ਪਿੱਛੇ ਦਾ ਧਿਆਨ ਰੱਖਣ ਲਈ ਕਿਹਾ ਤੇ ਇਕ ਚੇਲੇ ਨੂੰ ਨਾਲ ਲੈ ਕੇ ਬਸ਼ੀਰਾਂ ਸਮੇਤ ਨੌਸ਼ਹਿਰੇ ਨੂੰ ਚੱਲ ਪਏ।

4

ਉਮਰ ਹਯਾਤ ਖ਼ਾਨ ਦੇ ਸਾਰੇ ਆਦਮੀ ਭਾਲ ਕਰ ਕੇ ਵਾਪਸ ਆ ਗਏ ਪਰ ਉਨ੍ਹਾਂ ਨੂੰ ਕਿਧਰੇ ਵੀ ਬਸ਼ੀਰਾਂ ਨਾ ਮਿਲੀ। ਉਮਰ ਹਯਾਤ ਖ਼ਾਨ ਨੂੰ ਆਪਣੀ ਇਕਲੌਤੀ ਧੀ ਦੇ ਡੁੱਬ ਜਾਣ ਦਾ ਬੜਾ ਦੁੱਖ ਲੱਗਾ। ਉਸ ਦੀ ਮੌਤ ਨੇ ਉਮਰ ਹਯਾਤ ਖ਼ਾਨ ਨੂੰ ਇਤਨਾ ਨਿਤਾਣਾ ਤੇ ਬੇ-ਹੌਸਲਾ ਕਰ ਦਿੱਤਾ ਕਿ ਉਸ ਨੂੰ ਸਾਰੇ ਕੰਮਾਂ ਵਿਚ ਦਿਲਚਸਪੀ ਖ਼ਤਮ ਹੁੰਦੀ ਪ੍ਰਤੀਤ ਹੋਣ ਲੱਗੀ।

ਰਾਤ ਨੂੰ ਤਾਂ ਇਕ ਪਾਸੇ ਰਿਹਾ, ਦੂਜੇ ਦਿਨ ਵੀ ਉਮਰ ਹਯਾਤ ਖ਼ਾਨ ਨੇ ਕੁਝ ਨਾ ਖਾਧਾ-ਪੀਤਾ। ਨਾ ਹੀ ਸਵੇਰੇ ਹਜਾਮਤ ਕਰਾਈ ਤੇ ਨਾ ਹੀ ਨਹਾ-ਧੋ ਕੇ ਤਿਆਰ

ਹੋਇਆ। ਬਹੁਤ ਸਾਰੇ ਇਲਾਕੇ ਦੇ ਚੌਧਰੀ ਆਏ ਤੇ ਸਾਰਿਆਂ ਨੇ ਅਫ਼ਸੋਸ ਪ੍ਰਗਟ ਕੀਤਾ। ਜਦੋਂ ਵੀ ਕੋਈ ਬਸ਼ੀਰਾਂ ਦੀਆਂ ਪਿਛਲੀਆਂ ਗੱਲਾਂ ਛੇੜਦਾ ਤਾਂ ਉਮਰ ਹਯਾਤ ਖ਼ਾਨ ਤੋਂ ਬਰਦਾਸ਼ਤ ਨਾਂ ਹੋ ਸਕਦਾ ਤੇ ਉਹ ਰੋਣ ਲੱਗ ਪੈਂਦਾ। ਸਾਰੀ ਰਾਤ ਰੋਂਦਿਆਂ ਉਹਦੀਆਂ ਅੱਖਾਂ ਸੁੱਜ ਗਈਆਂ। ਬਸ਼ੀਰਾਂ ਦੀ ਮਾਂ ਨੂੰ ਤਾਂ ਲਗਾਤਾਰ ਗਸ਼ੀਆਂ ਪੈ ਰਹੀਆਂ ਸਨ ਤੇ ਸਿਆਣੇ ਹਕੀਮਾਂ ਦਾ ਕਹਿਣਾ ਸੀ ਕਿ ਜੇਕਰ ਇਸ ਨੇ ਇਸ ਦੁੱਖ ਨੂੰ ਇਸੇ ਤਰ੍ਹਾਂ ਲਗਾਤਾਰ ਮਹਿਸੂਸ ਕੀਤਾ ਤਾਂ ਬੇਗਮ ਦੀ ਜ਼ਿੰਦਗੀ ਖ਼ਤਰੇ ਵਿਚ ਹੈ। ਕਿਸੇ ਵੇਲੇ ਵੀ ਇਹਦਾ ਦਿਲ ਫੇਲ੍ਹ ਹੋ ਸਕਦਾ ਹੈ।

"ਜਨਾਬ, ਹੁਣ ਕਿਸ ਪਾਸੇ ਭਾਲ ਕਰਨੀ ਚਾਹੀਦੀ ਹੈ ?" ਇਕ ਫ਼ੌਜੀ ਨੇ ਆ ਕੇ ਬੜੀ ਹੌਲੀ ਜਿਹੀ ਪੁੱਛਿਆ।

"ਕੀ ਭਾਲ ਕਰਨੀ ਏ ਹੁਣ," ਲੰਮਾ ਸਾਰਾ ਸਾਹ ਲੈ ਕੇ ਉਮਰ ਹਯਾਤ ਖ਼ਾਨ ਨੇ ਕਿਹਾ, "ਜੇ ਹੁਣ ਤਕ ਨਹੀਂ ਮਿਲ ਸਕੀ ਉਸ ਦੇ ਮਿਲਣ ਦੀ ਆਸ ਕਰਨੀ ਵਿਅਰਥ ਹੈ, ਇਸ ਲਈ ਛੱਡੋ ਹੁਣ ਇਸ ਪਾਸੇ ਦਾ ਖ਼ਿਆਲ ਤੇ ਹੋਰ ਕੰਮ ਕਰੋ।"

"ਨਹੀਂ ਜਨਾਬ, ਯਤਨ ਕਰਨਾ ਚਾਹੀਦਾ ਹੈ, ਆਖ਼ਰ ਕੁਝ ਪਤਾ ਤਾਂ ਲੱਗਣਾ ਚਾਹੀਦਾ ਹੈ। ਜਿਹੜਾ ਬਸ਼ੀਰਾਂ ਦਾ ਸਰੀਰ ਨਹੀਂ ਮਿਲਿਆ ਉਸ ਤੋਂ ਮੈਨੂੰ ਤਾਂ ਸ਼ੱਕ ਪੈਂਦਾ ਏ ਕਿ ਉਹ ਡੁੱਬ ਕੇ ਨਹੀਂ ਮਰੀ। ਜ਼ਰੂਰ ਉਹ ਕਿਸੇ ਹੋਰ ਥਾਂ ਹੋਵੇਗੀ," ਉਮਰ ਹਯਾਤ ਖ਼ਾਨ ਦੇ ਨੇੜੇ ਹੀ ਬੈਠੇ ਇਕ ਬਿਰਧ ਜਿਹੇ ਆਦਮੀ ਨੇ ਕਿਹਾ।

"ਤੇਰਾ ਕੀ ਮਤਲਬ ਏ ਕਿ ਉਹ ਦਰਿਆ ਵਿਚ ਨਹੀਂ ਡੁੱਬੀ। ਰਹਿਮਤੋ ਤੇ ਉਹ ਸਿਪਾਹੀ ਝੂਠ ਬੋਲਦੇ ਹਨ," ਉਮਰ ਹਯਾਤ ਖ਼ਾਨ ਨੇ ਉਸ ਵੱਲ ਧਿਆਨ ਨਾਲ ਦੇਖਦਿਆਂ ਪੁੱਛਿਆ।

"ਮੈਂ ਇਹ ਤਾਂ ਨਹੀਂ ਕਿਹਾ ਕਿ ਉਹ ਦਰਿਆ ਵਿਚ ਨਹੀਂ ਡੁੱਬੀ ਹੋਵੇਗੀ। ਮੇਰਾ ਤਾਂ ਖ਼ਿਆਲ ਹੈ ਕਿ ਉਸ ਦਾ ਸਰੀਰ ਜੇਕਰ ਨਹੀਂ ਮਿਲਿਆ ਤਾਂ ਉਹ ਜ਼ਰੂਰ ਕਿਸੇ ਹੋਰ ਦੇ ਕਬਜ਼ੇ ਵਿਚ ਚਲਾ ਗਿਆ ਹੈ। ਦਰਿਆ ਵਿਚੋਂ ਸਰੀਰ ਦਾ ਨਾ ਮਿਲਣਾ ਹੈਰਾਨੀ ਵਾਲੀ ਗੱਲ ਏ। ਦਰਿਆ ਬਹੁਤ ਡੂੰਘਾ ਨਹੀਂ। ਫਿਰ ਪਹਾੜੀ ਇਲਾਕਾ ਹੋਣ ਕਰਕੇ ਪਾਣੀ ਵੀ ਇਤਨਾ ਸਾਫ਼ ਏ ਕਿ ਉਸ ਵਿਚੋਂ ਝੱਟ ਪਤਾ ਲੱਗ ਸਕਦਾ ਹੈ। ਤੁਸੀਂ ਝੱਟ ਪਿਛੋਂ ਪਹੁੰਚ ਗਏ ਸੀ ਤੇ ਦੂਰ ਤਕ ਭਾਲ ਕਰ ਲਈ ਸੀ। ਸਰੀਰ ਨਾ ਲੱਭਣਾ ਇਹ ਆਸ ਬੰਨ੍ਹਾਂਦਾ ਹੈ ਕਿ ਹੋ ਸਕਦਾ ਹੈ ਕਿ ਬਸ਼ੀਰਾਂ ਜਿਉਂਦੀ ਹੋਵੇ।" ਉਸ ਬੁੱਢੇ ਨੇ ਇਸ ਤਰ੍ਹਾਂ ਬੜੇ ਵਿਸਥਾਰ ਨਾਲ ਆਪਣੇ ਮਨ ਦੀ ਉਹ ਗੱਲ ਕਹਿ ਦਿੱਤੀ ਜੋ ਉਹ ਕਹਿਣੀ ਚਾਹੁੰਦਾ ਸੀ ਪਰ ਝਕਦਿਆਂ ਉਸ ਪਹਿਲਾਂ ਨਹੀਂ ਸੀ ਕਹੀ। ਹੁਣ ਜਦੋਂ ਗੱਲਾਂ ਛਿੜੀਆਂ ਤਾਂ ਉਸ ਆਪਣੀ ਰਾਇ ਪ੍ਰਗਟ ਕਰ ਦਿੱਤੀ।

"ਜੇਕਰ ਤੇਰੀ ਗੱਲ ਠੀਕ ਨਿਕਲੇ ਤੇ ਬਸ਼ੀਰਾਂ ਜਿਊਂਦੀ ਹੋਵੇ ਤਾਂ ਮੈਂ ਸੱਚਮੁੱਚ ਤੈਨੂੰ ਬੜਾ ਖ਼ੁਸ਼ ਕਰਾਂਗਾ। ਮੇਰੀ ਜ਼ਿੰਦਗੀ ਦੀ ਇਕੋ ਚਾਹ ਏ ਕਿ ਇਕ ਵਾਰ ਬਸ਼ੀਰਾਂ ਮੇਰੇ ਸਾਹਮਣੇ ਆ ਜਾਏ। ਮੈਂ ਆਪਣੀਆਂ ਅੱਖਾਂ ਨਾਲ ਬੱਚੀ ਨੂੰ ਦੇਖਾਂ," ਇਹ ਸ਼ਬਦ ਅਜੇ ਉਮਰ ਹਯਾਤ ਖ਼ਾਨ ਦੇ ਮੂੰਹ ਵਿਚ ਹੀ ਸਨ ਕਿ ਬਸ਼ੀਰਾਂ ਸਾਹਮਣੇ ਆ ਗਈ। ਉਮਰ ਹਯਾਤ ਖ਼ਾਨ ਦੀਆਂ ਵਾਛਾਂ ਖਿੜ ਗਈਆਂ। ਉਹਨੂੰ ਉੱਕਾ ਆਸ ਨਹੀਂ ਸੀ ਕਿ ਬਸ਼ੀਰਾਂ ਉਹਨੂੰ ਮਿਲ ਜਾਏਗੀ ਤੇ ਫਿਰ ਅਜੇ ਉਹ ਗੱਲ ਹੀ ਕਰ ਰਿਹਾ ਹੋਵੇਗਾ ਤਾਂ ਸਾਹਮਣੇ ਆ ਜਾਵੇਗੀ।

ਬਸ਼ੀਰਾਂ ਮੁਸਕਰਾਂਦੀ ਹੋਈ ਨੇੜੇ ਪਹੁੰਚੀ। ਉਮਰ ਹਯਾਤ ਖ਼ਾਨ ਮਾਤਮ ਦੀ ਵਛਾਈ ਫੂਹੜੀ ਤੋਂ ਉੱਠਿਆ ਤੇ ਬਸ਼ੀਰਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਉਸ ਦੇ ਵਾਲਾਂ ਨੂੰ ਕਈ ਵਾਰ ਪਿਆਰ ਨਾਲ ਚੁੰਮਿਆ ਤੇ ਫਿਰ ਪੁੱਛਿਆ, "ਕਿੱਧਰ ਚਲੀ ਗਈ ਸੀ ਮੇਰੀ ਧੀ। ਅਸੀਂ ਤਾਂ ਰੋ ਰੋ ਕੇ ਮਰਨ-ਕਿਨਾਰੇ ਹੋ ਗਏ ਸਾਂ।" ਇਤਨੇ ਵਿਚ ਸੰਤ ਜੀ ਮਹਾਰਾਜ ਤੇ ਉਹਨਾਂ ਦਾ ਚੇਲਾ ਵੀ ਸਾਹਮਣੇ ਆ ਗਏ। ਉਹਨਾਂ ਵੱਲ ਹੈਰਾਨੀ ਨਾਲ ਦੇਖਦਿਆਂ ਉਮਰ ਹਯਾਤ ਖ਼ਾਨ ਨੇ ਪੁੱਛਿਆ, "ਇਹ ਫ਼ਕੀਰ ਕੌਣ ਏ ?"

"ਇਹਨਾਂ ਮੈਨੂੰ ਬਚਾਇਆ ਏ। ਇਹਨਾਂ ਨੂੰ ਪਹਿਲਾਂ ਸਤਿਕਾਰ ਨਾਲ ਬਿਠਾਓ ਫਿਰ ਮੈਂ ਸਾਰੀ ਗੱਲ ਦੱਸਾਂਗੀ," ਬਸ਼ੀਰਾਂ ਨੇ ਕਿਹਾ।

ਉਮਰ ਹਯਾਤ ਖ਼ਾਨ ਬੜਾ ਖ਼ੁਸ਼ ਹੋਇਆ। ਇਕ ਸਿਪਾਹੀ ਨੂੰ ਇਸ਼ਾਰਾ ਕੀਤਾ ਤੇ ਉਹ ਝੱਟ ਅੰਦਰੋਂ ਤੰਬੂ ਵਿਚੋਂ ਇਕ ਮੂਹੜਾ ਕੱਢ ਲਿਆਇਆ। ਉਮਰ ਹਯਾਤ ਖ਼ਾਨ ਨੇ ਆਪ ਉਹ ਮੂਹੜਾ ਫੜ ਕੇ ਡਾਹਿਆ ਤੇ ਸੰਤ ਜੀ ਨੂੰ ਉਸ 'ਤੇ ਬਿਠਾ ਦਿੱਤਾ। ਹੱਥ ਜੋੜ ਕੇ ਫਿਰ ਉਮਰ ਹਯਾਤ ਖ਼ਾਨ ਨੇ ਕਿਹਾ, "ਤੁਸੀਂ ਮੇਰੇ 'ਤੇ ਬੜਾ ਅਹਿਸਾਨ ਕੀਤਾ ਏ। ਤੁਸਾਂ ਮੈਨੂੰ ਮੇਰੀ ਇਕ ਬੱਚੀ ਹੀ ਨਹੀਂ ਮੋੜ ਕੇ ਲਿਆ ਦਿੱਤੀ ਸਗੋਂ ਮੇਰੀ ਜ਼ਿੰਦਗੀ ਮੋੜ ਲਿਆਂਦੀ ਜੇ। ਸੱਚ ਪੁੱਛੋ, ਤਾਂ ਮੈਂ ਬਸ਼ੀਰਾਂ ਦੇ ਵਿਯੋਗ ਵਿਚ ਜੇ ਪਾਗਲ ਨਹੀਂ ਹੋਇਆ ਤਾਂ ਕਸਰ ਵੀ ਬਾਕੀ ਕੋਈ ਨਹੀਂ ਰਹੀ।"

"ਸਭ ਉਸ ਕਾਦਰ ਦੀ ਕੁਦਰਤ ਹੈ। ਕੋਈ ਕਿਸੇ ਲਈ ਕੁਝ ਨਹੀਂ ਕਰਦਾ। ਸਿਰਫ਼ ਰੱਬ ਹੀ ਸਾਡੇ ਸਾਰਿਆਂ ਲਈ ਕਰ ਰਿਹਾ ਹੈ। ਅਸੀਂ ਤਾਂ ਉਸ ਮਾਲਕ ਦੇ ਹੱਥਾਂ ਵਿਚ ਕਠਪੁਤਲੀਆਂ ਹਾਂ। ਜਿਵੇਂ ਉਹ ਕਰਾਂਦਾ ਹੈ ਉਸੇ ਤਰ੍ਹਾਂ ਅਸੀਂ ਕਰੀ ਜਾ ਰਹੇ ਹਾਂ," ਸੰਤ ਜੀ ਨੇ ਕਿਹਾ।

ਸਾਰੇ ਤੰਬੂਆਂ ਵਿਚ ਇਕ-ਦਮ ਇਹ ਖ਼ਬਰ ਪਹੁੰਚ ਗਈ ਕਿ ਬਸ਼ੀਰਾਂ ਆ ਗਈ ਏ। ਉਹਦੀ ਮਾਂ ਨੂੰ ਵੀ ਜਦ ਹੋਸ਼ ਆਈ ਤਾਂ ਉਹਨੂੰ ਦੱਸਿਆ ਗਿਆ ਕਿ ਬਸ਼ੀਰਾਂ ਸੁੱਖ-ਸਾਂਦ ਨਾਲ ਘਰ ਪਹੁੰਚ ਗਈ ਹੈ। ਇਸ ਨਾਲ ਉਹਦੇ ਮਨ ਨੂੰ ਵੀ ਖ਼ੁਸ਼ੀ ਹੋਈ

ਤੇ ਉਸ ਝੱਟ ਇਕ ਜ਼ਨਾਨੀ ਨੂੰ ਕਿਹਾ ਕਿ ਪਹਿਲਾਂ ਉਹਦੇ ਸਾਹਮਣੇ ਲਿਆ ਕੇ ਬਸ਼ੀਰਾਂ ਨੂੰ ਖੜਾ ਕਰੋ, ਉਹਨੂੰ ਪੂਰਾ ਯਕੀਨ ਤਾਂ ਹੀ ਆਏਗਾ। ਇਕ ਜ਼ਨਾਨੀ ਗਈ ਤੇ ਉਸ ਉਮਰ ਹਯਾਤ ਖ਼ਾਨ ਨੂੰ ਕਿਹਾ, "ਬਸ਼ੀਰਾਂ ਨੂੰ ਉਹਦੀ ਮਾਂ ਯਾਦ ਪਈ ਕਰਦੀ ਏ। ਜ਼ਰਾ ਛੇਤੀ ਭੇਜ ਦਿਓ ਤਾਕਿ ਉਹਨਾਂ ਦੀ ਹਾਲਤ ਫਿਰ ਨਾ ਵਿਗੜ ਜਾਏ।"

"ਜਾਹ ਬੱਚੀ, ਪਹਿਲਾਂ ਮਾਂ ਨੂੰ ਮਿਲ, ਉਹਨੂੰ ਕੱਲ੍ਹ ਸ਼ਾਮ ਦੀਆਂ ਗਸ਼ੀਆਂ ਪੈ ਰਹੀਆਂ ਨੇ," ਉਮਰ ਹਯਾਤ ਖ਼ਾਨ ਨੇ ਬਸ਼ੀਰਾਂ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਦਿਆਂ ਕਿਹਾ।

ਬਸ਼ੀਰਾਂ ਉੱਠ ਕੇ ਉਸੇ ਵੇਲੇ ਨਾਲ ਦੇ ਤੰਬੂ ਵਿਚ ਚਲੀ ਗਈ। ਦੋਵੇਂ ਮਾਵਾਂ-ਧੀਆਂ 20 ਘੰਟੇ ਪਿਛੋਂ ਮਿਲੀਆਂ ਪਰ ਇਸ ਤਰ੍ਹਾਂ ਰੋਈਆਂ ਜਿਵੇਂ ਚਿਰਾਂ ਦੀਆਂ ਵਿੱਛੜੀਆਂ ਹੋਈਆਂ ਹੋਨ। ਜ਼ਨਾਨੀਆਂ ਨੇ ਝਟ-ਪਟ ਉਹਨਾਂ ਨੂੰ ਵੱਖ ਕਰ ਦਿੱਤਾ ਤਾਕਿ ਬੇਗਮ ਦੀ ਤਬੀਅਤ ਫਿਰ ਨਾ ਖ਼ਰਾਬ ਹੋ ਜਾਏ।

ਬਸ਼ੀਰਾਂ ਨੇ ਅੱਖਾਂ ਪੂੰਝੀਆਂ ਤੇ ਬਾਹਰ ਆ ਗਈ। ਉਮਰ ਹਯਾਤ ਖ਼ਾਨ ਨੇ ਉਹਨੂੰ ਆਪਣੇ ਕੋਲ ਸੱਦਿਆ ਤੇ ਸਾਰੀ ਗੱਲ ਪੁੱਛੀ। ਬਸ਼ੀਰਾਂ ਨੇ ਦੱਸਿਆ ਕਿ ਉਹ ਚੁੰਨੀ ਫੜਦੀ ਪਾਣੀ ਵਿਚ ਚਲੀ ਗਈ ਤੇ ਉਸ ਸਮੇਂ ਪਾਣੀ ਇਤਨਾ ਜ਼ਿਆਦਾ ਸੀ ਕਿ ਉਹ ਡੁੱਬ ਗਈ। ਉਹਨੂੰ ਕੋਈ ਪਤਾ ਨਹੀਂ ਫਿਰ ਉਸ ਨਾਲ ਕੀ ਵਾਪਰੀ। ਜਦ ਉਹਨੂੰ ਹੋਸ਼ ਆਈ ਤਾਂ ਇਹਨਾਂ ਸੰਤਾਂ ਦੀ ਕੁਟੀਆ ਵਿਚ ਲੇਟੀ ਪਈ ਸੀ। ਵਿਚਕਾਰ ਕੀ ਕੁਝ ਹੋਇਆ ਇਸ ਬਾਰੇ ਉਹਨੂੰ ਕੁਝ ਪਤਾ ਨਹੀਂ। ਇਹ ਸਾਰਾ ਕੁਝ ਸੰਤ ਜੀ ਦੱਸ ਸਕਦੇ ਹਨ।

ਉਮਰ ਹਯਾਤ ਖ਼ਾਨ ਨੇ ਸੰਤ ਜੀ ਵੱਲ ਦੇਖਦਿਆਂ ਹੱਥ ਜੋੜ ਕੇ ਪੁੱਛਿਆ, "ਸੰਤ ਜੀ, ਤੁਸੀਂ ਇਹਦੀ ਜਾਨ ਕਿਸ ਤਰ੍ਹਾਂ ਬਚਾਈ ਏ?"

"ਮੈਂ ਤਾਂ ਕਿਸੇ ਦੀ ਜਾਨ ਨਹੀਂ ਬਚਾਈ। ਜਾਨ ਬਚਾਣ ਵਾਲਾ ਪਰਮਾਤਮਾ ਹੈ। ਇਹ ਬੰਦੇ ਦੇ ਵੱਸ ਦਾ ਰੋਗ ਨਹੀਂ," ਸੰਤਾਂ ਨੇ ਕਿਹਾ।

"ਚਲੋ, ਇਸੇ ਤਰ੍ਹਾਂ ਹੀ ਸਹੀ। ਤੁਸੀਂ ਇਹ ਤਾਂ ਦੱਸੋ ਕਿ ਬਸ਼ੀਰਾਂ ਜਦ ਦਰਿਆ ਵਿਚ ਡੁੱਬੀ ਤਾਂ ਫਿਰ ਤੁਹਾਡੇ ਡੇਰੇ 'ਤੇ ਕਿਸ ਤਰ੍ਹਾਂ ਜਾ ਪਹੁੰਚੀ। ਹੁਣ ਤਾਂ ਸਵਾਲ ਠੀਕ ਏ ਨਾ?" ਉਮਰ ਹਯਾਤ ਖ਼ਾਨ ਨੇ ਮੁਸਕਰਾਂਦਿਆਂ ਕਿਹਾ। ਉਹਦੇ ਚਿਹਰੇ 'ਤੇ ਰੋ ਰੋ ਕੇ ਅਜੇਹੇ ਨਿਸ਼ਾਨ ਬਣ ਗਏ ਸਨ ਕਿ ਹੁਣ ਮੁਸਕਰਾਹਟ ਵੀ ਓਪਰੀ ਜਾਪਣ ਲੱਗ ਪਈ।

ਸੰਤ ਜੀ ਨੇ ਵੀ ਨਿੱਕੀ ਜਿਹੀ ਮੁਸਕਰਾਹਟ ਬੁੱਲ੍ਹਾਂ 'ਤੇ ਲਿਆਉਂਦਿਆਂ ਕਿਹਾ, "ਮੈਂ ਸ਼ਾਮ ਨੂੰ ਦਰਿਆ ਦੇ ਕੰਢੇ 'ਤੇ ਫਿਰ ਰਿਹਾ ਸਾਂ ਕਿ ਇਹਦਾ ਸਰੀਰ ਦਰਿਆ ਵਿਚ ਰੁੜ੍ਹਦਾ ਜਾਂਦਾ ਦੇਖਿਆ। ਮੈਂ ਅੱਗੇ ਹੋ ਕੇ ਦਰਿਆ ਵਿਚੋਂ ਇਹਨੂੰ ਕਢਿਆ ਤੇ ਦੇਖਿਆ ਕਿ ਭਾਵੇਂ ਪੇਟ ਵਿਚ ਬਹੁਤ ਸਾਰਾ ਪਾਣੀ ਭਰ ਗਿਆ ਹੈ, ਪਰ ਅਜੇ ਤਕ ਪ੍ਰਾਣ ਕਾਇਮ

ਹਨ। ਮੈਂ ਤੁਰੰਤ ਇਹਨੂੰ ਆਪਣੇ ਡੇਰੇ ਲੈ ਗਿਆ ਤੇ ਉੱਥੇ ਜਾ ਕੇ ਘੜੇ 'ਤੇ ਪੁੱਠਾ ਲਿਟਾ ਕੇ ਇਹਦੇ ਪੇਟ ਵਿਚ ਭਰਿਆ ਪਾਣੀ ਕੱਢ ਦਿੱਤਾ। ਫੇਰ ਕੁਝ ਦੁਆਈ ਦਿੱਤੀ, ਇਸ ਨਾਲ ਇਹਦੀ ਹਾਲਤ ਕੁਝ ਠੀਕ ਹੋ ਗਈ। ਅੱਜ ਸਵੇਰੇ ਇਹਨੂੰ ਹੋਸ਼ ਆਈ ਤੇ ਇਸ ਆਪਣਾ ਪਤਾ ਦੱਸਿਆ। ਹੁਣ ਇਹਨੂੰ ਲੈ ਕੇ ਤੁਹਾਡੇ ਪਾਸ ਪਹੁੰਚ ਗਿਆ ਹਾਂ।"

"ਤੁਸੀਂ ਕਿੱਥੇ ਰਹਿੰਦੇ ਹੋ ?" ਉਮਰ ਹਯਾਤ ਖ਼ਾਨ ਨੇ ਪੁੱਛਿਆ।

"ਸੰਤਾਂ ਦੀ ਕੋਈ ਥਾਂ ਨਿਯਤ ਨਹੀਂ, ਸਾਰਾ ਸੰਸਾਰ ਹੀ ਆਪਣਾ ਹੈ," ਸੰਤ ਜੀ ਨੇ ਦੱਸਿਆ।

"ਫਿਰ ਵੀ ਅੱਜ-ਕੱਲ੍ਹ ਕਿੱਥੇ ਡੇਰੇ ਹਨ ? ਖ਼ਾਨ ਨੇ ਫਿਰ ਪੁੱਛਿਆ।

"ਅੱਜ-ਕੱਲ੍ਹ ਤਾਂ ਲੁੰਡੇ ਦਰਿਆ ਦੇ ਕੰਢੇ 'ਤੇ ਹੀ ਡੇਰਾ ਏ। ਕੁਝ ਦਿਨਾਂ ਤੋਂ ਇਥੇ ਆਏ ਹਾਂ। ਬਹੁਤ ਸੁੰਦਰ ਦ੍ਰਿਸ਼ ਦੇਖ ਕੇ ਮਨ ਨਹੀਂ ਮੰਨਿਆ ਕਿ ਅੱਗੇ ਜਾਈਏ, ਨਹੀਂ ਤਾਂ ਵਿਚਾਰ ਤਾਂ ਇਹ ਸੀ ਕਿ ਕਾਬਲ ਵੱਲ ਚੱਕਰ ਲਾਂਦੇ। ਇਹ ਪਾਸਾ ਅਸਾਂ ਅਗੇ ਨਹੀਂ ਦੇਖਿਆ," ਸੰਤ ਜੀ ਨੇ ਕਿਹਾ।

"ਤੁਸੀਂ ਅਸਲ ਵਿਚ ਕਿਸ ਇਲਾਕੇ ਦੇ ਰਹਿਣ ਵਾਲੇ ਹੋ ?" ਖ਼ਾਨ ਨੇ ਬੜੀ ਦਿਲਚਸਪੀ ਲੈਂਦਿਆਂ ਪੁੱਛਿਆ।

"ਅਸਲ ਇਲਾਕਾ ਵੀ ਕੋਈ ਨਹੀਂ। ਮੇਰੇ ਪਿਤਾ ਪੰਜਾਬ ਦੇ ਪਹਾੜੀ ਇਲਾਕੇ ਵਿਚ ਹੁਸ਼ਿਆਰਪੁਰ ਨੇੜੇ ਇਕ ਨਗਰ ਦੇ ਵਸਨੀਕ ਸਨ। ਨਿੱਕੇ ਹੁੰਦਿਆਂ ਹੀ ਮੈਨੂੰ ਪ੍ਰਭੂ-ਭਗਤੀ ਦੀ ਲਗਨ ਲੱਗ ਗਈ ਤੇ ਮੈਂ ਵਿਰਕਤ ਹੋ ਗਿਆ। ਬਹੁਤ ਸਾਰੇ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਤੇ ਉਨ੍ਹਾਂ ਤੋਂ ਪ੍ਰਭੂ-ਭਗਤੀ, ਜੋਤਿਸ਼ ਤੇ ਹੋਰ ਗੁਣ ਸਿੱਖੇ," ਸੰਤ ਜੀ ਨੇ ਆਪਣੀ ਯੋਗਤਾ ਦਾ ਸਾਰਾ ਹਾਲ ਦੱਸ ਕੇ ਉਮਰ ਹਯਾਤ ਖ਼ਾਨ 'ਤੇ ਚੰਗਾ ਪ੍ਰਭਾਵ ਪਾ ਲਿਆ।

"ਤੁਸੀਂ ਜੋਤਿਸ਼ ਵੀ ਜਾਣਦੇ ਹੋ ?" ਖ਼ਾਨ ਨੇ ਪੁੱਛਿਆ।

"ਜੀ ਆਂ," ਸੰਤ ਜੀ ਬੋਲੇ।

"ਪਿਤਾ ਜੀ, ਇਹ ਕਰਾਮਾਤੀ ਸੰਤ ਜੇ," ਬਸ਼ੀਰਾਂ ਕੋਲੋਂ ਬੋਲ ਪਈ, "ਮੈਂ ਆਪ ਅੱਜ ਸਵੇਰੇ ਦੇਖਿਆ ਸੀ, ਇਹਨਾਂ ਪਾਸ ਦੋ ਆਦਮੀ ਆਏ ਸਨ, ਇਹਨਾਂ ਨੇ ਝਟ-ਪਟ ਉਹਨਾਂ ਦੇ ਦਿਲ ਦੀਆਂ ਗੱਲਾਂ ਬੁੱਝ ਲਈਆਂ ਸਨ। ਇਹ ਦੱਸ ਸਕਦੇ ਹਨ ਕਿ ਤੁਸੀਂ ਇਸ ਵੇਲੇ ਮਨ ਵਿਚ ਕੀ ਧਾਰਿਆ ਹੋਇਆ ਹੈ।"

"ਅੱਛਾ, ਕਮਾਲ ਏ! ਦਿਲ ਦੀ ਗੱਲ ਬਿਨਾਂ ਦੱਸੇ ਬੁੱਝ ਲੈਂਦੇ ਨੇ," ਖ਼ਾਨ ਨੇ ਹੈਰਾਨੀ ਨਾਲ ਕਿਹਾ।

"ਚੰਗਾ ਸਾਨੂੰ ਆਗਿਆ ਏ, ਅਸੀਂ ਜਾ ਸਕਦੇ ਹਾਂ ?" ਸੰਤ ਜੀ ਨੇ ਮੁਹਰੇ ਤੋਂ

ਉਠਦਿਆਂ ਕਿਹਾ। ਸੰਤ ਜੀ ਦਾ ਦਿਲ ਇਥੋਂ ਜਾਣ ਲਈ ਨਹੀਂ ਸੀ ਕਰਦਾ ਪਰ ਕੇਵਲ ਦਿਖਾਵੇ ਲਈ ਤੇ ਇਹ ਪ੍ਰਭਾਵ ਪਾਉਣ ਲਈ ਕਿ ਉਹਨਾਂ ਨੂੰ ਇਸ ਥਾਂ ਨਾਲ ਕੋਈ ਦਿਲਚਸਪੀ ਨਹੀਂ, ਉਹ ਉੱਠ ਬੈਠੇ।

ਉਮਰ ਹਯਾਤ ਖ਼ਾਨ ਨੇ ਬੜੀ ਨਿਮਰਤਾ ਨਾਲ ਕਿਹਾ "ਮਹਾਰਾਜ, ਇਸ ਤਰ੍ਹਾਂ ਨਾ ਜਾਓ। ਕਾਹਲ ਦੀ ਕੀ ਲੋੜ ਏ। ਕੁਝ ਦਿਨ ਸਾਡੇ ਪਾਸ ਰਹੋ ਤੇ ਸਾਨੂੰ ਸੇਵਾ ਦਾ ਅਵਸਰ ਬਖ਼ਸ਼ੋ। ਇਹ ਤਾਂ ਸਾਡੀ ਖ਼ੁਸ਼ਕਿਸਮਤੀ ਏ ਕਿ ਤੁਹਾਡੇ ਵਰਗੇ ਆਲਮ-ਫ਼ਾਜ਼ਲ ਤੇ ਇਕ ਮਹਾਨ ਸ਼ਖ਼ਸੀਅਤ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਗਿਆ ਹੈ।"

"ਸੰਤ ਜੀ, ਕੁਝ ਦੇਰ ਤਾਂ ਹੋਰ ਬੈਠੋ। ਮੇਰਾ ਜੀ ਨਹੀਂ ਕਰਦਾ ਕਿ ਤੁਹਾਨੂੰ ਜਾਣ ਦੀ ਆਗਿਆ ਦੇਈਏ," ਬਸ਼ੀਰਾਂ ਨੇ ਕਿਹਾ।

"ਤੁਹਾਡੇ ਪਿਆਰ ਲਈ ਮੈਂ ਧੰਨਵਾਦੀ ਹਾਂ; ਪਰ ਪਿੱਛੇ ਡੇਰੇ 'ਤੇ ਕੋਈ ਨਹੀਂ। ਬਹੁਤ ਲੋਕ ਆਉਣਗੇ ਤੇ ਜੇ ਮੈਂ ਨਾ ਮਿਲਿਆ ਤਾਂ ਨਿਰਾਸ਼ ਪਰਤ ਜਾਣਗੇ। ਮੈਂ ਨਹੀਂ ਚਾਹੁੰਦਾ ਕਿ ਕੋਈ ਮੇਰੇ ਡੇਰੇ ਤੋਂ ਨਿਰਾਸ਼ ਪਰਤ ਜਾਏ। ਮਨੁੱਖ ਨੂੰ ਨਿਰਾਸ਼ ਕਰਨਾ ਮੇਰੇ ਲਈ ਬੇਹੱਦ ਕਠਿਨ ਏ," ਸੰਤ ਜੀ ਬੋਲੇ।

"ਫਿਰ ਸਾਨੂੰ ਨਿਰਾਸ਼ ਕਰ ਕੇ ਚਲੇ ਜਾਓਗੇ," ਬਸ਼ੀਰਾਂ ਨੇ ਪੁੱਛਿਆ।

"ਨਹੀਂ, ਤੁਹਾਨੂੰ ਵੀ ਨਿਰਾਸ਼ ਨਹੀਂ ਕਰ ਸਕਦਾ। ਮੇਰਾ ਸੁਭਾਅ ਹੀ ਅਜਿਹਾ ਬਣ ਗਿਆ ਹੈ ਕਿ ਮੈਂ ਕਿਸੇ ਦੀ ਨਿਰਾਸਤਾ ਦੇਖ ਕੇ ਸਹਾਰ ਨਹੀਂ ਸਕਦਾ," ਸੰਤ ਜੀ ਨੇ ਕਿਹਾ ਤੇ ਫਿਰ ਮੂਹੜੇ 'ਤੇ ਬੈਠ ਗਏ।

"ਸੰਤ ਜੀ, ਤੁਸੀਂ ਹਿੰਦੂ ਜ਼ਾਤ ਦੇ ਹੋ ?" ਉਮਰ ਹਯਾਤ ਖ਼ਾਨ ਨੇ ਕਾਫ਼ੀ ਚਿਰ ਸੋਚ ਕੇ ਅਖ਼ੀਰ ਸਵਾਲ ਪੁੱਛਿਆ।

"ਨਹੀਂ, ਸਾਡੀ ਕੋਈ ਜ਼ਾਤ ਨਹੀਂ, ਅਸੀਂ ਜ਼ਾਤ-ਪਾਤ ਵਿਚ ਨਿਸ਼ਚਾ ਨਹੀਂ ਰਖਦੇ। ਸਾਡਾ ਵਿਸ਼ਵਾਸ ਹੈ ਕਿ 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥' ਅਸੀਂ ਰੱਬ ਦੇ ਬੰਦਿਆਂ ਦੀਆਂ ਅਜਿਹੀਆਂ ਵੰਡੀਆਂ ਵਿਚ ਵਿਸ਼ਵਾਸ ਨਹੀਂ ਰਖਦੇ। ਖ਼ਾਨ ਸਾਹਿਬ, ਕਿਸੇ ਜ਼ਾਤ ਜਾਂ ਕਿਸੇ ਖ਼ਾਸ ਘਰਾਣੇ ਵਿਚ ਜੰਮ ਕੇ ਕੋਈ ਆਦਮੀ ਵੱਡਾ ਨਹੀਂ ਹੁੰਦਾ। ਆਪਣੇ ਅਮਲ, ਆਪਣੇ ਕੰਮ ਤੇ ਆਪਣੀ ਨੀਅਤ ਮਨੁੱਖ ਨੂੰ ਵੱਡਾ, ਛੋਟਾ ਬਣਾਂਦੀ ਏ," ਸੰਤ ਜੀ ਨੇ ਇਹ ਨਾ ਦੱਸਿਆ ਕਿ ਉਹ ਕੌਣ ਹਨ ਤੇ ਨਾ ਹੀ ਫਿਰ ਉਨ੍ਹਾਂ ਨੂੰ ਅਜਿਹਾ ਸਵਾਲ ਪੁੱਛਣ ਜੋਗ ਛੱਡਿਆ।

"ਅੱਬਾ, ਤੁਸੀਂ ਕੋਈ ਮਨ ਦੀ ਗੱਲ ਇਹਨਾਂ ਤੋਂ ਪੁੱਛ ਲਓ। ਇਹ ਤੁਹਾਨੂੰ ਠੀਕ ਠੀਕ ਦੱਸ ਦੇਣਗੇ," ਬਸ਼ੀਰਾਂ ਨੇ ਕਿਹਾ।

"ਮੈਂ ਕੀ ਪੁੱਛਣਾ ਏ ?" ਉਮਰ ਹਯਾਤ ਖ਼ਾਨ ਨੇ ਹੱਸਦਿਆਂ ਹੋਇਆਂ ਕਿਹਾ।

"ਨਹੀਂ, ਤੁਹਾਡੇ ਮਨ ਵਿਚ ਇਸ ਸਮੇਂ ਦੋ ਪ੍ਰਸ਼ਨ ਉੱਠ ਰਹੇ ਹਨ, ਅਚੇਤ ਤੌਰ 'ਤੇ ਉਹ ਫੁਰਨਾ ਬਾਹਰ ਆ ਰਿਹਾ ਹੈ, ਪਰ ਤੁਹਾਨੂੰ ਪਤਾ ਨਹੀਂ। ਹੁਣੇ ਪਤਾ ਲਗ ਜਾਏਗਾ ਕਿ ਤੁਸੀਂ ਦੋ ਗੱਲਾਂ ਕਿਹੜੀਆਂ ਪੁੱਛਣੀਆਂ ਹਨ। ਮੈਨੂੰ ਉਹਨਾਂ ਦਾ ਪਤਾ ਹੈ," ਸੰਤ ਜੀ ਨੇ ਬੁੱਲ੍ਹਾਂ ਵਿਚ ਮੁਸਕਰਾਂਦਿਆਂ ਕਿਹਾ।

"ਵੇਖਿਆ ਅੱਬਾ, ਮੈਂ ਜੁ ਕਿਹਾ ਸੀ ਕਿ ਇਹ ਦਿਲ ਦੀਆਂ ਗੱਲਾਂ ਬੁੱਝ ਲੈਂਦੇ ਨੇ। ਵੇਖ ਲਓ, ਤੁਹਾਨੂੰ ਨਹੀਂ ਪਤਾ ਜਿਹੜੀ ਗੱਲ, ਉਹ ਵੀ ਇਹ ਜਾਣਦੇ ਹਨ," ਬਸ਼ੀਰਾਂ ਨੇ ਕਿਹਾ।

ਹੁਣ ਤਕ ਉਮਰ ਹਯਾਤ ਖ਼ਾਨ ਦੇ ਮਨ ਵਿਚ ਕੋਈ ਅਜਿਹੀ ਗੱਲ ਨਹੀਂ ਸੀ ਪਰ ਸੰਤ ਜੀ ਦੇ ਇਹ ਕਹਿਣ 'ਤੇ ਕਿ ਦੋ ਗੱਲਾਂ ਅਚੇਤ ਤੌਰ 'ਤੇ ਫੁਰ ਰਹੀਆਂ ਹਨ, ਖ਼ਾਨ ਸੋਚਾਂ ਵਿਚ ਪੈ ਗਿਆ।

"ਸੋਚਾਂ ਵਿਚ ਇਤਨਾ ਪੈਣ ਦੀ ਕੋਈ ਲੋੜ ਨਹੀਂ। ਇਨ੍ਹਾਂ ਬੰਦਿਆਂ ਨੂੰ ਜੇਕਰ ਟੋਰ ਦਿਉ ਤ੍ਰਾਂ ਮੈਂ ਤੁਹਾਡੇ ਦਿਲ ਦੀ ਗੱਲ ਦੱਸ ਸਕਦਾ ਹਾਂ," ਸੰਤ ਜੀ ਨੇ ਹੌਲੀ ਜਿਹੀ ਉਮਰ ਹਯਾਤ ਖ਼ਾਨ ਨੂੰ ਕਿਹਾ।

ਉਸ ਨੇ ਸਾਰੇ ਆਦਮੀਆਂ ਨੂੰ ਬਾਹਰ ਭੇਜ ਦਿੱਤਾ ਤੇ ਆਪ ਇਕ ਹੋਰ ਮੂਹੜਾ ਲੈ ਕੇ ਸੰਤ ਜੀ ਦੇ ਨੇੜੇ ਹੋ ਕੇ ਬੈਠ ਗਿਆ। ਸੰਤ ਜੀ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਬੜੇ ਧਿਆਨ ਨਾਲ ਦੇਖਿਆ ਜਿਵੇਂ ਉਮਰ ਹਯਾਤ ਖ਼ਾਨ ਦੀਆਂ ਅੱਖਾਂ ਦੀਆਂ ਪੁਤਲੀਆਂ ਤੇ ਕਾਲੇ-ਚਿੱਟੇ ਆਨਿਆਂ ਵਿਚੋਂ ਕੁਝ ਪੜ੍ਹਨ ਦਾ ਯਤਨ ਕਰ ਰਹੇ ਹੋਣ। ਫਿਰ ਉਹਦਾ ਹੱਥ ਵੇਖਿਆ ਤੇ ਉਹਦੀਆਂ ਸਾਰੀਆਂ ਰੇਖਾਂ 'ਤੇ ਉਂਗਲ ਫੇਰ ਕੇ ਇਸ ਤਰ੍ਹਾਂ ਮੂੰਹ ਹਿਲਾਇਆ ਜਿਵੇਂ ਕੋਈ ਗਿਣਤੀ ਕੀਤੀ ਜਾ ਰਹੀ ਹੈ। ਜਦ ਚੰਗੀ ਤਰ੍ਹਾਂ ਉਮਰ ਹਯਾਤ ਖ਼ਾਨ ਨੂੰ ਦੇਖ ਲਿਆ ਤਾਂ ਸੰਤ ਜੀ ਨੇ ਕਿਹਾ, "ਤੁਹਾਨੂੰ ਹਰ ਵੇਲੇ ਬਸ਼ੀਰਾਂ ਦੀ ਚਿੰਤਾ ਕਿਉਂ ਲੱਗੀ ਰਹਿੰਦੀ ਏ ? ਤੁਸੀਂ ਹਰ ਸਮੇਂ ਸੋਚਦੇ ਹੋ ਕਿਸ ਘਰਾਣੇ ਵਿਚ ਵਿਆਹੋਗੇ। ਇਸ ਲਈ ਤੁਸੀਂ ਚਿੰਤਾਤੁਰ ਹੋ। ਕਿਉਂ ਇਹ ਠੀਕ ਏ ?"

"ਜੀ ਆਂ," ਖ਼ਾਨ ਨੇ ਕਿਹਾ, "ਮੇਰੀ ਇਕੋ ਧੀ ਏ ਅਤੇ ਉਹਦਾ ਵੀ ਫ਼ਿਕਰ ਨਾ ਕਰਾਂ ? ਮੈਂ ਚਾਹੁੰਦਾ ਹਾਂ ਕਿ ਇਹ ਕਾਬਲ ਦੇ ਸ਼ਾਹੀ ਘਰਾਣੇ ਵਿਚ ਚਲੀ ਜਾਏ। ਕੀ ਮੇਰੀ ਇਹ ਇੱਛਾ ਪੂਰੀ ਹੋ ਜਾਏਗੀ ?"

"ਹੋ ਜਾਏਗੀ, ਪਰ ਰਾਹ ਵਿਚ ਇਕ-ਦੋ ਰੁਕਾਵਟਾਂ ਨੇ, ਉਹ ਦੂਰ ਕਰਨੀਆਂ ਪੈਣਗੀਆਂ," ਸੰਤ ਜੀ ਨੇ ਦੱਸਿਆ।

"ਰੁਕਾਵਟਾਂ ਕੇਹੀਆਂ ਨੇ ?" ਖ਼ਾਨ ਨੇ ਕੁਝ ਪ੍ਰੇਸ਼ਾਨੀ ਪ੍ਰਗਟ ਕਰਦਿਆਂ ਕਿਹਾ।

"ਤੁਹਾਡੀ ਕੁਝ ਸਰਦਾਰਾਂ ਨਾਲ ਲਗਦੀ ਏ। ਉਹ ਰਿਸ਼ਤਾ ਹੋਣ ਵਿਚ ਰੋੜਾ

ਅਟਕਾਣਗੇ," ਸੰਤ ਜੀ ਨੇ ਕਿਹਾ।

"ਫਿਰ ?"

"ਚਿੰਤਾ ਵਾਲੀ ਗੱਲ ਨਹੀਂ," ਸੰਤ ਜੀ ਨੇ ਫ਼ਰਮਾਇਆ, "ਸਮਾਂ ਆਉਣ 'ਤੇ ਅਸੀਂ ਤੁਹਾਨੂੰ ਉਪਾਅ ਦੱਸਾਂਗੇ, ਉਸ ਨਾਲ ਰਾਹ ਸਾਫ਼ ਹੋ ਜਾਏਗਾ।"

"ਬੜੀ ਮਿਹਰਬਾਨੀ," ਖ਼ਾਨ ਨੇ ਕਿਹਾ, "ਤੁਸੀਂ ਇਹ ਕਿਵੇਂ ਪਤਾ ਕਰ ਲਿਆ ਏ ਕਿ ਮੈਨੂੰ ਧੀ ਦੀ ਚਿੰਤਾ ਏ ?"

"ਆਪਣੀ ਮਿਹਨਤ ਨਾਲ ਅਸੀਂ ਜੀਵਨ ਵਿਚੋਂ ਇਹੀ ਕੁਝ ਤਾਂ ਪ੍ਰਾਪਤ ਕੀਤਾ ਏ," ਸੰਤ ਜੀ ਨੇ ਦੱਸਿਆ।

"ਦੂਜੀ ਗੱਲ ਵੀ ਦੱਸ ਦਿਓ," ਖ਼ਾਨ ਨੇ ਉਤਾਵਲੇ ਹੋ ਕੇ ਪੁੱਛਿਆ।

"ਦੂਜੀ ਗੱਲ ਬੜੀ ਖ਼ਤਰਨਾਕ ਏ," ਸੰਤ ਜੀ ਨੇ ਕਿਹਾ।

"ਕੀ ?"

"ਤੁਸੀਂ ਅੱਜ-ਕੱਲ੍ਹ ਜੰਗ ਦੀ ਤਿਆਰੀ ਕਰ ਰਹੇ ਹੋ, ਇਸ ਬਾਰੇ ਵੀ ਚਿੰਤਾ ਲੱਗੀ ਹੋਈ ਏ," ਸੰਤ ਜੀ ਦੇ ਕਹਿਣ ਦੀ ਦੇਰ ਸੀ ਕਿ ਉਮਰ ਹਯਾਤ ਖ਼ਾਨ ਨੇ ਅੱਗੇ ਹੋ ਕੇ ਗੋਡੇ ਨੂੰ ਹੱਥ ਲਾਇਆ ਤੇ ਕਿਹਾ, "ਤੁਸੀਂ ਤਾਂ ਸੱਚੀਂ ਰੱਬ ਜੇ, ਨਹੀਂ ਤਾਂ ਉਸ ਤੋਂ ਘੱਟ ਵੀ ਨਹੀਂ ਜਾਪਦੇ। ਹੈਂ! ਤੁਹਾਨੂੰ ਸਾਰਾ ਕੁਝ ਪਤਾ ਏ ਕਿ ਮੈਂ ਕੀ ਸੋਚਦਾ ਰਹਿੰਦਾ ਹਾਂ। ਮੇਰਾ ਖ਼ਿਆਲ ਏ, ਤੁਸੀਂ ਰਾਤ ਨੂੰ ਦਰਿਆ 'ਤੇ ਫਿਰਨ ਵੀ ਨਹੀਂ ਗਏ ਹੋਵੋਗੇ, ਸਗੋਂ ਤੁਹਾਨੂੰ ਪਤਾ ਲੱਗ ਗਿਆ ਹੋਵੇਗਾ ਕਿ ਬਸ਼ੀਰਾਂ ਡੁੱਬ ਰਹੀ ਤੇ ਤੁਸੀਂ ਇਹਨੂੰ ਬਚਾਉਣ ਲਈ ਆਏ ਹੋਵੋਗੇ।"

"ਇਸੇ ਤਰ੍ਹਾਂ ਸਮਝ ਲਓ," ਸੰਤ ਜੀ ਨੇ ਕਿਹਾ, "ਹਾਂ, ਤੁਸੀਂ ਜੰਗ ਬਾਰੇ ਕੀ ਪੁੱਛਣਾ ਚਾਹੁੰਦੇ ਹੋ ?"

"ਦੱਸੋ ਕਿ ਮੇਰੀ ਜਿੱਤ ਹੋਵੇਗੀ ਕਿ ਨਹੀਂ ?" ਖ਼ਾਨ ਨੇ ਸਾਫ਼-ਸਿੱਧਾ ਸਵਾਲ ਪੁੱਛਿਆ।

"ਇਸ ਬਾਰੇ ਹੁਣੇ ਕੁਝ ਨਹੀਂ ਦੱਸਿਆ ਜਾ ਸਕਦਾ। ਇਹਦਾ ਨਿਰਭਰ ਜੰਗ ਦੀ ਤਿਆਰੀ, ਲੜਾਈ ਸ਼ੁਰੂ ਕਰਨ ਦੇ ਸਮੇਂ ਤੇ ਹਮਲੇ ਦੇ ਰੁਖ਼ ਆਦਿ ਨਾਲ ਹੈ। ਇਸ ਲਈ ਜੇ ਠੀਕ ਪੁੱਛਣਾ ਚਾਹੁੰਦੇ ਹੋ ਤਾਂ ਮੈਨੂੰ ਦੱਸ ਦੇਣਾ ਕਿ ਕਦੋਂ ਜੰਗ ਸ਼ੁਰੂ ਕਰੋਗੇ ? ਕਿਸ ਪਾਸੇ ਵੱਲ ਹਮਲਾ ਕਰਨ ਜਾਣਾ ਹੈ। ਕਿਤਨੀ ਕੁ ਤਾਕਤ ਨਾਲ ਹੋਵੇਗੀ ? ਪੂਰਬ, ਪੱਛਮ, ਉੱਤਰ, ਦੱਖਣ ਸਾਰੇ ਪਾਸੇ ਦੇ ਹਮਲੇ ਸਮੇਂ ਦੇ ਵੱਖ ਵੱਖ ਕਿਸਮਤ ਦੇ ਸਿਤਾਰੇ ਹਨ, ਜਿਹਨਾਂ ਦੇ ਆਧਾਰ 'ਤੇ ਇਹ ਅਨੁਮਾਨ ਲੱਗ ਸਕਦਾ ਹੈ ਕਿ ਜਿੱਤ ਕਿਸ ਦੀ ਹੋਵੇਗੀ।"

"ਅਸੀਂ ਪੱਛਮ ਤੋਂ ਪੂਰਬ ਵੱਲ ਚੜ੍ਹਾਈ ਕਰਨੀ ਏ।"

"ਤੁਹਾਡਾ ਮਤਲਬ ਪੰਜਾਬ ਵੱਲ ਚੜ੍ਹਾਈ ਕਰਨ ਤੋਂ ਏ ?" ਸੰਤ ਜੀ ਨੇ ਪੁੱਛਿਆ।

"ਨਹੀਂ, ਅਸਾਂ ਪੰਜਾਬ ਨਹੀਂ ਜਾਣਾ, ਸਿਰਫ਼ ਅਟਕ ਦੇ ਕਿਲ੍ਹੇ ਤਕ ਪਹੁੰਚਣਾ ਏ," ਉਮਰ ਹਯਾਤ ਖ਼ਾਨ ਨੇ ਦੱਸਿਆ।

"ਹੂੰ, ਫਿਰ ਤੁਸੀਂ ਜੁਮੇ ਦੀ ਨਮਾਜ਼ ਪੜ੍ਹਨ ਤੋਂ ਪਿਛੋਂ ਚੜ੍ਹਾਈ ਲਈ ਚੜ੍ਹ ਪੈਣਾ, ਜਿੱਤ ਤੁਹਾਡੀ ਹੋਵੇਗੀ," ਪਰ ਇਕ ਗੱਲ ਦਾ ਖ਼ਿਆਲ ਰੱਖਿਆ ਜੇ ਕਿ ਦੁਸ਼ਮਣ ਦੀਆਂ ਫ਼ੌਜਾਂ ਤੁਹਾਡੇ ਸਾਹਮਣੇ ਰਹਿਣ। ਮੇਰਾ ਮਤਲਬ ਏ ਕਿ ਪੂਰਬ ਵੱਲੋਂ ਹੀ ਤੁਹਾਡੇ 'ਤੇ ਵਾਰ ਹੋਵੇ। ਜੇਕਰ ਦੁਸ਼ਮਣ ਉੱਤਰ ਜਾਂ ਦੱਖਣ ਵੱਲ ਹੋ ਗਿਆ ਅਤੇ ਲੜਾਈ ਦਾ ਰੁਖ਼ ਬਦਲ ਗਿਆ ਤਾਂ ਖ਼ਤਰਨਾਕ ਹੋਵੇਗਾ। ਦੂਜੀ ਗੱਲ ਇਹ ਵੀ ਯਾਦ ਰਖਣੀ ਕਿ ਤੁਹਾਡੀ ਫ਼ੌਜ ਦਸ ਹਜ਼ਾਰ ਤੋਂ ਘੱਟ ਨਾ ਹੋਵੇ। ਚਾਰ ਅੱਖਰੀ ਗਿਣਤੀ ਦੀ ਫ਼ੌਜ ਦੇ ਦਿਨ ਮਾੜੇ ਹਨ," ਸੰਤ ਜੀ ਨੇ ਸਾਰੇ ਬਚਾਓ ਦੇ ਤਰੀਕੇ ਦੱਸ ਦਿੱਤੇ।

"ਤੁਸੀਂ ਫ਼ਿਕਰ ਨਾ ਕਰੋ। ਫ਼ੌਜ ਤਾਂ ਮੈਂ 40 ਹਜ਼ਾਰ ਇਕੱਠੀ ਕਰ ਲਈ ਏ। ਪੰਜਾਹ ਤੋਂ ਵੱਧ ਤਾਂ ਸਾਡੇ ਪਾਸ ਤੋਪਾਂ ਹਨ," ਉਮਰ ਹਯਾਤ ਖ਼ਾਨ ਨੇ ਕਿਹਾ।

"ਚੰਗਾ ਫਿਰ ਮੇਰੀਆਂ ਗੱਲਾਂ ਦਾ ਖ਼ਿਆਲ ਰੱਖਣਾ ਅਤੇ ਮੈਨੂੰ ਫਿਰ ਮੇਰੀ ਕੁਟੀਆ ਵਿਚ ਇਤਲਾਹ ਦੇਣੀ," ਸੰਤ ਜੀ ਨੇ ਕਿਹਾ ਤੇ ਉੱਠ ਬੈਠੇ।

"ਤੁਸੀਂ ਕਦੇ ਕਦੇ ਚੱਕਰ ਮਾਰਿਆ ਕਰਨਾ," ਉਮਰ ਹਯਾਤ ਖ਼ਾਨ ਨੇ ਬੇਨਤੀ ਕੀਤੀ।

"ਸਾਨੂੰ ਲੋਕਾਂ ਦੀ ਸੇਵਾ ਤੋਂ ਬਹੁਤ ਘੱਟ ਸਮਾਂ ਮਿਲਦਾ ਹੈ ਪਰ ਫਿਰ ਵੀ ਜਦੋਂ ਕਦੀ ਇਧਰ ਆਏ, ਤੁਹਾਡੇ ਦਰਸ਼ਨ ਕੀਤਾ ਕਰਾਂਗੇ।"

"ਦਰਸ਼ਨ ਕਰੋਗੇ ਨਹੀ, ਦਿੱਤਾ ਕਰੋਗੇ," ਬਸ਼ੀਰਾਂ ਨੇ ਮੁਸਕਰਾਂਦਿਆਂ ਕਿਹਾ। ਸੰਤ ਜੀ ਨੇ ਮੁਸਕਰਾਹਟ ਦਾ ਉੱਤਰ ਮੁਸਕਰਾਹਟ ਵਿਚ ਦਿਤਾ ਅਤੇ ਚਲੇ ਗਏ।

5

ਪੰਜਾਬ ਤੋਂ ਬਹੁਤ ਸਾਰੀ ਖ਼ਾਲਸਾ ਫ਼ੌਜ ਅਟਕ ਪਹੁੰਚ ਗਈ। ਮਹਾਰਾਜਾ ਰਣਜੀਤ ਸਿੰਘ ਨੇ ਹੁਕਮ ਦਿੱਤਾ ਕਿ ਇਸ ਸਮੇਂ ਜਿਤਨੀ ਫ਼ੌਜੀ ਤੇ ਜਿਤਨੇ ਖ਼ਰਚ ਦੀ ਵੀ ਲੋੜ ਪਵੇ ਉਹ ਕਰ ਦਿੱਤਾ ਜਾਏ ਪਰ ਪੰਜਾਬ ਦੀ ਕੰਡ ਨਾ ਲੱਗਣ ਦਿੱਤੀ ਜਾਏ। ਜੇਕਰ

ਇਕ ਵਾਰ ਅਸੀਂ ਅਟਕ ਖੁਹਾ ਬੈਠੇ ਤਾਂ ਫਿਰ ਸਦੀਆਂ ਤਕ ਪੰਜਾਬ ਰਾਜ ਇਥੇ ਕਾਬਜ਼ ਨਹੀਂ ਹੋ ਸਕੇਗਾ। ਅਟਕ 'ਤੇ ਕਬਜ਼ਾ ਰੱਖਣਾ ਬੜਾ ਜ਼ਰੂਰੀ ਸੀ। ਪੰਜਾਬ 'ਤੇ ਜਿਤਨੇ ਹਮਲੇ ਵੀ ਇਸ ਤੋਂ ਪਹਿਲਾਂ ਹੋਏ ਸਾਰੇ ਅਟਕ ਰਾਹੀਂ ਹੀ ਹੋਏ ਸਨ, ਇਸ ਲਈ ਪੰਜਾਬ ਨੂੰ ਬਾਹਰਲੇ ਹਮਲਿਆਂ ਤੋਂ ਬਚਾਉਣ ਲਈ ਅਟਕ 'ਤੇ ਕਬਜ਼ਾ ਜ਼ਰੂਰੀ ਸੀ। ਇਸੇ ਲਈ ਮਹਾਰਾਜਾ ਰਣਜੀਤ ਸਿੰਘ ਨੇ ਇਸ ਮੁਹਿੰਮ ਦੇ ਮੁਖੀਆਂ ਨੂੰ ਬਹੁਤੇ ਅਧਿਕਾਰ ਦੇ ਕੇ ਭੇਜਿਆ। ਇਸ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਕਦੇ ਇਤਨੀ ਵੱਡੀ ਤਿਆਰੀ ਨਹੀਂ ਸੀ ਕੀਤੀ।

ਜਦ ਅਟਕ ਵਿਚ ਪੂਰੀ ਤਿਆਰੀ ਹੋ ਗਈ ਤਾਂ ਹਮਲੇ ਲਈ ਪ੍ਰੋਗਰਾਮ ਬਣਨ ਲੱਗ ਪਿਆ।

ਮਹਾਰਾਜਾ ਰਣਜੀਤ ਸਿੰਘ ਵੱਲੋਂ ਨਿਯਤ ਕੀਤੇ ਸੂਹੀਏ ਸ: ਭਾਗ ਸਿੰਘ ਨੇ ਸਾਰੇ ਇਲਾਕੇ ਵਿਚ ਅਜੇਹਾ ਪ੍ਰਬੰਧ ਕਰ ਦਿੱਤਾ ਕਿ ਹਰ ਥਾਂ ਤੋਂ ਉਹਨੂੰ ਪੂਰੀ ਪੂਰੀ ਜਾਣਕਾਰੀ ਮਿਲਣ ਲੱਗ ਪਈ। ਇਸ ਕੰਮ ਲਈ ਉਹਨੇ ਸਾਰੇ ਪਠਾਣੀ ਇਲਾਕੇ ਵਿਚ ਤਿੰਨ ਕੇਂਦਰ ਕਾਇਮ ਕੀਤੇ ਤੇ ਉਹਨਾਂ ਵਿਚ ਡੇਢ ਦਰਜਨ ਆਦਮੀਆਂ ਨੂੰ ਸੁਚੱਜੇ ਢੰਗ ਨਾਲ ਕੰਮ ਸੌਂਪ ਦਿਤਾ।

ਭਾਗ ਸਿੰਘ ਨੂੰ ਪਿਸ਼ਾਵਰ ਤੋਂ ਰੋਜ਼ਾਨਾ ਇਤਲਾਹਾਂ ਮਿਲਣ ਲੱਗ ਪਈਆਂ। ਇਸੇ ਤਰ੍ਹਾਂ ਉਮਰ ਹਯਾਤ ਖ਼ਾਨ ਦੇ ਡੇਰੇ 'ਤੇ ਜੋ ਵੀ ਹੋ ਰਿਹਾ ਸੀ ਜਾਂ ਸੋਚਿਆ ਜਾ ਰਿਹਾ ਸੀ ਉਹ ਵੀ ਸ: ਭਾਗ ਸਿੰਘ ਨੂੰ ਨਾਲੋ ਨਾਲ ਪਤਾ ਲੱਗ ਰਿਹਾ ਸੀ। ਤੀਜੇ ਕੇਂਦਰ ਦਾ ਕੰਮ ਫਿਰ-ਤੁਰ ਕੇ ਇਤਲਾਹਾਂ ਇਕੱਠੀਆਂ ਕਰਨਾ ਸੀ।

ਸ: ਭਾਗ ਸਿੰਘ ਵਲੋਂ ਪੁੱਜੀਆਂ ਇਤਲਾਹਾਂ ਦਾ ਚੰਗਾ ਤਕੜਾ ਪੁਲੰਦਾ ਬਣ ਗਿਆ ਸੀ ਜੋ ਜਰਨੈਲਾਂ ਦੀ ਮੀਟਿੰਗ ਵਿਚ ਪੇਸ਼ ਕਰ ਕੇ ਵਿਚਾਰਿਆ ਗਿਆ। ਇਕ ਜਰਨੈਲ ਨੇ ਕਿਹਾ, "ਮੇਰਾ ਖ਼ਿਆਲ ਏ ਕਿ ਸਾਨੂੰ ਹਮਲਾ ਨਹੀਂ ਕਰਨਾ ਚਾਹੀਦਾ। ਭਾਗ ਸਿੰਘ ਦੀ ਇਤਲਾਹ ਅਨੁਸਾਰ ਉਹ ਅਟਕ ਦਾ ਕਿਲ੍ਹਾ ਖੋਹਣ ਲਈ ਹੰਭਲਾ ਮਾਰਨਾ ਚਾਹੁੰਦੇ ਹਨ ਤੇ ਸਾਨੂੰ ਅਟਕ ਦੇ ਨਾਲ ਨਾਲ ਮੋਰਚੇ ਪੁੱਟ ਕੇ ਤਿਆਰੀ ਰੱਖਣੀ ਚਾਹੀਦੀ ਹੈ।"

"ਨਹੀਂ, ਤੁਹਾਨੂੰ ਲੜਾਈ ਦਾ ਬਹੁਤਾ ਤਜਰਬਾ ਨਹੀਂ ਜਾਪਦਾ। ਹਮਲਾ ਕਰਨ ਵਾਲਾ ਚੰਗਾ ਰਹਿੰਦਾ ਜੇ। ਦੂਜੀ ਧਿਰ ਨੂੰ ਤਾਂ ਬਚਾਉ ਦੀ ਪਈ ਰਹਿੰਦੀ ਏ। ਜੇ ਅਸੀਂ ਅੱਗੇ ਹੋ ਕੇ ਉਹਨਾਂ ਦੇ ਹਮਲੇ ਤੋਂ ਪਹਿਲਾਂ ਜਾ ਪਏ ਤਾਂ ਉਹਨਾਂ ਦੀਆਂ ਸਾਰੀਆਂ ਵਿਉਂਤਾਂ ਧਰੀਆਂ ਰਹਿ ਜਾਣਗੀਆਂ। ਜੋ ਕੁਝ ਉਹ ਹੁਣ ਤਕ ਸੋਚ ਰਹੇ ਹਨ ਫਿਰ ਉਹਨਾਂ ਨੂੰ ਉਹਦੇ ਉਲਟ ਨਵੀਆਂ ਗੱਲਾਂ ਸੋਚਣੀਆਂ ਪੈਣਗੀਆਂ ਤੇ ਫਿਰ ਘਬਰਾਹਟ ਆ ਜਾਏਗੀ," ਦੂਜੇ ਸਰਦਾਰ ਨੇ ਕਿਹਾ।

"ਭਾਗ ਸਿੰਘ ਦੀ ਇਤਲਾਹ ਅਨੁਸਾਰ ਦੁਸ਼ਮਣ ਦੀ ਫ਼ੌਜ ਵੀ ਪਤਾ ਲੱਗ ਗਈ ਹੈ ਤੇ ਉਸ ਨੇ ਉਹਨਾਂ ਦਾ ਨਕਸ਼ਾ ਵੀ ਭੇਜ ਦਿੱਤਾ ਹੈ। ਮੇਰਾ ਯਕੀਨ ਹੈ ਕਿ ਅਸੀਂ ਇਹਦੀ ਰੌਸ਼ਨੀ ਵਿਚ ਜੇਕਰ ਟੱਕਰ ਲਈਏ ਤਾਂ ਨਿਸ਼ਚੇ ਹੀ ਅਜਿਹੀ ਹਾਰ ਦੇ ਸਕਦੇ ਹਾਂ ਕਿ ਦੁਸ਼ਮਣ ਤੋਬਾ ਤੋਬਾ ਕਰ ਉੱਠੇ," ਤੀਜੇ ਸਰਦਾਰ ਨੇ ਕਿਹਾ।

ਚੌਥਾ ਸਰਦਾਰ ਗੱਲ ਨੂੰ ਵਿਚੇ ਟੋਕ ਕੇ ਬੋਲ ਪਿਆ, "ਮੇਰਾ ਵਿਚਾਰ ਇਹ ਹੈ ਕਿ ਸਾਰਾ ਕੰਮ ਸ: ਹਰੀ ਸਿੰਘ ਨਲੂਏ ਨੂੰ ਸੌਂਪ ਦਿਤਾ ਜਾਏ ਅਤੇ ਉਹ ਹੀ ਭਾਗ ਸਿੰਘ ਵਲੋਂ ਪੁੱਜੀਆਂ ਸੂਚਨਾਵਾਂ ਦੇ ਚਾਨਣ ਵਿਚ ਸਾਰੀ ਫ਼ੌਜ ਦੀ ਲੜਾਈ ਵਿਚ ਅਗਵਾਈ ਕਰਨ।"

"ਇਹ ਠੀਕ ਏ," ਕਈ ਸਰਦਾਰ ਇਕੱਠੇ ਹੀ ਬੋਲ ਪਏ। ਸ: ਹਰੀ ਸਿੰਘ ਨਲੂਆ ਹੁਣ ਤਕ ਚੁੱਪ ਕਰ ਕੇ ਗੱਲਾਂ ਸੁਣੀ ਜਾ ਰਿਹਾ ਸੀ। ਨਲੂਏ ਸਰਦਾਰ ਦਾ ਸੁਭਾਅ ਸੀ ਕਿ ਉਹ ਕਿਸੇ ਗੱਲ 'ਤੇ ਬਹਿਸ ਸਮੇਂ ਚੁੱਪ ਕਰ ਕੇ ਸਾਰੀ ਗੱਲ ਸੁਣਦਾ ਰਹਿੰਦਾ ਤੇ ਅਖ਼ੀਰ 'ਤੇ ਜਦੋਂ ਸਾਰੇ ਚਰਚਾ ਕਰ ਹਟਦੇ ਤਾਂ ਸ: ਹਰੀ ਸਿੰਘ ਫਿਰ ਆਪਣੀ ਰਾਇ ਦੇਂਦਾ। ਆਮ ਕਰਕੇ ਸਾਰੀ ਬਹਿਸ ਦੀ ਰੌਸ਼ਨੀ ਵਿਚ ਸ: ਹਰੀ ਸਿੰਘ ਦੀ ਰਾਇ ਅਜਿਹੀ ਹੁੰਦੀ, ਜਿਸ ਨੂੰ ਸਾਰੇ ਸਵੀਕਾਰ ਕਰ ਲੈਂਦੇ। ਹੁਣ ਵੀ ਜਦ ਸਾਰੇ ਆਪਣੀ ਆਪਣੀ ਰਾਇ ਦੇ ਚੁੱਕੇ ਅਤੇ ਇਸ ਮੁਹਿੰਮ ਦੀ ਅਗਵਾਈ ਸ: ਹਰੀ ਸਿੰਘ ਦੇ ਸਪੁਰਦ ਕਰਨ ਦਾ ਸੁਝਾਉ ਸਾਰਿਆਂ ਨੇ ਮੰਨ ਲਿਆ ਤਾਂ ਸ: ਹਰੀ ਸਿੰਘ ਨੇ ਕਿਹਾ, "ਮੈਂ ਤੁਹਾਡੀ ਸਾਰਿਆਂ ਦੀ ਗੱਲ ਧਿਆਨ ਨਾਲ ਸੁਣੀ ਹੈ। ਮੈਂ ਇਸ ਖ਼ਿਆਲ ਨਾਲ ਸਹਿਮਤ ਹਾਂ ਕਿ ਸਾਨੂੰ ਦੁਸ਼ਮਣ ਦੇ ਹਮਲੇ ਦੀ ਉਡੀਕ ਨਹੀਂ ਕਰਨੀ ਚਾਹੀਦੀ। ਭਾਗ ਸਿੰਘ ਨੇ ਸਾਫ਼ ਲਿਖਿਆ ਹੈ ਕਿ ਦੋ ਦਿਨਾਂ ਤਕ ਉਮਰ ਹਯਾਤ ਖ਼ਾਨ ਦੀ ਅਗਵਾਈ ਵਿਚ ਹਮਲਾ ਹੋਣ ਵਾਲਾ ਹੈ। ਜੇ ਅਸੀਂ ਇਥੇ ਹੀ ਬੈਠੇ ਰਹੇ ਤਾਂ ਸਾਨੂੰ ਲੜਾਈ ਆਪਣੇ ਘਰ ਲੜਨੀ ਪਵੇਗੀ, ਪਰ ਜੇਕਰ ਅਸੀਂ ਦਰਿਆ ਪਾਰ ਕਰ ਕੇ ਅੱਗੇ ਵਧ ਗਏ ਤਾਂ ਲੜਾਈ ਦੁਸ਼ਮਣ ਦੇ ਘਰ ਹੋਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਨੂੰ ਅਜੇ ਲਾਹੌਰ ਤੋਂ ਮਦਦ ਪਹੁੰਚਣ ਵਾਲੀ ਹੈ। ਹੋ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਆਪ ਵੀ ਆ ਜਾਣ ਪਰ ਉਹਨਾਂ ਦੀ ਉਡੀਕ ਵਿਚ ਸਮਾਂ ਬਿਤਾਣਾ ਖ਼ਤਰਨਾਕ ਹੋ ਸਕਦਾ ਹੈ।"

ਸਾਰਿਆਂ ਨੇ ਨਲੂਏ ਦਾ ਇਹ ਸੁਝਾਉ ਮੰਨ ਲਿਆ ਤੇ ਉਸੇ ਵੇਲੇ ਸ: ਹਰੀ ਸਿੰਘ ਨਲੂਆ ਤੇ ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਸਪੁੱਤਰ ਖੜਕ ਸਿੰਘ ਦੀ ਅਗਵਾਈ ਵਿਚ ਕੁਝ ਫ਼ੌਜ ਦਾ ਹਿੱਸਾ ਦਰਿਆ ਪਾਰ ਕਰ ਗਿਆ ਤੇ ਜਾਂਦਿਆਂ ਹੀ ਪਰਲੇ ਪਾਰ ਜਹਾਂਗੀਰੇ ਦੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਜਦ ਇਹ ਇਤਲਾਹ ਅਟਕ ਪਹੁੰਚੀ ਤਾਂ ਸਾਰਿਆਂ ਨੇ ਬੜੀ ਖ਼ੁਸ਼ੀ ਮਨਾਈ।

ਰਾਤ ਨੂੰ ਇਕ ਅਨੋਖੇ ਜਿਹੇ ਭੇਸ ਵਿਚ ਇਕ ਸਿੰਘ ਜਹਾਂਗੀਰੇ ਪੁੱਜਾ ਤੇ ਉਸ ਸ: ਹਰੀ ਸਿੰਘ ਨਲੂਏ ਨੂੰ ਖ਼ਬਰ ਦਿੱਤੀ ਕਿ ਦੁਸ਼ਮਣ ਦਾ 50 ਹਜ਼ਾਰ ਤੋਂ ਵੱਧ ਲਸ਼ਕਰ ਅੱਗੇ ਵਧ ਰਿਹਾ ਹੈ। ਜੇਕਰ ਤੁਸੀਂ ਸ: ਭਾਗ ਸਿੰਘ ਦੀ ਦੱਸੀ ਵਿਉਂਤ ਅਨੁਸਾਰ ਹੀ ਲੜਾਈ ਲੜੀ ਤਾਂ ਉਮਰ ਹਯਾਤ ਖ਼ਾਨ ਕੁਝ ਘੰਟੇ ਸਮਾਂ ਹੀ ਮੁਕਾਬਲਾ ਕਰੇਗਾ, ਨਹੀਂ ਤੇ ਫ਼ੌਜੀ ਤਾਕਤ ਬਹੁਤ ਹੈ ਇਸ ਲਈ ਚਤੁਰਾਈ ਨਾਲ ਹੀ ਟਾਕਰਾ ਕੀਤਾ ਜਾ ਸਕਦਾ ਏ।

ਸ: ਹਰੀ ਸਿੰਘ ਨੇ ਰਾਤੋ-ਰਾਤ ਅਟਕ ਸੁਨੇਹਾ ਭੇਜ ਕੇ ਜਿਤਨੀ ਵੀ ਅਟਕ ਵਿਚ ਫ਼ੌਜ ਸੀ, ਉਹ ਸਾਰੀ ਬੁਲਾ ਲਈ। ਦੂਜੇ ਦਿਨ ਸਵੇਰੇ ਹੀ ਫ਼ੌਜਾਂ ਅਟਕ ਦਰਿਆ ਪਾਰ ਕਰ ਗਈਆਂ। ਉਮਰ ਹਯਾਤ ਖ਼ਾਨ ਨੇ ਤੁਰਤ ਪੈਂਡਾ ਕਰ ਕੇ ਜਹਾਂਗੀਰੇ ਦੇ ਨੇੜੇ ਆ ਡੇਰੇ ਲਾਏ ਤੇ ਯਤਨ ਕੀਤਾ ਕਿ ਕਿਸੇ ਤਰ੍ਹਾਂ ਜਹਾਂਗੀਰੇ ਦਾ ਕਿਲ੍ਹਾ ਚਾਰੇ ਪਾਸਿਆਂ ਤੋਂ ਉਹਨਾਂ ਦੇ ਘੇਰੇ ਵਿਚ ਆ ਜਾਏ ਪਰ ਖ਼ਾਲਸਾ ਫ਼ੌਜ ਨੇ ਉਨ੍ਹਾਂ ਦੀ ਪੇਸ਼ ਨਾ ਜਾਣ ਦਿੱਤੀ। ਉਹ ਜਹਾਂਗੀਰੇ ਦਾ ਕਿਲ੍ਹਾ ਘੇਰਨ ਵਿਚ ਅਸਫਲ ਰਹੇ।

ਦੂਜੇ ਦਿਨ ਦੋਵੇਂ ਪਾਸੇ ਦੀਆਂ ਫ਼ੌਜਾਂ ਮੋਰਚਿਆਂ ਵਿਚ ਰਹੀਆਂ। ਖ਼ਾਲਸਾ ਫ਼ੌਜ ਨੇ ਇਸ ਸਮੇਂ ਅੱਗੇ ਵਧਣਾ ਠੀਕ ਨਾ ਸਮਝਿਆ ਤੇ ਜਹਾਂਗੀਰੇ ਦੇ ਨੇੜੇ ਹੀ ਡਟੀਆਂ ਰਹੀਆਂ।

ਉਮਰ ਹਯਾਤ ਖ਼ਾਨ ਜਦ ਆਪਣੇ ਲਸ਼ਕਰ ਵੱਲ ਦੇਖਦਾ ਤਾਂ ਉਹਨੂੰ ਆਸ ਬੱਝਦੀ ਕਿ ਉਹ ਸਿੱਖਾਂ ਦੀ ਫ਼ੌਜ ਨੂੰ ਹਰ ਕੀਮਤ 'ਤੇ ਭਜਾ ਦੇਵੇਗਾ ਪਰ ਜਦੋਂ ਉਹਨੂੰ ਸੰਤ ਜੀ ਦੇ ਸ਼ਬਦ ਯਾਦ ਆਉਂਦੇ ਤਾਂ ਆਸਾਂ 'ਤੇ ਪਾਣੀ ਫਿਰਦਾ ਜਾਪਦਾ। ਉਹਨੂੰ ਲੜਾਈ ਲੜਨ ਨਾਲੋਂ ਇਸ ਗੱਲ ਦੀ ਬਹੁਤੀ ਚਿੰਤਾ ਸੀ ਕਿ ਖ਼ਾਲਸਾ ਫ਼ੌਜ ਉਸ 'ਤੇ ਦੂਜੇ ਪਾਸਿਆਂ ਤੋਂ ਹਮਲਾ ਨਾ ਕਰੇ। ਜਿਸ ਤਰ੍ਹਾਂ ਵੀ ਹੋਵੇ ਖ਼ਾਲਸਾ ਫ਼ੌਜ ਨਾਲ ਉਹਦੀ ਸਿੱਧੀ ਟੱਕਰ ਹੋਵੇ।

ਉਹਨੇ ਆਪਣੀ ਫ਼ੌਜ ਦੇ ਮੁਖੀਆਂ ਨੂੰ ਕਿਹਾ ਕਿ ਉਹ ਦੂਰ ਤਕ ਖਿੱਲਰ ਜਾਣ ਤੇ ਅਜਿਹਾ ਪ੍ਰਬੰਧ ਕਰਨ ਕਿ ਖ਼ਾਲਸਾ ਫ਼ੌਜ ਘੇਰੀ ਜਾਏ ਤੇ ਉਹ ਸਿੱਧੀ ਲੜਾਈ ਲੜੇ। ਕਈ ਪਠਾਣ ਫ਼ੌਜੀ ਮੁਖੀਆਂ ਨੇ ਇਸ ਤਰ੍ਹਾਂ ਲੜਨ ਦੀ ਵਿਰੋਧਤਾ ਵੀ ਕੀਤੀ ਤੇ ਫ਼ੌਜੀ ਤਾਕਤ ਨੂੰ ਇਕੱਠੇ ਰੱਖਣ 'ਤੇ ਜ਼ੋਰ ਦਿੱਤਾ ਪਰ ਉਮਰ ਹਯਾਤ ਖ਼ਾਨ ਨੇ ਉਹਨਾਂ ਦੀ ਕੋਈ ਗੱਲ ਨਾ ਮੰਨੀ ਤੇ ਨਾ ਉਹਨਾਂ ਨੂੰ ਇਹ ਦੱਸਿਆ ਕਿ ਉਹ ਕਿਉਂ ਇਸ ਤਰ੍ਹਾਂ ਕਰ ਰਿਹਾ ਹੈ। ਸੰਤ ਜੀ ਨੇ ਉਹਨੂੰ ਪੱਕੀ ਕੀਤੀ ਹੋਈ ਸੀ ਕਿ ਜੇਕਰ ਉਹਨਾਂ ਦੀਆਂ ਗੱਲਾਂ ਕਿਸੇ ਹੋਰ ਅੱਗੇ ਦੱਸੀਆਂ ਤਾਂ ਉਹਦੇ ਲਈ ਖ਼ਤਰਨਾਕ ਰਹਿਣਗੀਆਂ। ਇਸੇ ਲਈ ਉਹਨੇ ਕਿਸੇ ਨੂੰ ਇਸ ਬਾਰੇ ਕੁਝ ਨਾ ਦੱਸਿਆ।

ਭਾਗ ਸਿੰਘ ਵੱਲੋਂ ਆਏ ਸੁਨੇਹੇ ਅਨੁਸਾਰ ਸਰਦਾਰ ਹਰੀ ਸਿੰਘ ਨਲੂਏ ਨੇ ਖ਼ਾਲਸਾ

ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ। ਇੱਕ ਹਿੱਸੇ ਨੂੰ ਉੱਤਰ ਵੱਲ ਅਤੇ ਦੂਜੇ ਹਿੱਸੇ ਨੂੰ ਦੱਖਣ ਵੱਲ ਭੇਜ ਦਿੱਤਾ। ਇਹਨਾਂ ਦੋਹਾਂ ਨੂੰ ਹਦਾਇਤ ਕਰ ਦਿੱਤੀ ਗਈ ਕਿ ਰਾਤ ਦੇ ਹਨੇਰੇ ਵਿਚ ਇਹ ਪੰਜ ਮੀਲ ਤੋਂ ਵੱਧ ਦੂਰ ਜਾ ਕੇ ਫਿਰ ਉਪਰੋਂ ਦੀ ਹੋ ਕੇ ਪਠਾਣੀ ਫ਼ੌਜ ਨੂੰ ਘੇਰਨ ਦਾ ਯਤਨ ਕਰਨ ਅਤੇ ਸਵੇਰ ਦੀ ਲੋਅ ਹੁੰਦਿਆਂ ਹੱਲਾ ਬੋਲ ਦਿੱਤਾ ਜਾਏ। ਜੇਕਰ ਇਹ ਮਹਿਸੂਸ ਕੀਤਾ ਜਾਏ ਕਿ ਫ਼ੌਜ ਮੀਲ ਤੋਂ ਵੱਧ ਇਲਾਕੇ ਵਿਚ ਖਿੱਲਰੀ ਪਈ ਏ ਤਾਂ ਹੋਰ ਅੱਗੇ ਲੰਘ ਕੇ ਹਮਲਾ ਕੀਤਾ ਜਾਏ। ਹਮਲੇ ਵਿਚ ਦੂਜਾ ਖ਼ਿਆਲ ਇਸ ਗੱਲ ਦਾ ਰੱਖਿਆ ਜਾਏ ਕਿ ਪਠਾਣੀ ਫ਼ੌਜ ਕਿਸੇ ਤਰ੍ਹਾਂ ਵੀ ਘੇਰ ਨਾ ਸਕੇ। ਉਹਨਾਂ ਨੂੰ ਆਪਣੇ ਪਿਛਲੇ ਪਾਸੇ ਵੱਲ ਉੱਕਾ ਨਹੀਂ ਵਧਣ ਦੇਣਾ।

ਫ਼ੌਜ ਦਾ ਤੀਜਾ ਹਿੱਸਾ ਸਰਦਾਰ ਹਰੀ ਸਿੰਘ ਨੇ ਆਪਣੇ ਪਾਸ ਰੱਖਿਆ। ਸਾਰੀ ਰਾਤ ਖ਼ਾਲਸਾ ਫ਼ੌਜ ਦਾ ਕੋਈ ਮੁਖੀ ਸੌਂ ਨਾ ਸਕਿਆ। ਦੂਜੇ ਪਾਸੇ ਪਠਾਣੀ ਫ਼ੌਜਾਂ ਨੂੰ ਇਸ ਹਿਲਜੁੱਲ ਦਾ ਪਤਾ ਲਗ ਗਿਆ, ਪਰ ਉਹਨਾਂ ਨੂੰ ਇਹ ਸਮਝ ਨਾ ਪੈ ਸਕੀ ਕਿ ਕਿਸ ਵਿਉਂਤ ਅਨੁਸਾਰ ਇਹ ਸਰਗਰਮੀਆਂ ਜਾਰੀ ਹਨ।

ਸਵੇਰੇ ਜਦ ਚਾਨਣ ਦੀ ਥੋੜ੍ਹੀ ਜਿਹੀ ਲੋਅ ਹੋਈ ਤੇ ਸਾਹਮਣੇ ਰਾਹ-ਖਹਿੜੇ ਤੋਂ ਮਨੁੱਖ ਮਾਮੂਲੀ ਜਿਹੇ ਦਿਸਣੇ ਸ਼ੁਰੂ ਹੋਏ ਤਾਂ ਖ਼ਾਲਸਾ ਫ਼ੌਜ ਨੇ ਨਗਾਰੇ 'ਤੇ ਚੋਟ ਲਾ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਂਦਿਆਂ ਦੁਸ਼ਮਣ ਦੀ ਫ਼ੌਜ 'ਤੇ ਹਮਲਾ ਕਰ ਦਿੱਤਾ। ਸਵੇਰੇ ਊਸ਼ਾ ਦੀ ਲਾਲੀ ਦੇ ਮਨਮੋਹਣੇ ਦ੍ਰਿਸ਼ ਦਾ ਸਵਾਗਤ ਦਵੱਲੀ ਫ਼ੌਜਾਂ ਦੀਆਂ ਗੋਲੀਆਂ ਨਾਲ ਹੋਇਆ।

ਉਮਰ ਹਯਾਤ ਖ਼ਾਨ ਆਪ ਜਹਾਂਗੀਰੇ ਦੇ ਸਾਹਮਣੇ ਡੇਰੇ ਲਾਈ ਬੈਠਾ ਸੀ। ਜਦੋਂ ਉਹਨੂੰ ਐਨ ਸਾਹਮਣਿਓਂ ਖ਼ਾਲਸਾ ਫ਼ੌਜ ਦੇ ਹਮਲੇ ਦਾ ਪਤਾ ਲੱਗਾ ਤਾਂ ਉਹ ਬੜਾ ਖ਼ੁਸ਼ ਹੋਇਆ। ਉਹਨੂੰ ਇਉਂ ਜਾਪਿਆ ਕਿ ਸੰਤ ਜੀ ਦੀਆਂ ਕਹੀਆਂ ਹੋਈਆਂ ਗੱਲਾਂ ਠੀਕ ਸਾਬਤ ਹੋਈਆਂ ਹਨ। ਉਸ ਨੂੰ ਖ਼ੁਸ਼ੀ ਸੀ ਕਿ ਦੁਸ਼ਮਣ ਸਾਹਮਣਿਓਂ ਹਮਲਾ ਕਰਨ ਲਈ ਆ ਗਿਆ ਹੈ, ਪਰ ਜਦੋਂ ਝੱਟ ਪਿਛੋਂ ਉਹਨੂੰ ਖ਼ਬਰ ਮਿਲੀ ਕਿ ਉੱਤਰ ਵਲੋਂ ਵੀ ਬਹੁਤ ਵੱਡਾ ਹਮਲਾ ਹੋ ਗਿਆ ਹੈ ਤਾਂ ਉਹ ਕੁਝ ਮਾਯੂਸ ਹੋ ਗਿਆ। ਭਾਵੇਂ ਉਸ ਨੇ ਉਸੇ ਵੇਲੇ ਕੁਝ ਫ਼ੌਜੀ ਮੁਖੀਆਂ ਨੂੰ ਉੱਤਰ ਵਾਲੇ ਪਾਸੇ ਮਦਦ ਦੇਣ ਲਈ ਕਿਹਾ ਪਰ ਵਿਚੋਂ ਉਸ ਦਾ ਦਿਲ ਡੁੱਬਣ ਲੱਗ ਪਿਆ। ਦੱਖਣ ਵਲੋਂ ਹਮਲੇ ਦੀ ਖ਼ਬਰ ਨੇ ਤਾਂ ਉਹਦਾ ਉੱਕਾ ਲੱਕ ਤੋੜ ਦਿੱਤਾ। ਘੜੀ-ਮੁੜੀ ਉਸ ਦੀਆਂ ਅੱਖਾਂ ਸਾਹਮਣੇ ਸੰਤ ਦੀ ਤਸਵੀਰ ਆ ਜਾਂਦੀ ਅਤੇ ਉਸ ਦੀਆਂ ਕਹੀਆਂ ਹੋਈਆਂ ਗੱਲਾਂ ਕੰਨਾਂ ਵਿਚ ਗੂੰਜਣ ਲੱਗ ਪੈਂਦੀਆਂ।

ਪਠਾਣੀ ਫ਼ੌਜ ਬੜੇ ਜਜ਼ਬੇ ਨਾਲ ਲੜਨ ਲਈ ਆਈ ਸੀ। ਇਸ ਇਲਾਕੇ ਵਿਚ ਇਹ ਆਮ ਸਮਝਿਆ ਜਾਂਦਾ ਸੀ ਕਿ ਉਹਨਾਂ ਨਾਲੋਂ ਵੱਧ ਲੜਾਕਾ ਕੋਈ ਨਹੀਂ, ਇਸੇ

ਲਈ ਇਹ ਲੋਕ ਪੰਜਾਬ ਨੂੰ ਆਪਣੀ ਜਾਗੀਰ ਸਮਝਦੇ ਸਨ। ਜਦੋਂ ਇਹਨਾਂ ਦਾ ਜੀ ਕਰਦਾ ਪੰਜਾਬ ਵੱਲ ਆ ਕੇ ਲੁੱਟ-ਮਾਰ ਕਰ ਲੈ ਜਾਂਦੇ। ਅੱਜ ਪਹਿਲੀ ਵਾਰ ਪੰਜਾਬੀਆਂ ਨੇ ਇਹਨਾਂ ਦੇ ਮੁਕਾਬਲੇ 'ਤੇ ਤਕੜੇ ਹੋ ਕੇ ਹਥਿਆਰ ਚੁੱਕੇ ਸਨ। ਇਸ ਲਈ ਪਠਾਣਾਂ ਨੂੰ ਬੜਾ ਗੁੱਸਾ ਆ ਰਿਹਾ ਸੀ। ਕਈ ਪਠਾਣ ਸਰਦਾਰ ਇਸ ਗੱਲੋਂ ਬੜੇ ਹੈਰਾਨ ਸਨ ਕਿ ਉਮਰ ਹਯਾਤ ਖ਼ਾਨ ਅੱਜ ਨਿਰਾਸ ਤੇ ਢਿੱਲਾ ਕਿਉਂ ਏ, ਇਹ ਤਾਂ ਲੜਾਈ ਸਮੇਂ ਬੜੇ ਜੋਸ਼ ਤੇ ਜਜ਼ਬੇ ਵਿਚ ਹੁੰਦਾ ਸੀ। ਉਮਰ ਹਯਾਤ ਖ਼ਾਨ ਨੇ ਵੀ ਯਤਨ ਕੀਤਾ ਕਿ ਉਸ ਦੀ ਕਮਜ਼ੋਰੀ ਦਾ ਕਿਸੇ ਨੂੰ ਪਤਾ ਨਾ ਲੱਗੇ ਪਰ ਉਹ ਇਸ ਨੂੰ ਛੁਪਾ ਨਾ ਸਕਿਆ। ਉਸ ਦਾ ਦਿਲ ਢਹਿ ਜਾਣ ਦੇ ਬਾਵਜੂਦ ਦੁਪਹਿਰ ਤਕ ਪਠਾਣੀ ਫ਼ੌਜ ਨੇ ਬੜੀ ਜਾਣ ਤੋੜ ਕੇ ਲੜਾਈ ਕੀਤੀ, ਪਰ ਉਹਨਾਂ ਨੂੰ ਸੁਚੱਜੀ ਅਗਵਾਈ ਨਾ ਮਿਲੀ। ਸਾਰੇ ਆਪਣੀ ਆਪਣੀ ਥਾਂ 'ਤੇ ਲੜਦੇ ਰਹੇ। ਕਿਸੇ ਨੇ ਦੂਜੇ ਦੀ ਬਾਤ ਨਾ ਪੁੱਛੀ। ਸ਼ਾਮ ਵੇਲੇ ਦੱਖਣੀ ਪਾਸੇ ਵੱਲ ਸਿੰਘਾਂ ਦਾ ਜ਼ੋਰ ਪੈ ਗਿਆ ਅਤੇ ਉਹਨਾਂ ਪਠਾਣੀ ਫ਼ੌਜ ਨੂੰ ਬਹੁਤ ਸਾਰਾ ਪਿਛੇ ਧੱਕ ਦਿੱਤਾ। ਇਸ ਪਾਸਿਓਂ ਫ਼ੌਜ ਦੇ ਪਿੱਛੇ ਹਟਣ ਨਾਲ ਦੂਜੇ ਪਾਸੇ ਵੀ ਬੇਚੈਨੀ ਫੈਲ ਗਈ।

ਹਰੀ ਸਿੰਘ ਨਲੂਆ ਅਜਿਹੇ ਮੌਕੇ ਨੂੰ ਸਮਝਣ ਵਿਚ ਕਮਾਲ ਦੀ ਸੂਝ-ਬੂਝ ਰਖਦਾ ਸੀ। ਉਸ ਦੀ ਸਫਲਤਾ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਮਨੋ-ਵਿਗਿਆਨ ਦਾ ਸਿਆਣਾ ਸੀ ਤੇ ਝੱਟ ਅਗਲੇ ਦੀ ਮਾਨਸਿਕ ਅਵਸਥਾ ਸਮਝ ਲੈਂਦਾ ਸੀ, ਪਠਾਣੀ ਫ਼ੌਜ ਵਿਚ ਆਈ ਕਮਜ਼ੋਰੀ ਨੂੰ ਉਸ ਤਾੜ ਲਿਆ। ਉਸ ਵੇਲੇ ਉਸ ਨੇ ਆਪਣੀ ਸਾਰੀ ਫ਼ੌਜ ਨੂੰ ਇਕ-ਦਮ ਅੱਗੇ ਵਧਣ ਦਾ ਹੁਕਮ ਦੇ ਦਿੱਤਾ।

ਸ਼ਾਮ ਤਕ ਲੜਾਈ ਜਾਰੀ ਰਹੀ। ਪਠਾਣਾਂ ਨੇ ਇਕ-ਇਕ ਇੰਚ ਧਰਤੀ ਲਈ ਲੜਾਈ ਕੀਤੀ, ਪਰ ਸਿੰਘਾਂ ਦੇ ਅਥਾਹ ਜੋਸ਼ ਅੱਗੇ ਉਹ ਖੜੋ ਨਾ ਸਕੇ ਅਤੇ ਸੂਰਜ ਡੁਬਦੇ ਸਾਰ ਹੀ ਉਹਨਾਂ ਦੇ ਮਨ ਵੀ ਡੁੱਬ ਗਏ ਤੇ ਫ਼ੌਜ ਵਿਚ ਭਾਜੜ ਪੈ ਗਈ। ਇਸ ਸਮੇਂ ਖ਼ਾਲਸਾ ਫ਼ੌਜ ਨੇ ਕੁਝ ਥੋੜ੍ਹਾ ਜਿਹਾ ਪਿੱਛਾ ਕੀਤਾ ਤੇ ਉਹਨਾਂ ਨੂੰ ਕੀਤੇ ਦੀ ਸਜ਼ਾ ਦੇਣ ਦਾ ਯਤਨ ਕੀਤਾ।

ਚੰਗਾ ਹਨੇਰਾ ਪੈਣ ਤੋਂ ਪਹਿਲਾਂ ਮੈਦਾਨ ਖ਼ਾਲੀ ਹੋ ਗਿਆ। ਸਿੰਘਾਂ ਨੇ ਤੁਰਤ ਜ਼ਖ਼ਮੀਆਂ ਦੀ ਸੰਭਾਲ ਕੀਤੀ। ਜਿੱਥੇ ਆਪਣੇ ਜ਼ਖ਼ਮੀਆਂ ਨੂੰ ਇਕੱਠਿਆਂ ਕਰ ਕੇ ਉਹਨਾਂ ਦੀ ਮਰ੍ਹਮ-ਪੱਟੀ ਕੀਤੀ, ਉੱਥੇ ਦੁਸ਼ਮਣ ਦੇ ਜਿੰਨੇ ਜ਼ਖ਼ਮੀ ਮਿਲੇ ਉਹਨਾਂ ਦੀ ਵੀ ਉਸੇ ਤਰ੍ਹਾਂ ਸੰਭਾਲ ਕੀਤੀ। ਦੁਸ਼ਮਣ ਦੀ ਫ਼ੌਜ ਦੇ ਸਾਰੇ ਜ਼ਖ਼ਮੀਆਂ ਨੂੰ ਇਕ ਵੱਖਰੇ ਜਿਹੇ ਵਲਗਣ ਵਿਚ ਲਿਆ ਰੱਖਿਆ।

ਉਮਰ ਹਯਾਤ ਖ਼ਾਨ ਨਿਢਾਲ ਹੋ ਕੇ ਨੌਸ਼ਹਿਰੇ ਨੇੜੇ ਆਪਣੇ ਤੰਬੂ ਵਿਚ ਪਹੁੰਚ ਗਿਆ। ਬਸ਼ੀਰਾਂ ਤੇ ਉਹਦੀ ਮਾਂ ਕਿੰਨੀ ਦੇਰ ਖੜੀਆਂ ਉਹਦੀ ਉਡੀਕ ਕਰ ਰਹੀਆਂ

ਸਨ। ਜਦ ਨਿਰਾਸ ਜਿਹੇ, ਢਿੱਲੇ ਮੂੰਹ ਨਾਲ ਉਮਰ ਹਯਾਤ ਖ਼ਾਨ ਪਰਤਿਆ ਤਾਂ ਉਹ ਵੀ ਮਾਯੂਸ ਹੋ ਗਈਆਂ। ਰਾਤ ਨੂੰ ਬਾਕੀ ਫ਼ੌਜ ਵੀ ਪੁੱਜ ਗਈ।

ਸਾਰੇ ਸਰਦਾਰਾਂ ਨੇ ਉਮਰ ਹਯਾਤ ਖ਼ਾਨ ਨੂੰ ਆ ਕੇ ਕਿਹਾ ਕਿ ਉਹ ਹੌਸਲਾ ਨਾ ਛੱਡਣ, ਨਹੀਂ ਤਾਂ ਉਹਨਾਂ ਦੀ ਬੜੀ ਬਦਨਾਮੀ ਹੋਵੇਗੀ, ਸਗੋਂ ਉਹਨਾਂ ਨੂੰ ਤਾਂ ਚਾਹੀਦਾ ਹੈ ਕਿ ਉਹ ਫ਼ੌਜ ਨੂੰ ਹੌਸਲਾ ਦੇਣ ਅਤੇ ਅਗਲੀ ਲੜਾਈ ਲਈ ਤਿਆਰ ਕਰਨ। ਜੇ ਉਹਨਾਂ ਢਾਰਸ ਨਾ ਦਿੱਤਾ ਤਾਂ ਇਕੱਠਾ ਕੀਤਾ ਮੁਲਖ-ਮੁਲਖਈਆ ਅਜਿਹਾ ਦਿਲ ਛੱਡੇਗਾ ਕਿ ਫਿਰ ਕਦੇ ਵੀ ਸਿੱਖਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕੇਗਾ।

ਰਾਤ ਨੂੰ ਜਦ ਫ਼ੌਜੀ ਕੈਂਪਾਂ ਵਿਚ ਆ ਗਏ ਤਾਂ ਗਿਣਤੀ ਕੀਤੀ ਗਈ। ਹਜ਼ਾਰ ਤੋਂ ਉੱਪਰ ਆਦਮੀ ਘੱਟ ਸਨ ਜਿਹਨਾਂ ਵਿਚੋਂ ਬਹੁਤਿਆਂ ਦੇ ਮਾਰੇ ਜਾਣ ਦਾ ਅਨੁਮਾਨ ਲਾਇਆ ਗਿਆ। ਹਾਰ ਪਿੱਛੋਂ ਉਮਰ ਹਯਾਤ ਖ਼ਾਨ ਨੂੰ ਦੂਜੀ ਸੱਟ ਇਹ ਵੱਜੀ ਕਿ ਉਹਦਾ ਵੱਡਾ ਪੁੱਤਰ ਅਕਬਰ ਵੀ ਵਾਪਸ ਨਾ ਪਰਤਿਆ। ਕਿਸੇ ਨੂੰ ਉਸ ਬਾਰੇ ਪਤਾ ਨਹੀਂ ਸੀ ਕਿ ਉਹ ਮਰ ਗਿਆ ਹੈ ਜਾਂ ਜ਼ਖ਼ਮੀ ਹੋ ਗਿਆ ਹੈ।

ਸਾਰੀ ਫ਼ੌਜ ਤੋਂ ਉਸ ਬਾਰੇ ਪੁੱਛ-ਪੜਤਾਲ ਕੀਤੀ ਗਈ। ਇਕ ਸਿਪਾਹੀ ਨੇ ਦੱਸਿਆ ਕਿ ਉਹਨੇ ਅਕਬਰ ਖ਼ਾਂ ਨੂੰ ਜ਼ਖ਼ਮੀ ਹੋ ਕੇ ਡਿਗਦਿਆਂ ਦੇਖਿਆ ਹੈ ਪਰ ਉਹਨੂੰ ਇਹ ਪਤਾ ਨਹੀਂ ਕਿ ਉਹਨੂੰ ਗੋਲੀ ਲੱਗੀ ਹੈ ਕਿ ਤਲਵਾਰ, ਤੇ ਕਿਸ ਹਾਲਤ ਵਿਚ ਹੈ। ਉਸ ਸਮੇਂ ਸਿਖ ਇਤਨੇ ਨੇੜੇ ਆ ਗਏ ਸਨ ਕਿ ਉਹਦੇ ਲਈ ਅਕਬਰ ਖ਼ਾਂ ਨੂੰ ਸੰਭਾਲਣਾ ਔਖਾ ਸੀ। ਇਸ ਨਾਲ ਉਮਰ ਹਯਾਤ ਖ਼ਾਨ ਦੇ ਘਰ ਮਾਤਮ ਛਾ ਗਿਆ। ਜਵਾਨ ਪੁੱਤਰ ਦੀ ਮੌਤ ਹੋ ਗਈ, ਜਿਸ ਨੂੰ ਵਿਆਹੁਣ ਦੀਆਂ ਅਜੇ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਇਸ ਮੁੰਡੇ ਦਾ ਵਿਆਹ ਪਿਸ਼ਾਵਰ ਦੇ ਹਾਕਮ ਯਾਰ ਮੁਹੰਮਦ ਖ਼ਾਨ ਦੀ ਲੜਕੀ ਨਾਲ ਕਰਨ ਦੀ ਗੱਲ-ਬਾਤ ਚੱਲ ਰਹੀ ਸੀ। ਪੁੱਤਰ ਦਾ ਵਿਛੋੜਾ ਅਸਹਿ ਹੋ ਗਿਆ ਅਤੇ ਉਮਰ ਹਯਾਤ ਖ਼ਾਨ ਅੰਦਰ ਵੜ ਕੇ ਬੜਾ ਰੋਇਆ। ਰੋ ਰੋ ਕੇ ਉਹਦੀਆਂ ਅੱਖਾਂ ਵੀ ਸੁੱਜ ਗਈਆਂ।

ਦੂਜੇ ਦਿਨ ਦੁਪਹਿਰ ਵੇਲੇ ਸੰਤ ਜੀ ਮਹਾਰਾਜ ਆ ਗਏ। ਉਹਨਾਂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਇਹ ਜੰਗ ਹਾਰ ਆਏ ਹਨ। ਜਦ ਸੰਤ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਬਸ਼ੀਰਾਂ ਉੱਠ ਕੇ ਬਾਹਰ ਆਈ ਅਤੇ ਸੰਤ ਜੀ ਨੂੰ ਅੰਦਰ ਲੈ ਗਈ। ਸੰਤ ਜੀ ਨੇ ਆਉਂਦਿਆਂ ਕਿਹਾ, "ਕੀ ਗੱਲ ਏ ਤੁਹਾਡੀਆਂ ਅੱਖਾਂ ਸੁੱਜੀਆਂ ਹੋਈਆਂ ਨੇ। ਇਉਂ ਜਾਪਦਾ ਹੈ ਕਿ ਰੋ ਕੇ ਹਟੇ ਹੋ।"

ਬਸ਼ੀਰਾਂ ਚੁੱਪ ਰਹੀ ਅਤੇ ਉਹਨੇ ਸੰਤ ਜੀ ਦੇ ਸਵਾਲ ਦਾ ਕੋਈ ਉੱਤਰ ਨਾ ਦਿੱਤਾ। ਸੰਤ ਜੀ ਨੇ ਫਿਰ ਕਿਹਾ, "ਲੜਾਈ ਦੀ ਹਾਰ ਨੂੰ ਦਿਲ 'ਤੇ ਲਾਣ ਦਾ ਕੋਈ ਲਾਭ

ਨਹੀਂ। ਰਾਜਸੀ ਮੈਦਾਨ ਵਿਚ ਗੱਜਣ ਵਾਲਿਆਂ ਲਈ ਹਾਰਾਂ ਨਿਰਾਸਤਾ ਦਾ ਕਾਰਨ ਨਹੀਂ ਬਣਦੀਆਂ, ਸਗੋਂ ਬਹਾਦਰ ਤੇ ਦਲੇਰ ਆਦਮੀ ਹਾਰ ਪਿਛੋਂ ਹੋਰ ਵਧੇਰੇ ਦ੍ਰਿੜ੍ਹਤਾ ਤੇ ਸ਼ਕਤੀ ਪੈਦਾ ਕਰਕੇ ਅੱਗੋਂ ਲਈ ਹੰਭਲਾ ਮਾਰਨ ਦਾ ਯਤਨ ਕਰਦੇ ਹਨ।"

"ਇਹ ਤੇ ਠੀਕ ਏ ਪਰ ਸਾਡਾ ਤਾਂ ਇਸ ਲੜਾਈ ਨੇ ਲੱਕ ਹੀ ਤੋੜ ਦਿੱਤਾ ਏ," ਬਸ਼ੀਰਾਂ ਨੇ ਕਿਹਾ ਤੇ ਉਹਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗ ਪਏ। ਉਹਦਾ ਗਲਾ ਭਰਿਆ ਗਿਆ ਤੇ ਉਹ ਅੱਗੋਂ ਬੋਲ ਨਾ ਸਕੀ।

"ਮੈਂ ਜਾਣਦਾ ਹਾਂ ਕਿ ਤੁਹਾਨੂੰ ਵੀਰ ਦਾ ਬਹੁਤਾ ਦੁੱਖ ਏ ਪਰ ਉਸ ਬਾਰੇ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ," ਸੰਤ ਜੀ ਨੇ ਕਿਹਾ।

"ਹੈਂ, ਇਹ ਕੀ ਕਹਿ ਰਹੇ ਹੋ, ਚਿੰਤਾ ਕਰਨ ਦੀ ਲੋੜ ਨਹੀਂ?" ਬਸ਼ੀਰਾਂ ਦੀਆਂ ਹੈਰਾਨੀ ਨਾਲ ਅੱਖਾਂ ਅੱਡੀਆਂ ਗਈਆਂ।

"ਬਿਲਕੁਲ ਕੋਈ ਲੋੜ ਨਹੀਂ," ਸੰਤ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਕਿਹਾ।

ਬਸ਼ੀਰਾਂ ਨੇ ਤੰਬੂ ਦੇ ਪਿਛਲੇ ਪਾਸੇ ਵੱਲ ਝਾਤ ਮਾਰੀ। ਉਮਰ ਹਯਾਤ ਖ਼ਾਨ ਗੋਡਿਆਂ ਵਿਚ ਸਿਰ ਦੇ ਕੇ ਬੈਠਾ ਸੀ ਤੇ ਸੋਚਾਂ ਦੇ ਇਤਨੇ ਡੂੰਘੇ ਵਹਿਣ ਵਿਚ ਡੁੱਬਿਆ ਪਿਆ ਸੀ ਕਿ ਉਹਨੂੰ ਸੰਤ ਜੀ ਦੇ ਆਉਣ ਤੇ ਦੂਜੇ ਪਾਸੇ ਗੱਲਾਂ ਕਰਨ ਦਾ ਵੀ ਪਤਾ ਨਾ ਲੱਗਾ।

ਬਸ਼ੀਰਾਂ ਨੇ ਆਵਾਜ਼ ਦੇ ਕੇ ਉਮਰ ਹਯਾਤ ਖ਼ਾਨ ਤੇ ਮਾਂ ਨੂੰ ਸੱਦ ਲਿਆ ਤੇ ਕਿਹਾ, "ਸੰਤ ਜੀ ਪਏ ਕਹਿੰਦੇ ਨੇ ਕਿ ਵੀਰ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ।"

"ਹੈਂ, ਸੱਚ, ਮੇਰਾ ਪੁੱਤਰ ਜਿਉਂਦਾ ਏ?" ਬਸ਼ੀਰਾਂ ਦੀ ਮਾਂ ਨੇ ਕਿਹਾ।

ਸੰਤ ਜੀ ਨੇ ਸਿਰ ਹਿਲਾ ਕੇ ਹੀ ਵਿਸ਼ਵਾਸ ਦਿਵਾਇਆ ਕਿ ਅਕਬਰ ਖ਼ਾਂ ਜਿਊਂਦਾ ਹੈ। ਸਾਰੇ ਪਰਿਵਾਰ ਦੇ ਚਿਹਰੇ 'ਤੇ ਖ਼ੁਸ਼ੀ ਦੇ ਚਿੰਨ੍ਹ ਪ੍ਰਗਟ ਹੋਏ।

ਉਮਰ ਹਯਾਤ ਖ਼ਾਨ ਨੇ ਕਿਹਾ, "ਤੁਸੀਂ ਤਾਂ ਦੱਸਿਆ ਸੀ ਕਿ ਜਿੱਤ ਸਾਡੀ ਹੋਵੇਗੀ ਪਰ ਇਥੇ ਮਾਮਲਾ ਉਲਟਾ ਹੋ ਗਿਆ ਏ।"

"ਮੈਂ ਨਾਲ ਇਹ ਵੀ ਕਿਹਾ ਸੀ ਜੇਕਰ ਸਿੱਧੀ ਟੱਕਰ ਹੋਈ ਤਾਂ। ਤੁਸੀਂ ਆਪ ਹੀ ਦੱਸੋ ਕਿ ਲੜਾਈ ਵੇਲੇ ਮੁਕਾਬਲਾ ਪੂਰਬ, ਪੱਛਮ ਵਿਚ ਰਿਹਾ ਹੈ ਜਾਂ ਉੱਤਰ, ਦੱਖਣ ਵਲ ਵੀ ਹੋ ਗਿਆ ਸੀ। ਜੇਕਰ ਉੱਤਰ, ਦੱਖਣ ਵੱਲ ਵੀ ਹੋਇਆ ਹੈ ਤਾਂ ਮੇਰਾ ਅਨੁਮਾਨ ਠੀਕ ਨਿਕਲਿਆ ਏ। ਅਸੀਂ ਐਵੇਂ ਉਮਰ ਨਹੀਂ ਗਾਲ ਦਿੱਤੀ। ਹੁਣ ਫਿਰ ਅਜ਼ਮਾ ਕੇ ਦੇਖ ਲੈਣਾ। ਤੁਸੀਂ ਸਾਰੇ ਸਮਝਦੇ ਹੋ ਕਿ ਅਕਬਰ ਖ਼ਾਂ ਦੁਨੀਆ 'ਤੇ ਨਹੀਂ ਪਰ ਮੇਰਾ ਇਲਮ ਦੱਸਦਾ ਏ ਕਿ ਅਕਬਰ ਖ਼ਾਂ ਜਿਊਂਦਾ ਏ," ਸੰਤ ਜੀ ਨੇ ਕਿਹਾ।

"ਉਹ ਹੈ ਕਿੱਥੇ?" ਉਮਰ ਹਯਾਤ ਖ਼ਾਨ ਨੇ ਪੁੱਛਿਆ।

ਸੰਤ ਜੀ ਨੇ ਅੱਖਾਂ ਬੰਦ ਕਰ ਲਈਆਂ। ਉਂਗਲਾਂ ਦੇ ਪੋਟਿਆਂ 'ਤੇ ਅੰਗੂਠਾ ਫੇਰ ਕੇ ਕੁਝ ਹਿਸਾਬ ਕੀਤਾ ਤੇ ਫਿਰ ਅੱਖਾਂ ਖੋਲ੍ਹ ਕੇ ਕਿਹਾ, "ਉਹ ਇਸ ਸਮੇਂ ਸਿੱਖਾਂ ਦੀ ਕੈਦ ਵਿਚ ਹੈ। ਮੇਰਾ ਅਨੁਮਾਨ ਹੈ ਕਿ ਉਹ ਅਟਕ ਦੇ ਪਾਰ ਹੈ। ਜੇ ਮੈਂ ਗਲਤ ਨਹੀਂ ਤਾਂ ਉਹ ਅਟਕ ਦੇ ਕਿਲ੍ਹੇ ਵਿਚ ਹੋਵੇਗਾ।

"ਅਸਾਂ ਤਾਂ ਸੁਣਿਆ ਏ ਕਿ ਉਹ ਜ਼ਖ਼ਮੀ ਹੋ ਗਏ ਸਨ। ਕੀ ਇਹ ਠੀਕ ਏ ? ਉਹਨਾਂ ਦੀ ਇਸ ਵੇਲੇ ਦੀ ਹਾਲਤ ਬਾਰੇ ਕੁਝ ਦੱਸ ਸਕਦੇ ਹੋ ?" ਬਸ਼ੀਰਾਂ ਨੇ ਸਵਾਲ ਕੀਤਾ।

ਸੰਤ ਜੀ ਨੇ ਫਿਰ ਅੱਖਾਂ ਬੰਦ ਕਰ ਲਈਆਂ ਤੇ ਦੋ ਕੁ ਮਿੰਟ ਚੁੱਪ ਰਹਿਣ ਪਿਛੋਂ ਅੱਖਾਂ ਬੰਦ ਰੱਖ ਕੇ ਹੀ ਬੋਲਣ ਲੱਗ ਪਏ, "ਮੈਂ ਹੁਣ ਇਸ ਸਮੇਂ ਅਕਬਰ ਖ਼ਾਂ ਨੂੰ ਆਪਣੀਆਂ ਅੱਖਾਂ ਨਾਲ ਦੇਖ ਰਿਹਾ ਹਾਂ। ਉਹ ਜ਼ਮੀਨ 'ਤੇ ਪਿਆ ਏ ਅਤੇ ਦੋ ਸਿਖ ਉਹਦੇ ਸਾਹਮਣੇ ਖੜੇ ਉਹਦੀ ਮਰ੍ਹਮ-ਪੱਟੀ ਕਰ ਰਹੇ ਹਨ। ਮੈਨੂੰ ਨਜ਼ਰ ਆ ਰਿਹਾ ਹੈ ਕਿ ਉਹਦੇ ਢਿੱਡ ਵਿਚ ਸੱਟ ਵੱਜੀ ਏ, ਤਾਹੀਓਂ ਇਕ ਸਿਖ ਉਥੇ ਦਵਾ ਲਾ ਕੇ ਪੱਟੀ ਬੰਨ੍ਹ ਰਿਹਾ ਹੈ।"

"ਹੱਦ ਹੋ ਗਈ, ਸੰਤ ਜੀ ਤੁਸੀਂ ਵੀਰੇ ਨੂੰ ਇਥੇ ਬੈਠੇ ਦੇਖ ਰਹੇ ਹੋ। ਮੈਨੂੰ ਵੀ ਦਿਖਾ ਦਿਓ," ਬਸ਼ੀਰਾਂ ਨੇ ਕਿਹਾ ।

"ਨਹੀਂ, ਤੁਸੀਂ ਨਹੀਂ ਦੇਖ ਸਕਦੇ। ਇਹ ਸ਼ਕਤੀ ਅਸੀਂ ਅੱਗੇ ਕਿਸੇ ਨੂੰ ਨਹੀਂ ਦੇ ਸਕਦੇ। ਸਾਨੂੰ ਵਰ ਹੈ ਕਿ ਅਸੀਂ ਆਪ ਜੋ ਦੇਖਣਾ ਚਾਹੀਏ ਉਹ ਦੇਖ ਸਕਦੇ ਹਾਂ," ਸੰਤ ਜੀ ਨੇ ਕਿਹਾ।

"ਫਿਰ ਉਹ ਕਦੋਂ ਸਾਨੂੰ ਮਿਲਣਗੇ," ਬਸ਼ੀਰਾਂ ਨੇ ਅਖ਼ੀਰਲਾ ਸਵਾਲ ਕੀਤਾ।

"ਮੇਰਾ ਅਨੁਮਾਨ ਹੈ ਕਿ ਮੰਗਲਵਾਰ ਤਕ ਉਹ ਛੱਡ ਦੇਣਗੇ। ਜੇਕਰ ਹਾਲਤ ਚੰਗੀ ਹੋਈ ਤਾਂ ਉਸੇ ਦਿਨ ਮਿਲ ਪਏਗਾ ਨਹੀਂ ਤੇ ਅਗਲੇ ਦਿਨ," ਸੰਤ ਜੀ ਨੇ ਦੱਸਿਆ।

"ਪਰ ਸਿੱਖਾਂ ਨੂੰ ਜਦ ਪਤਾ ਲੱਗਾ ਕਿ ਉਹ ਮੇਰਾ ਲੜਕਾ ਏ ਤਾਂ ਕਿਸੇ ਨਹੀਂ ਛੱਡਣਾ," ਉਮਰ ਹਯਾਤ ਖ਼ਾਨ ਨੇ ਕਿਹਾ।

"ਮੇਰਾ ਇਲਮ ਤਾਂ ਇਹੀ ਦੱਸਦਾ ਏ ਕਿ ਅਕਬਰ ਖ਼ਾਂ ਘਰ ਆ ਜਾਏਗਾ। ਚੰਗਾ, ਮੈਂ ਚਲਦਾ ਹਾਂ। ਜੇਕਰ ਅਕਬਰ ਖ਼ਾਂ ਆ ਗਿਆ ਤਾਂ ਮੈਨੂੰ ਪਤਾ ਦੇਣਾ," ਸੰਤ ਜੀ ਨੇ ਕਿਹਾ ਤੇ ਉੱਠ ਕੇ ਚਲੇ ਗਏ।

6

ਮਹਾਰਾਜਾ ਰਣਜੀਤ ਸਿੰਘ ਸ਼ਾਮ ਵੇਲੇ ਕਿਲ੍ਹੇ ਦੇ ਨਾਲ ਹੀ ਦਰਿਆ ਦੇ ਕੰਢੇ 'ਤੇ ਸੈਰ ਕਰ ਰਹੇ ਸਨ। ਆਪ ਨਾਲ ਉਸ ਸਮੇਂ ਤਿੰਨ-ਚਾਰ ਦਰਬਾਰੀ, ਦੋ ਜਰਨੈਲ ਤੇ ਅੱਧੀ ਕੁ ਦਰਜਨ ਸਿਪਾਹੀ ਸਨ। ਕੁਛ ਦੇਰ ਤਾਂ ਚੁੱਪ-ਚਾਪ ਸੈਰ ਕਰਦੇ ਰਹੇ ਪਰ ਫਿਰ ਮਹਾਰਾਜਾ ਰਣਜੀਤ ਸਿੰਘ ਕੁਝ ਤੇਜ਼ ਕਦਮ ਪੁੱਟ ਕੇ ਅੱਗੇ ਲੰਘ ਗਏ ਤੇ ਦੋ ਆਦਮੀਆਂ ਨੂੰ ਇਸ਼ਾਰਾ ਕਰ ਕੇ ਆਪਣੇ ਪਾਸ ਸੱਦ ਲਿਆ। ਬਾਕੀ ਸਾਰੇ ਸਮਝ ਗਏ ਕਿ ਇਹਨਾਂ ਕੋਈ ਭੇਦ ਵਾਲੀ ਗੱਲ ਕਰਨੀ ਹੈ, ਇਸ ਲਈ ਉਹ ਹੌਲੀ ਹੋ ਗਏ।

ਮਹਾਰਾਜਾ ਰਣਜੀਤ ਸਿੰਘ ਨੇ ਇਕ ਜਰਨੈਲ ਨੂੰ ਕਿਹਾ, "ਹੁਣ ਤੁਹਾਡੇ ਖ਼ਿਆਲ ਵਿਚ ਕੀ ਕਰਨਾ ਚਾਹੀਦਾ ਹੈ? ਇਸ ਲੜਾਈ ਦੀ ਜਿੱਤ ਨਾਲ ਗੱਲ ਮੁੱਕ ਨਹੀਂ ਜਾਂਦੀ?"

"ਮੇਰਾ ਵਿਚਾਰ ਤਾਂ ਇਹ ਹੈ ਕਿ ਸਾਨੂੰ ਅੱਗੇ ਵਧ ਕੇ ਪਿਸ਼ਾਵਰ 'ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਪਠਾਣ ਇਸ ਸਮੇਂ ਇਤਨੇ ਡਰੇ ਤੇ ਸਹਿਮੇ ਹੋਏ ਹਨ ਕਿ ਕਿਸੇ ਨੇ ਸਾਡੇ ਅੱਗੇ ਹੱਥ ਨਹੀਂ ਚੱਕਣਾ," ਜਰਨੈਲ ਨੇ ਸਲਾਹ ਦਿੱਤੀ।

"ਇਹ ਕਾਹਲੀ ਨਹੀਂ ਕਰਨੀ ਚਾਹੀਦੀ। ਲੜਾਈ ਜਿੱਤਣੀ ਇਕ ਵੱਖਰੀ ਗੱਲ ਏ ਤੇ ਕਿਸੇ ਇਲਾਕੇ 'ਤੇ ਕਬਜ਼ਾ ਜਮਾਣਾ ਬਿਲਕੁਲ ਵੱਖਰੀ ਕਿਸਮ ਦੀ ਗੱਲ ਏ। ਲੜਾਈ ਤਾਂ ਫ਼ੌਜੀ ਜਿੱਤ ਗਏ ਹਨ, ਪਰ ਪ੍ਰਬੰਧ ਕਰਨਾ ਇਸ ਇਲਾਕੇ ਦਾ ਬਹੁਤ ਹੀ ਔਖਾ ਹੈ। ਇਥੇ ਸਾਰੀ ਵਸੋਂ ਪਠਾਣਾਂ ਦੀ ਏ। ਜੇਕਰ ਆਪਣੇ ਪਾਸੇ ਦੇ ਕੁਝ ਲੋਕ ਹੁੰਦੇ ਤਾਂ ਫਿਰ ਹੋ ਸਕਦਾ ਸੀ। ਹੁਣ ਇਥੇ ਅਜੇ ਹੋਰ ਪ੍ਰਭਾਵ ਪਾਣ ਦੀ ਲੋੜ ਏ," ਦੂਜੇ ਜਰਨੈਲ ਨੇ ਕਿਹਾ।

"ਪ੍ਰਭਾਵ ਪਾਣ ਲਈ ਕੀ ਕੀਤਾ ਜਾਏ?" ਮਹਾਰਾਜਾ ਰਣਜੀਤ ਸਿੰਘ ਨੇ ਉਹਦੀ ਗੱਲ ਵਿੱਚੇ ਟੋਕ ਕੇ ਪੁੱਛਿਆ।

"ਮੇਰਾ ਖ਼ਿਆਲ ਏ ਕਿ ਇਹ ਪ੍ਰਬੰਧ ਪਠਾਣਾਂ ਪਾਸ ਹੀ ਰਹਿਣ ਦਿੱਤਾ ਜਾਏ। ਕੁਝ ਪਠਾਣ ਮੌਜੂਦਾ ਹਾਕਮਾਂ ਦੇ ਵਿਰੋਧੀ ਵੀ ਹੋਣਗੇ। ਉਹਨਾਂ ਦਾ ਪਤਾ ਕਰੋ ਉਹ ਜ਼ਰੂਰ ਸਾਡੇ ਇਸ਼ਾਰੇ 'ਤੇ ਕੰਮ ਕਰਨਗੇ, ਜੇ ਅਸੀਂ ਉਹਨਾਂ ਨੂੰ ਹਕੂਮਤ ਦਾ ਕੰਮ ਸੌਂਪ ਦੇਈਏ," ਜਰਨੈਲ ਨੇ ਆਪਣੇ ਵਲੋਂ ਸੁਝਾਓ ਪੇਸ਼ ਕਰ ਦਿੱਤਾ।

"ਗੱਲ ਤਾਂ ਤੁਹਾਡੀ ਜਚਦੀ ਏ ਪਰ ਇਸ ਬਾਰੇ ਪਤਾ ਕੌਣ ਕਰੇ?" ਮਹਾਰਾਜਾ ਰਣਜੀਤ ਸਿੰਘ ਨੇ ਕੁਝ ਸੋਚਦਿਆਂ ਪੁੱਛਿਆ।

"ਸ: ਭਾਗ ਸਿੰਘ ਕਾਹਦੇ ਲਈ ਏ। ਉਹੀ ਇਹ ਕੰਮ ਕਰ ਸਕਦਾ ਏ। ਹੁਣ

ਤਾਂ ਉਹਨੂੰ ਇਸ ਇਲਾਕੇ ਦੀ ਚੰਗੀ ਵਾਕਫੀਅਤ ਹੋ ਗਈ ਏ। ਵੇਖਿਆ ਨਹੀਂ ਜੋ ਲੜਾਈ ਵਿਚ ਉਸ ਇਤਨਾ ਕੰਮ ਕੀਤਾ ਏ," ਦੂਜੇ ਫ਼ੌਜੀ ਜਰਨੈਲ ਨੇ ਕਿਹਾ।

"ਉਹਨੂੰ ਕਿਹੜਾ ਕਿਹੜਾ ਕੰਮ ਸੌਂਪਾਂਗੇ। ਅੱਗੇ ਹੀ ਉਸਨੂੰ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਦਿੱਤੀਆਂ ਹੋਈਆਂ ਨੇ," ਮਹਾਰਾਜੇ ਨੇ ਕਿਹਾ।

ਇਕ ਘੋੜ-ਸਵਾਰ ਕਿਲ੍ਹੇ ਵਲੋਂ ਆਉਂਦਾ ਦਿਸਿਆ, ਇਸ ਲਈ ਸਾਰੇ ਖੜੇ ਹੋ ਗਏ। ਘੋੜ-ਸਵਾਰ ਨੇੜੇ ਆ ਗਿਆ ਤੇ ਘੋੜੇ ਤੋਂ ਉਤਰ ਉਸ ਹੱਥ ਜੋੜ ਕੇ ਫ਼ਤਹਿ ਬੁਲਾਈ।

ਮਹਾਰਾਜਾ ਰਣਜੀਤ ਸਿੰਘ ਨੇ ਆਪ ਹੀ ਪੁੱਛਿਆ, "ਕੀ ਗੱਲ ਏ ?"

"ਹਜ਼ੂਰ ਲਈ ਇਕ ਚਿੱਠੀ ਲਿਆਇਆ ਹਾਂ।" ਘੋੜ-ਸਵਾਰ ਨੇ ਜੇਬ ਵਿਚੋਂ ਇਕ ਚਿੱਠੀ ਕੱਢ ਕੇ ਮਹਾਰਾਜੇ ਵੱਲ ਵਧਾਈ। ਮਹਾਰਾਜਾ ਰਣਜੀਤ ਸਿੰਘ ਨੇ ਨਾਲ ਖੜੇ ਜਰਨੈਲ ਨੂੰ ਕਿਹਾ, "ਦੇਖੋ ਕੀ ਏ ?"

ਉਸ ਚਿੱਠੀ ਪੜ੍ਹ ਕੇ ਦੱਸਿਆ ਕਿ ਇਹ ਚਿੱਠੀ ਸ: ਭਾਗ ਸਿੰਘ ਵੱਲੋਂ ਆਈ ਏ ਤੇ ਉਸ ਲਿਖਿਆ ਹੈ ਕਿ ਜਿਤਨੇ ਆਦਮੀ ਦੁਸ਼ਮਣ ਦੇ ਕੈਦੀ ਬਣਾ ਲਏ ਗਏ ਹਨ ਉਨ੍ਹਾਂ ਵਿਚੋਂ ਇਕ ਦੇ ਸਿਵਾ ਹੋਰ ਕਿਸੇ ਨੂੰ ਨਹੀਂ ਛੱਡਣਾ। ਕੇਵਲ ਉਮਰ ਹਯਾਤ ਖ਼ਾਨ ਦੇ ਲੜਕੇ ਅਕਬਰ ਖ਼ਾਂ ਨੂੰ ਛੱਡ ਦਿੱਤਾ ਜਾਏ। ਇਹ ਬਹੁਤ ਜ਼ਰੂਰੀ ਹੈ ਤੇ ਬਾਕੀ ਵਿਚੋਂ ਛੱਡਣ ਦਾ ਫ਼ੈਸਲਾ ਦੋ ਦਿਨ ਠਹਿਰ ਕੇ ਕਰਨਾ। ਮੇਰਾ ਕੰਮ ਇਸ ਤਰ੍ਹਾਂ ਬਹੁਤ ਸੌਖਾ ਹੋ ਜਾਵੇਗਾ।

"ਇਹ ਕਿਵੇਂ ਹੋ ਸਕਦਾ ਏ, ਦੁਸ਼ਮਣ ਦਾ ਪੁੱਤਰ ਸਾਡੇ ਕਾਬੂ ਆਇਆ ਹੋਵੇ ਤੇ ਉਹਨੂੰ ਛੱਡ ਦਈਏ। ਬਾਕੀਆਂ ਨੂੰ ਫਿਰ ਰੱਖ ਕੇ ਕੀ ਕਰਨਾ ਏ। ਜੇ ਉਹਨੂੰ ਛੱਡਣਾ ਏ ਤਾਂ ਬਾਕੀ ਸਾਰੇ ਕੱਢ ਦਿਓ। ਉਹਨਾਂ ਨੂੰ ਰੋਟੀਆਂ ਖੁਆਣ ਦਾ ਕੀ ਲਾਭ ਏ," ਨਾਲ ਖੜੇ ਦੂਜੇ ਜਰਨੈਲ ਨੇ ਕਿਹਾ।

"ਤੁਸੀਂ ਹਰ ਗੱਲ ਦਾ ਇਕ ਪੱਖ ਨਾ ਸੋਚਿਆ ਕਰੋ," ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, "ਸਾਨੂੰ ਇਥੇ ਬੈਠਿਆਂ ਦੁਸ਼ਮਣ ਦੇ ਘਰ ਦੀ ਗੱਲ ਦਾ ਕੀ ਪਤਾ ਹੋ ਸਕਦਾ ਏ। ਭਾਗ ਸਿੰਘ ਨੇ ਐਵੇਂ ਤਾਂ ਨਹੀਂ ਲਿਖਿਆ ਹੋਣਾ। ਇਹਦੇ ਵਿਚ ਜ਼ਰੂਰ ਕੋਈ ਭੇਦ ਵਾਲੀ ਗੱਲ ਏ। ਉਸ ਨਾਲ ਦੂਜੇ ਕੈਦੀਆਂ ਬਾਰੇ ਜੋ ਕੁਝ ਕਿਹਾ ਏ ਉਹ ਵੀ ਸੋਚਣ ਵਾਲੀ ਗੱਲ ਏ।"

"ਕਿਧਰੇ ਇਹ ਗੱਲ ਤਾਂ ਨਹੀਂ ਕਿ ਇਸ ਨਾਲ ਦੁਸ਼ਮਣ ਵਿਚ ਫੁੱਟ ਪੈਂਦੀ ਹੋਵੇ। ਉਮਰ ਹਯਾਤ ਖ਼ਾਨ ਦਾ ਪੁੱਤਰ ਛੁੱਟ ਕੇ ਚਲਾ ਜਾਏ ਤੇ ਬਾਕੀ ਨਾ ਜਾਣ ਤਾਂ ਦੂਜੇ ਮੁਖੀ ਪਠਾਣ ਸਮਝਣਗੇ ਕਿ ਉਮਰ ਹਯਾਤ ਖ਼ਾਨ ਵਿਚੋਂ ਲਾਹੌਰ ਰਾਜ ਨਾਲ ਮਿਲਿਆ

ਹੋਇਆ ਏ," ਇਕ ਹੋਰ ਆਦਮੀ ਨੇ ਕਿਹਾ।

"ਇਹ ਵੀ ਹੋ ਸਕਦਾ ਏ," ਮਹਾਰਾਜਾ ਰਣਜੀਤ ਸਿੰਘ ਨੇ ਕਿਹਾ, "ਸਾਨੂੰ ਬਹੁਤਾ ਇਸ ਗੱਲ 'ਤੇ ਸੋਚਣ ਦੀ ਕੀ ਲੋੜ ਏ, ਜੇ ਉਹ ਚਲਾ ਵੀ ਜਾਏ ਤਾਂ ਸਾਡਾ ਕੀ ਵਿਗਾੜ ਲਏਗਾ। ਇਹਦਾ ਕੋਈ ਚੰਗਾ ਨਤੀਜਾ ਹੀ ਨਿਕਲ ਸਕਦਾ ਏ, ਮਾੜਾ ਕੀ ਹੋਣਾ ਏਂ ?"

"ਚਲੋ, ਫਿਰ ਛੱਡ ਦਿਓ ਉਹਨੂੰ," ਇਕ ਫ਼ੌਜੀ ਜਰਨੈਲ ਨੇ ਕਿਹਾ।

ਉਥੋਂ ਉਹ ਸਾਰੇ ਕਿਲ੍ਹੇ ਵੱਲ ਚੱਲ ਪਏ। ਘੋੜ-ਸਵਾਰ ਨੂੰ ਰਾਹ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੁੱਛਿਆ, "ਤੁਸੀਂ ਰੁੱਕਾ ਲੈ ਕੇ ਭਾਗ ਸਿੰਘ ਤੋਂ ਆਏ ਹੋ।"

"ਨਹੀਂ ਜੀ, ਮੈਂ ਤਾਂ ਕਿਲ੍ਹੇ ਵਿਚ ਹੁੰਦਾ ਹਾਂ। ਚਿੱਠੀ ਤਾਂ ਕੋਈ ਹੋਰ ਲਿਆਇਆ ਏ। ਉਹ ਪਤਾ ਨਹੀਂ ਆਰਾਮ ਕਰ ਰਿਹਾ ਏ ਜਾਂ ਕਿਸੇ ਹੋਰ ਕੰਮ ਵਿਚ ਰੁੱਝ ਗਿਆ ਏ। ਮੈਨੂੰ ਤਾਂ ਕਿਲ੍ਹੇ ਦੇ ਬਾਹਰ ਦਫ਼ਤਰ ਤੋਂ ਭੇਜਿਆ ਏ।"

ਕਿਲ੍ਹੇ ਵਿਚ ਪਹੁੰਚ ਕੇ ਮਹਾਰਾਜਾ ਰਣਜੀਤ ਸਿੰਘ ਨੇ ਇਕ ਫ਼ੌਜੀ ਨੂੰ ਸੱਦਿਆ ਤੇ ਉਹਨੂੰ ਕਿਹਾ ਕਿ ਉਹ ਕੈਦੀਆਂ ਦੇ ਤੰਬੂਆਂ ਵਿਚ ਜਾ ਕੇ ਉਥੋਂ ਜ਼ਖ਼ਮੀਆਂ ਵਿਚੋਂ ਉਮਰ ਹਯਾਤ ਖ਼ਾਨ ਦੇ ਪੁੱਤਰ ਅਕਬਰ ਨੂੰ ਬੁਲਾ ਲਿਆਏ।

ਅਕਬਰ ਨੇ ਆਉਂਦਿਆਂ ਝੁਕ ਕੇ ਸਲਾਮ ਕੀਤਾ ਤੇ ਫਿਰ ਕਿਹਾ, "ਦੱਸੋ, ਮੇਰੇ ਲਈ ਕੀ ਹੁਕਮ ਏ," ਇਹ ਸ਼ਬਦ ਕਹਿ ਤਾਂ ਦਿੱਤੇ ਪਰ ਉਹਦੀ ਜਾਨ ਕੰਬ ਰਹੀ ਸੀ, ਉਹ ਹੈਰਾਨ ਸੀ ਕਿ ਹੋਰ ਕਿਸੇ ਨੂੰ ਮਹਾਰਾਜ ਨੇ ਨਹੀਂ ਸੱਦਿਆ, ਉਹਨੂੰ ਇਕੱਲੇ ਨੂੰ ਸ਼ਾਇਦ ਇਸ ਲਈ ਸੱਦਿਆ ਜਾ ਰਿਹਾ ਹੈ ਤਾਕਿ ਉਹਨੂੰ ਮਾਰ ਦਿੱਤਾ ਜਾਏ ਕਿਉਂਕਿ ਉਹ ਤਾਂ ਦੁਸ਼ਮਣ ਦੀਆਂ ਫ਼ੌਜਾਂ ਦੇ ਮੋਹਰੀ ਦਾ ਪੁੱਤਰ ਹੈ।

ਮਹਾਰਾਜਾ ਰਣਜੀਤ ਸਿੰਘ ਵੀ ਉਹਦੀ ਮਾਨਸਕ ਅਵਸਥਾ ਨੂੰ ਸਮਝ ਗਿਆ। ਉਸ ਬੜੇ ਗੰਭੀਰ ਹੋ ਕੇ ਕਿਹਾ, "ਕਿਉਂ ਬਈ, ਤੂੰ ਹੀ ਉਮਰ ਹਯਾਤ ਖ਼ਾਨ ਦਾ ਪੁੱਤਰ ਏਂ ?"

"ਜੀ ਆ," ਉਸ ਕਿਹਾ।

"ਤੈਨੂੰ ਕਿੱਥੇ ਸੱਟਾਂ ਵੱਜੀਆਂ ਨੇ," ਮਹਾਰਾਜੇ ਨੇ ਪੁੱਛਿਆ। ਉਸ ਅੱਗੇ ਹੋ ਕੇ ਸਾਰੇ ਜ਼ਖ਼ਮ ਦਿਖਾਏ।

"ਹੁਣ ਤੇਰੇ ਨਾਲ ਕੀ ਵਰਤਾਓ ਕੀਤਾ ਜਾਏ, ਤੂੰ ਸਾਡੇ ਦੁਸ਼ਮਣ ਦਾ ਪੁੱਤਰ ਏਂ," ਮਹਾਰਾਜੇ ਨੇ ਕਿਹਾ ਤੇ ਫਿਰ ਪੁੱਛਿਆ, "ਤੁਸੀਂ ਕਿੰਨੇ ਭਰਾ ਹੋ ?"

"ਦੋ ਭਰਾ," ਉਸ ਕਿਹਾ। ਪਰ ਮਹਾਰਾਜੇ ਦੇ ਸਵਾਲ ਨੇ ਉਹਦਾ ਰੰਗ ਪੀਲਾ ਕਰ ਦਿੱਤਾ ਤੇ ਉਹਨੂੰ ਹੁਣ ਯਕੀਨ ਹੋ ਗਿਆ ਕਿ ਇਥੇ ਉਹਨੂੰ ਸਿਰਫ਼ ਮਾਰਨ ਲਈ ਸੱਦਿਆ ਗਿਆ ਹੈ।

"ਫਿਰ ਤਾਂ ਜੇਕਰ ਇਕ ਮੁੱਕ ਜਾਏ ਤਾਂ ਫ਼ਰਕ ਨਹੀਂ ਪੈਂਦਾ," ਮਹਾਰਾਜੇ ਨੇ ਕਿਹਾ।

"ਨਹੀਂ ਜੀ, ਮੇਰਾ ਮਰਨਾ ਤਾਂ ਮਾਤਾ-ਪਿਤਾ ਸਹਾਰ ਨਹੀਂ ਸਕਣਗੇ," ਅਕਬਰ ਖ਼ਾਂ ਨੇ ਕਿਹਾ।

"ਜੇ ਲੜਾਈ ਵਿਚ ਮਰ ਜਾਂਦੋਂ ਤਾਂ ਵੀ ਸਹਾਰਦੇ ਕਿ ਨਾ। ਲੜਾਈ ਵਿਚ ਆਉਣ ਵਾਲਾ ਮੌਤ ਨੂੰ ਪਹਿਲਾਂ ਪਰਵਾਨ ਕਰ ਕੇ ਆਉਂਦਾ ਏ," ਮਹਾਰਾਜੇ ਨੇ ਕਿਹਾ।

"ਮੇਰੀ ਜਾਨ ਬਖ਼ਸ਼ ਦਿੱਤੀ ਜਾਏ," ਅਕਬਰ ਨੇ ਤਰਲੇ ਨਾਲ ਕਿਹਾ।

"ਜੇ ਜਾਨ ਬਖ਼ਸ਼ ਦਿੱਤੀ ਤਾਂ ਫੇਰ ?" ਮਹਾਰਾਜੇ ਨੇ ਸਵਾਲ ਕੀਤਾ।

"ਫਿਰ ਮੈਂ ਲੜਾਈਆਂ ਵਿਚ ਹਿੱਸਾ ਨਹੀਂ ਲਿਆ ਕਰਾਂਗਾ," ਅਕਬਰ ਨੇ ਭਰੋਸਾ ਦਿਵਾਇਆ।

"ਜਾਓ ਫਿਰ ਚਲੇ ਜਾਓ।" ਮਹਾਰਾਜੇ ਨੇ ਕਿਹਾ ਤੇ ਇਕ ਫ਼ੌਜੀ ਨੂੰ ਹੁਕਮ ਦਿੱਤਾ ਕਿ ਇਹਨੂੰ ਅਟਕ ਦਰਿਆ ਪਾਰ ਕਰਾ ਦਿਓ।

....

ਸੋਗਮਈ ਵਾਤਾਵਰਨ ਵਿਚ ਜਦ ਅਕਬਰ ਘਰ ਪੁੱਜਾ ਤਾਂ ਸਾਰੇ ਹੈਰਾਨ ਰਹਿ ਗਏ। ਉਮਰ ਹਯਾਤ ਖ਼ਾਨ ਨੂੰ ਇਤਨੀ ਖ਼ੁਸ਼ੀ ਹੋਈ ਕਿ ਉਹਦੀ ਅਵਸਥਾ ਪਾਗਲਪਣ ਦੇ ਨੇੜੇ ਪਹੁੰਚ ਗਈ। ਗੁਆਚਾ ਹੋਇਆ ਬੰਦਾ ਮਿਲ ਜਾਏ ਤਾਂ ਬੜੀ ਖ਼ੁਸ਼ੀ ਹੁੰਦੀ ਹੈ ਪਰ ਜੇਕਰ ਕੋਈ ਮਰਿਆ ਜੀਵ ਮਿਲ ਜਾਏ ਤਾਂ ਇਸ ਤੋਂ ਵੱਧ ਕੇ ਹੋਰ ਖ਼ੁਸ਼ਕਿਸਮਤੀ ਕੀ ਹੋ ਸਕਦੀ ਏ। ਸੰਸਾਰ ਦੀ ਕੋਈ ਹੋਰ ਵਸਤੂ ਗੁਆਚ ਜਾਏ ਤਾਂ ਭਾਵੇਂ ਉਸ ਦੀ ਥਾਂ ਹੋਰ ਮਿਲ ਜਾਏ ਪਰ ਜੇਕਰ ਕੋਈ ਆਦਮੀ ਮਰ ਜਾਏ ਤਾਂ ਉਹ ਮੁੜ ਨਹੀਂ ਮਿਲ ਸਕਦਾ ਪਰ ਉਮਰ ਹਯਾਤ ਖ਼ਾਨ ਨੂੰ ਉਹ ਪੁੱਤਰ ਮਿਲ ਗਿਆ ਜਿਸ ਨੂੰ ਉਹ ਰੋ-ਧੋ ਵੀ ਬੈਠੇ ਸਨ। ਭਾਵੇਂ ਸੰਤ ਜੀ ਨੇ ਕੱਲ੍ਹ ਉਹਨਾਂ ਨੂੰ ਭਰੋਸਾ ਦਿਵਾਇਆ ਸੀ ਕਿ ਅਕਬਰ ਜਿਊਂਦਾ ਹੈ ਪਰ ਉਹਨਾਂ ਨੂੰ ਇਤਬਾਰ ਨਹੀਂ ਸੀ ਆਇਆ। ਉਮਰ ਹਯਾਤ ਖ਼ਾਨ ਦਾ ਤਾਂ ਲੜਾਈ ਦੀ ਹਾਰ ਪਿਛੋਂ ਬਿਲਕੁਲ ਹੀ ਵਿਸ਼ਵਾਸ ਨਹੀਂ ਸੀ ਰਿਹਾ। ਹਾਲੀਂ ਬਸ਼ੀਰਾਂ ਨੂੰ ਆਸ ਬੱਝ ਗਈ ਸੀ।

ਅਕਬਰ ਦੁਆਲੇ ਝਟ-ਪਟ ਹੀ ਬਹੁਤ ਭੀੜ ਲੱਗ ਗਈ, ਸਾਰਿਆਂ ਦੇ ਮੂੰਹ 'ਤੇ ਇਹੋ ਸਵਾਲ ਸਨ, 'ਅਕਬਰ ਖ਼ਾਂ ਤੂੰ ਕਿੱਥੇ ਸੈਂ ?' ਤੈਨੂੰ ਸਿੱਖਾਂ ਨੇ ਕਿਵੇਂ ਛੱਡ ਦਿੱਤਾ ? ਬਾਕੀ ਵੀ ਛੱਡੇ ਨੇ ਕਿ ਨਹੀਂ। ਅਕਬਰ ਨੇ ਕਿਹਾ, "ਮੈਨੂੰ ਤਾਂ ਕੁਝ ਪਤਾ ਨਹੀਂ ਕਿ ਕੀ ਹੋਇਆ ਏ ? ਮੈਨੂੰ ਉਹ ਸਾਰੇ ਕੈਦੀਆਂ ਨਾਲੋਂ ਮਾੜਾ ਸਮਝਦੇ ਸਨ, ਪਰ ਪਤਾ ਨਹੀਂ, ਉਹਨਾਂ ਦੇ ਮਹਾਰਾਜੇ ਦੇ ਮਨ ਵਿਚ ਕੀ ਗੱਲ ਆਈ, ਉਸ ਮੈਨੂੰ ਛੱਡ ਦਿੱਤਾ। ਉਹਨੇ ਮੈਨੂੰ ਸ਼ਾਮ ਨੂੰ ਸੱਦਿਆ ਤੇ ਕਿਹਾ ਕਿ ਤੈਨੂੰ ਮਾਰ ਦਿੱਤਾ ਜਾਏਗਾ। ਮੈਂ ਤਰਸ

ਕਰਨ ਲਈ ਕਿਹਾ ਤਾਂ ਇਕ-ਦਮ ਕਤਲ ਦੀ ਸਜ਼ਾ ਖ਼ਤਮ ਹੋ ਗਈ ਤੇ ਮੈਨੂੰ ਰਿਹਾਅ ਕਰਨ ਲਈ ਕਹਿ ਦਿੱਤਾ ਗਿਆ। ਇਥੋਂ ਤਕ ਕਿ ਮੈਨੂੰ ਦਰਿਆ ਅਟਕ ਵੀ ਉਹਨਾਂ ਦੇ ਫ਼ੌਜੀ ਨੇ ਹੀ ਪਾਰ ਕਰਾਇਆ ਹੈ। ਮੇਰੇ ਨਾਲ ਹੋਰ ਵੀ ਸੈਂਕੜੇ ਆਦਮੀ ਕੈਦੀ ਸਨ ਪਰ ਹੋਰ ਕਿਸੇ ਨੂੰ ਨਹੀਂ ਛੱਡਿਆ। ਮੇਰੇ ਬਾਰੇ ਉਹਨਾਂ ਦੇ ਵਿਚਾਰ ਬਦਲਣ ਦੀ ਗੱਲ ਮੈਨੂੰ ਸਮਝ ਨਹੀਂ ਆਈ।"

"ਮੈਂ ਸਮਝ ਗਈ ਹਾਂ," ਬਸ਼ੀਰਾਂ ਨੇ ਕਿਹਾ ਤੇ ਸਾਰੇ ਉਸ ਵੱਲ ਦੇਖਣ ਲੱਗ ਪਏ।

"ਤੂੰ ਕੀ ਸਮਝ ਗਈ ਏਂ ?" ਅਕਬਰ ਨੇ ਤੁਰਤ ਪੁੱਛਿਆ।

"ਇਹ ਸੰਤ ਦੇ ਮੰਤਰ ਦਾ ਅਸਰ ਏ। ਸੰਤ ਬੜਾ ਸਿਆਣਾ ਏ। ਉਸ ਕੱਲ੍ਹ ਹੀ ਦੱਸ ਦਿੱਤਾ ਸੀ ਕਿ ਤੁਸੀਂ ਜਿਊਂਦੇ ਹੋ ਤੇ ਉਹ ਉਪਾਅ ਕਰਨਗੇ ਜਿਸ ਨਾਲ ਤੁਸੀਂ ਵਾਪਸ ਪਰਤ ਆਓਗੇ। ਸੰਤ ਨੇ ਘਰ ਜਾ ਕੇ ਕੋਈ ਜਾਦੂ ਕੀਤਾ ਹੋਣਾ ਏਂ, ਜਿਸ ਨਾਲ ਉਹਨਾਂ ਦੇ ਦਿਲ ਬਦਲ ਗਏ ਨੇ, ਨਹੀਂ ਤੇ ਤੁਹਾਨੂੰ ਕਿਸੇ ਨੇ ਬਚ ਕੇ ਨਹੀਂ ਸੀ ਆਉਣ ਦੇਣਾ।" ਇਸ ਤਰ੍ਹਾਂ ਬਸ਼ੀਰਾਂ ਨੇ ਬੜੇ ਵਿਸ਼ਵਾਸ ਨਾਲ ਇਸ ਘਟਨਾ ਦਾ ਪ੍ਰਭਾਵ ਸੰਤ ਦੀ ਸ਼ਕਤੀ ਬਾਰੇ ਦਿੱਤਾ।

"ਛੱਡੋ ਬਹਿਸ ਨੂੰ ਕੋਈ ਕੰਮ ਦੀ ਗੱਲ ਕਰੋ। ਤੁਸੀਂ ਆਪਣਾ ਕੰਮ ਹੋਇਆ ਦੇਖਣਾ ਏਂ ਕਿ ਵਿਹਲੀਆਂ ਗੱਲਾਂ ਕਰਨੀਆਂ ਨੇ," ਉਮਰ ਹਯਾਤ ਖ਼ਾਨ ਨੇ ਕਿਹਾ। ਉਹਨੂੰ ਇਸ ਬਹਿਸ ਵਿਚੋਂ ਕੋਈ ਸਵਾਦ ਨਹੀਂ ਸੀ ਆ ਰਿਹਾ ਜਿਸ ਕਰਕੇ ਉਹਨੇ ਕਿਹਾ, "ਅੱਜ ਜਸ਼ਨ ਕਰੋ ਤੇ ਅਕਬਰ ਦੇ ਆਉਣ ਦੀ ਖ਼ੁਸ਼ੀ ਮਨਾਈ ਜਾਏ।"

"ਨਹੀਂ ਪਿਤਾ ਜੀ, ਕੋਈ ਖ਼ੁਸ਼ੀ ਨਹੀਂ ਮਨਾਈ ਜਾਣੀ ਚਾਹੀਦੀ," ਅਕਬਰ ਨੇ ਸਾਫ਼ ਹੀ ਪਿਉ ਦੇ ਸੁਝਾਅ ਨੂੰ ਰੱਦ ਕਰ ਦਿੱਤਾ।

"ਕਿਉਂ ?"

"ਚੰਗਾ ਨਹੀਂ ਲਗਦਾ।"

"ਹੱਦ ਹੋ ਗਈ, ਚੰਗਾ ਕਿਉਂ ਨਹੀਂ ਲੱਗਦਾ," ਉਮਰ ਹਯਾਤ ਖ਼ਾਨ ਨੇ ਅਕਬਰ ਨੂੰ ਆਪਣੀਆਂ ਬਾਹਵਾਂ ਦੇ ਕਲਾਵੇ ਵਿਚ ਲੈਂਦਿਆਂ ਕਿਹਾ।

"ਜਿਨ੍ਹਾਂ ਹੋਰਾਂ ਦੇ ਆਦਮੀ ਮਾਰੇ ਗਏ ਜਾਂ ਕੈਦੀ ਬਣਾ ਲਏ ਗਏ ਹਨ, ਉਹਨਾਂ ਦੇ ਦਿਲ ਹੋਰ ਦੁਖਣਗੇ। ਨਾਲੇ ਤੁਸੀਂ ਆਗੂ ਹੋ, ਤੁਹਾਨੂੰ ਆਪਣੀ ਖ਼ੁਸ਼ੀ-ਗ਼ਮੀ ਨਾਲੋਂ ਦੂਜੇ ਸਾਥੀਆਂ ਦੀ ਖ਼ੁਸ਼ੀ-ਗ਼ਮੀ ਦਾ ਵਧੇਰੇ ਖ਼ਿਆਲ ਰੱਖਣਾ ਚਾਹੀਦਾ ਹੈ। ਸਾਡੇ ਘਰ ਦੇ ਜਸ਼ਨ ਉਹਨਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਣਗੇ," ਅਕਬਰ ਨੇ ਪਿਤਾ ਨੂੰ ਸਮਝਾਇਆ।

ਜਦੋਂ ਰੋਟੀ-ਪਾਣੀ ਖਾ-ਪੀ ਕੇ ਵਿਹਲੇ ਹੋ ਗਏ ਤਾਂ ਬਸ਼ੀਰਾਂ ਨੇ ਕਿਹਾ, "ਅਕਬਰ

ਵੀਰ, ਜੇ ਕਹੇਂ ਤਾਂ ਅਸੀਂ ਦੋਵੇਂ ਸੰਤ ਜੀ ਦੇ ਡੇਰੇ ਚੱਲੀਏ। ਉਹਨਾਂ ਦਾ ਸ਼ੁਕਰੀਆ ਕਰਨਾ ਚਾਹੀਦਾ ਹੈ। ਉਹ ਆਪ ਵੀ ਕੱਲ੍ਹ ਕਹਿ ਗਏ ਸਨ ਕਿ ਜਦ ਅਕਬਰ ਘਰ ਆ ਜਾਏ ਤਾਂ ਉਹਨਾਂ ਨੂੰ ਝੱਟ ਪਤਾ ਦੇ ਦਿੱਤਾ ਜਾਏ।"

"ਚੱਲ, ਚਲੇ ਚਲਦੇ ਹਾਂ," ਅਕਬਰ ਨੇ ਕਿਹਾ, "ਸਾਨੂੰ ਕੁਝ ਨਾਲ ਵੀ ਲੈ ਚੱਲਣਾ ਚਾਹੀਦਾ ਹੈ, ਖ਼ਾਲੀ ਹੱਥ ਜਾਂਦੇ ਤਾਂ ਸੋਹਣੇ ਨਹੀਂ ਲੱਗਦੇ," ਅਕਬਰ ਨੇ ਕਿਹਾ।

"ਕੀ ਲੋੜ ਏ," ਬਸ਼ੀਰਾਂ ਨੇ ਕਿਹਾ, "ਉਹਨਾਂ ਕੋਲ ਕਿਸੇ ਚੀਜ਼ ਦਾ ਘਾਟਾ ਨਹੀਂ ਤੇ ਉਂਝ ਵੀ ਉਹ ਹੋਰ ਹੀ ਤਬੀਅਤ ਦੇ ਮਾਲਕ ਨੇ।"

"ਤੈਨੂੰ ਇੱਕੋ ਦਿਨ ਵਿਚ ਉਹਨਾਂ ਦਾ ਪਤਾ ਲੱਗ ਗਿਆ ਏ ?" ਅਕਬਰ ਨੇ ਪੁੱਛਿਆ।

"ਬੰਦਾ ਤਾਂ ਝੱਟ ਪਛਾਣਿਆ ਜਾਂਦਾ ਏ," ਬਸ਼ੀਰਾਂ ਨੇ ਕਿਹਾ।

"ਮੈਂ ਤਾਂ ਨਹੀਂ ਇਸ ਤਰ੍ਹਾਂ ਪਛਾਣ ਸਕਦਾ," ਅਕਬਰ ਬੋਲਿਆ।

"ਤੁਸੀਂ ਕਦੇ ਯਤਨ ਹੀ ਨਹੀਂ ਕੀਤਾ, ਫ਼ੌਜੀਆਂ ਨੂੰ ਹੋਰਾਂ ਕੰਮਾਂ ਤੋਂ ਹੀ ਵਿਹਲ ਨਹੀਂ ਮਿਲਦਾ, ਉਹਨਾਂ ਇਸ ਪਾਸੇ ਕਦੋਂ ਧਿਆਨ ਦੇਣਾ ਹੋਇਆ," ਬਸ਼ੀਰਾਂ ਨੇ ਕਿਹਾ।

ਦੋਵੇਂ ਭੈਣ-ਭਰਾ ਸੰਤ ਦੀ ਕੁਟੀਆ ਵੱਲ ਟੁਰ ਪਏ।

ਰਾਹ ਵਿਚ ਦੋਵੇਂ ਗੱਲਾਂ ਕਰਦੇ ਗਏ। ਬਸ਼ੀਰਾਂ ਨੇ ਕਿਹਾ, "ਇਹ ਸੰਤ ਕੋਈ ਅਜੀਬ ਜਿਹਾ ਬੰਦਾ ਲਗਦਾ ਏ।"

"ਇਸੇ ਤਰ੍ਹਾਂ ਹੁੰਦੇ ਨੇ ਫ਼ਕੀਰ ਲੋਕ," ਅਕਬਰ ਨੇ ਕਿਹਾ।

"ਇਹਨਾਂ ਨੂੰ ਕਿਹਾ ਸੀ ਕਿ ਸਾਡੇ ਕੋਲ ਰਹਿ ਪਵੋ ਪਰ ਨਹੀਂ ਮੰਨੇ," ਬਸ਼ੀਰਾਂ ਨੇ ਦੱਸਿਆ।

"ਇਹਨਾਂ ਘਰਾਂ ਵਿਚ ਰਹਿਣਾ ਹੋਵੇ ਤਾਂ ਆਪਣੇ ਘਰ ਕਿਉਂ ਛੱਡਣ। ਆਪਣੇ ਘਰ ਛੱਡ ਕੇ ਹੀ ਇਤਨੀ ਕਰੜੀ ਤਪੱਸਿਆ ਕਰ ਸਕਦੇ ਹਨ। ਰੱਬ ਦਾ ਨਾਮ ਜਪਣ ਤੇ ਕਰਾਮਾਤੀ ਬਣਨ ਲਈ ਘਰ ਛੱਡਣੇ ਈ ਪੈਂਦੇ ਹਨ।"

"ਇਹਨਾਂ ਨੂੰ ਪਤਾ ਕਿਵੇਂ ਲੱਗ ਜਾਂਦਾ ਏ ਕਿ ਇਸ ਤਰ੍ਹਾਂ ਹੋਵੇਗਾ," ਬਸ਼ੀਰਾਂ ਨੇ ਪੁੱਛਿਆ।

"ਰੂਹਾਨੀ ਤਾਕਤ ਹੁੰਦੀ ਏ ਇਨ੍ਹਾਂ ਵਿਚ," ਅਕਬਰ ਨੇ ਦੱਸਿਆ।

ਇਸ ਤਰ੍ਹਾਂ ਗੱਲਾਂ ਕਰਦੇ ਦੋਵੇਂ ਸੰਤ ਦੀ ਕੁਟੀਆ ਵਿਚ ਪਹੁੰਚ ਗਏ। ਸੰਤ ਜੀ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ। ਇਸ ਲਈ ਉਹ ਜਾਣ-ਬੁੱਝ ਕੇ ਗੋਠ ਮਾਰ ਕੇ ਬੈਠ ਗਏ। ਅੱਖਾਂ ਮੀਟ ਲਈਆਂ ਤੇ ਮਾਲਾ ਫੇਰਨ ਲੱਗ ਪਏ। ਝੱਟ ਪਹਿਲਾਂ ਉਹ ਖਾਣਾ ਤਿਆਰ ਕਰਨ ਵਿਚ ਰੁੱਝੇ ਹੋਏ ਸਨ।

ਅਕਬਰ ਤੇ ਬਸ਼ੀਰਾਂ ਸੰਤ ਦੇ ਨੇੜੇ ਬੈਠ ਗਏ ਪਰ ਮੂੰਹੋਂ ਉਹ ਨਾ ਬੋਲੇ। ਉਨ੍ਹਾਂ ਸਮਾਧੀ ਤੋਂ ਸੰਤ ਜੀ ਨੂੰ ਉਠਾਣਾ ਠੀਕ ਨਾ ਸਮਝਿਆ। ਸੰਤ ਜੀ ਜਾਣਦੇ ਸਨ ਕਿ ਉਹ ਨੇੜੇ ਬੈਠੇ ਹਨ ਪਰ ਜਾਣ ਕੇ ਅੱਖਾਂ ਮੀਟੀ ਰੱਖੀਆਂ ਜਿਵੇਂ ਕੁਝ ਪਤਾ ਹੀ ਨਹੀਂ ਲੱਗਾ। ਝੱਟ ਪਿਛੋਂ ਸੰਤ ਜੀ ਨੇ ਅੱਖਾਂ ਖੋਲ੍ਹੀਆਂ ਤੇ ਦੋਹਾਂ ਵੱਲ ਨਜ਼ਰ ਮਾਰ ਕੇ ਕਿਹਾ, "ਤੁਸੀਂ ਕਦੋਂ ਦੇ ਆਏ ਬੈਠੇ ਹੋ?"

"ਝੱਟ ਹੋ ਗਿਆ ਏ," ਬਸ਼ੀਰਾਂ ਨੇ ਕਿਹਾ।

"ਪਰ ਤੁਸੀਂ ਦੱਸਿਆ ਨਹੀਂ?"

"ਅਸੀਂ ਬੰਦਗੀ ਤੋਂ ਉਠਾਣਾ ਚੰਗਾ ਨਹੀਂ ਸਮਝਿਆ," ਅਕਬਰ ਨੇ ਕਿਹਾ।

"ਇਹਦੇ ਵਿਚ ਮਾੜੀ ਗੱਲ ਕੀ ਸੀ," ਸੰਤ ਨੇ ਕਿਹਾ ਫਿਰ ਦੋਹਾਂ ਦੇ ਚਿਹਰੇ 'ਤੇ ਇਕ ਡੂੰਘੀ ਨਜ਼ਰ ਨਾਲ ਦੇਖ ਕੇ ਬੋਲੇ, "ਸੁਣਾਓ ਅਕਬਰ ਖ਼ਾਂ, ਤੁਹਾਡੇ ਨਾਲ ਕੀ ਬੀਤੀ?"

"ਹਜ਼ੂਰ ਜਾਣੀ-ਜਾਣ ਹੋ। ਮੈਂ ਕੀ ਦੱਸਾਂ, ਮੇਰੇ ਨਾਲ ਕੀ ਵਾਪਰੀ, ਤੁਹਾਡੇ ਤੋਂ ਕੋਈ ਗੁੱਝੀ-ਛਿਪੀ ਤਾਂ ਹੈ ਨਹੀਂ। ਤੁਹਾਡੀ ਮਿਹਰਬਾਨੀ ਨਾਲ ਹੀ ਅਜ਼ਾਦ ਹੋਇਆ ਹਾਂ, ਨਹੀਂ ਤਾਂ ਸਾਰੀ ਉਮਰ ਕੈਦ ਵਿਚ ਬੀਤ ਜਾਣੀ ਸੀ," ਅਕਬਰ ਨੇ ਕਿਹਾ।

"ਤੂੰ ਬੜਾ ਖ਼ੁਸ਼ਕਿਸਮਤ ਏਂ। ਮੈਂ ਅੱਜ ਤਕ ਕਿਸੇ ਨੂੰ ਇਤਨੀ ਔਕੜ ਝੱਲ ਕੇ ਨਹੀਂ ਬਚਾਇਆ, ਜਿਤਨੀ ਮੈਨੂੰ ਤੇਰੇ ਲਈ ਕਰਨੀ ਪਈ ਏ। ਜਦੋਂ ਸਿੱਖਾਂ ਦੇ ਰਾਜੇ ਦਾ ਗੁੱਸਾ ਬੜਾ ਤੇਜ਼ ਸੀ ਤਾਂ ਉਹਨੂੰ ਠੰਢੇ ਕਰਨ ਲਈ ਮੈਨੂੰ ਕਈ ਘੰਟੇ ਲਾਣੇ ਪਏ। ਪਹਿਲਾਂ ਤਾਂ ਉਤਰਨ ਵਿਚ ਹੀ ਨਹੀਂ ਸੀ ਆਉਂਦਾ ਪਰ ਫਿਰ ਇਕ ਮੰਤਰ ਚੱਲ ਗਿਆ ਤੇ ਇਕ-ਦਮ ਉਹਨੂੰ ਵਤੀਰਾ ਬਦਲਣਾ ਪਿਆ," ਸੰਤ ਜੀ ਨੇ ਸਾਰੀ ਗੱਲ ਦੱਸੀ।

"ਬਿਲਕੁਲ ਠੀਕ ਏ ਹਜ਼ੂਰ। ਪਹਿਲਾਂ ਤਾਂ ਮੈਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ ਸੀ ਪਰ ਫਿਰ ਪਤਾ ਨਹੀਂ ਕੀ ਹੋਇਆ, ਇਕ-ਦਮ ਹੀ ਉਹਨੇ ਛੱਡਣ ਦਾ ਹੁਕਮ ਦੇ ਦਿੱਤਾ," ਅਕਬਰ ਨੇ ਦੱਸਿਆ।

"ਪਤਾ ਨਹੀਂ ਕੀ ਹੋਇਆ, ਦਾ ਕੋਈ ਸਵਾਲ ਨਹੀਂ। ਮੈਨੂੰ ਤਾਂ ਪਤਾ ਏ ਕਿ ਉਹ ਸੰਤ ਜੀ ਦੇ ਜਾਦੂ ਦਾ ਅਸਰ ਸੀ," ਬਸ਼ੀਰਾਂ ਨੇ ਅਕਬਰ ਦੀ ਗੱਲ ਦਾ ਝੱਟ ਉੱਤਰ ਦਿੱਤਾ।

ਸੰਤ ਜੀ ਮੁਸਕਰਾਏ। ਜਵਾਨ ਉਮਰ ਦੇ ਸੰਤ ਨੂੰ ਰੱਬੀ ਪਿਆਰ ਤੇ ਭਗਤੀ ਦੀ ਮਸਤੀ ਨਾਲ ਜੋਬਨ ਚੜ੍ਹਿਆ ਹੋਇਆ ਸੀ। ਉਹਦੀ ਮੁਸਕਰਾਹਟ ਬਸ਼ੀਰਾਂ ਦਾ ਸੀਨਾ ਵਿੰਨ੍ਹ ਗਈ। ਉਹਦੇ ਦਿਲ ਵਿਚ ਇਕ ਅਨੋਖੀ ਜਿਹੀ ਚੀਸ ਉੱਠੀ ਤੇ ਉਹਦਾ ਜੀ ਕੀਤਾ ਕਿ ਸੰਤ ਜੀ ਦਾ ਹੱਥ ਫੜ ਲਏ ਪਰ ਅਕਬਰ ਦੇ ਨੇੜੇ ਹੋਣ ਕਾਰਨ ਉਹਨੂੰ

ਆਪਣੇ ਆਪ 'ਤੇ ਕਾਬੂ ਪਾਣਾ ਪਿਆ।

"ਮੈਂ ਹੁਣ ਤੁਹਾਡਾ ਧੰਨਵਾਦ ਕਰਨ ਆਇਆ ਹਾਂ," ਅਕਬਰ ਨੇ ਕਿਹਾ।

"ਧੰਨਵਾਦ ਦੀ ਕੀ ਲੋੜ ਏ," ਸੰਤ ਜੀ ਨੇ ਕਿਹਾ, "ਇਹ ਧੰਨਵਾਦ ਬਸ਼ੀਰਾਂ ਦਾ ਕਰੋ ਜਿਸ ਨੇ ਮੇਰੀ ਤੁਹਾਡੇ ਘਰ ਨਾਲ ਸਾਂਝ ਬਣਾ ਦਿੱਤੀ ਏ।"

ਸੰਤ ਜੀ ਦੇ ਇਨ੍ਹਾਂ ਸ਼ਬਦਾਂ ਦਾ ਬਸ਼ੀਰਾਂ 'ਤੇ ਬਹੁਤ ਅਸਰ ਹੋਇਆ। ਉਹਦਾ ਦਿਲ ਬੜਾ ਖ਼ੁਸ਼ ਸੀ ਕਿ ਸੰਤ ਜੀ ਆਪਣੀ ਸਾਂਝ ਇਨ੍ਹਾਂ ਦੇ ਘਰ ਨਾਲ ਕਹਿ ਰਹੇ ਹਨ ਫਿਰ ਉਹ ਵੀ ਉਹਦੇ ਰਾਹੀਂ।

"ਕੁਝ ਪੀਓਗੇ ?" ਸੰਤ ਜੀ ਨੇ ਪੁੱਛਿਆ।

"ਬੜੀ ਮਿਹਰਬਾਨੀ, ਤੁਸੀਂ ਕਦੇ ਕਦੇ ਦਰਸ਼ਨ ਦਿੱਤਾ ਕਰੋਗੇ ਨਾ ?" ਬਸ਼ੀਰਾਂ ਨੇ ਪੁੱਛਿਆ।

"ਸਾਨੂੰ ਵਿਹਲ ਘੱਟ ਮਿਲਦੀ ਏ," ਸੰਤ ਜੀ ਨੇ ਕਿਹਾ, "ਤੁਸੀਂ ਹੀ ਫਿਰਦੇ-ਤੁਰਦੇ ਆ ਜਾਇਆ ਕਰੋ ਜਿੰਨੇ ਦਿਨ ਅਸੀਂ ਇਥੇ ਆਂ।"

ਸੰਤ ਜੀ, ਤੁਸੀਂ ਹੁਣ ਕਿਧਰੇ ਨਹੀਂ ਜਾ ਸਕਦੇ ਜਦੋਂ ਤਕ ਅਸੀਂ ਨੌਸ਼ਹਿਰੇ ਰਹਿੰਦੇ ਹਾਂ," ਬਸ਼ੀਰਾਂ ਨੇ ਕਿਹਾ।

"ਦਾਣੇ-ਪਾਣੀ ਦੇ ਵੱਸ ਏ," ਸੰਤ ਜੀ ਨੇ ਕਿਹਾ। ਦੋਵੇਂ ਭੈਣ ਭਰਾ ਉੱਠੇ ਤੇ ਸੰਤ ਜੀ ਦੇ ਪੈਰਾਂ ਨੂੰ ਹੱਥ ਲਾ ਕੇ ਟੁਰ ਗਏ। ਭਾਵੇਂ ਉਹਨਾਂ ਦੇ ਘਰੀਂ ਇਸ ਤਰ੍ਹਾਂ ਦਾ ਰਿਵਾਜ ਨਹੀਂ ਸੀ ਪਰ ਸੰਤ ਦੇ ਚੇਲਿਆਂ ਵੱਲ ਦੇਖ ਕੇ ਉਹਨਾਂ ਵੀ ਇਸੇ ਤਰ੍ਹਾਂ ਸਤਿਕਾਰ ਪ੍ਰਗਟ ਕੀਤਾ।

7

ਸੂਰਜ ਆਪਣੀ ਸਾਰੇ ਦਿਨ ਦੀ ਸੇਵਾ ਨਿਭਾ ਕੇ ਪੱਛਮ ਦੀ ਗੋਦੀ ਵਿਚ ਆਰਾਮ ਕਰਨ ਲਈ ਇਕ ਨੁਕਰੇ ਨਿੱਸਲ ਹੋ ਰਿਹਾ ਸੀ ਤੇ ਉਸ ਦਾ ਚਿਹਰਾ ਇਸ ਸਮੇਂ ਸਾਰੇ ਸੰਸਾਰ 'ਤੇ ਇਕ ਅਨੋਖੀ ਜਿਹੀ ਮਸਤੀ ਭਰੀ ਲਾਲੀ ਛੱਡ ਰਿਹਾ ਸੀ। ਜਿਵੇਂ ਪਹਿਲੀ ਵਾਰ ਪ੍ਰੇਮੀ ਸਾਹਮਣੇ ਹੋਣ ਨਾਲ ਮੁਟਿਆਰ ਦੇ ਮੁੱਖੜੇ 'ਤੇ ਹਲਕੀ ਜਿਹੀ ਲਾਲੀ ਛਾ ਜਾਂਦੀ ਏ, ਇਸ ਤਰ੍ਹਾਂ ਅਕਾਸ਼ 'ਤੇ ਸੂਰਜ ਦਾ ਪ੍ਰਭਾਵ ਪ੍ਰਤੀਤ ਹੋ ਰਿਹਾ ਸੀ। ਦੂਰ ਪਹਾੜਾਂ ਦੀਆਂ ਉੱਚੀਆਂ ਚੋਟੀਆਂ 'ਤੇ ਬਰਫ਼ ਜੋ ਸਾਰਾ ਦਿਨ ਚਿੱਟੇ ਰੂਪ ਵਿਚ ਸੀ, ਉਸ ਨੇ

ਵੀ ਝਟ ਪਲ ਲਈ ਆਪਣਾ ਵੇਸ ਸੁਹਾਗਣਾਂ ਵਾਲਾ ਕਰ ਲਿਆ।

ਲੁੰਡੇ ਦਰਿਆ ਦੇ ਕੰਢੇ 'ਤੇ ਸੰਤ ਜੀ ਆਪਣੀ ਕੁਟੀਆ ਵਿਚੋਂ ਨਿਕਲੇ ਤੇ ਦਰਿਆ ਦੇ ਕੰਢੇ 'ਤੇ ਜਾ ਕੇ ਇਸ਼ਨਾਨ ਕੀਤਾ ਤੇ ਫਿਰ ਵਾਪਸ ਕੁਟੀਆ ਵਿਚ ਪਰਤ ਕੇ ਰਾਤ ਦੇ ਪਾਠ-ਪੂਜਾ ਦੀ ਤਿਆਰੀ ਕਰਨ ਲੱਗ ਪਏ। ਉਹਨਾਂ ਸਿਰ ਤੋਂ ਜਟਾਂ ਦਾ ਵੱਡਾ ਸਾਰਾ ਜੂੜਾ ਲਾਇਆ ਤੇ ਇਕ ਪਾਸੇ ਖੁੰਘੀ ਨਾਲ ਟੰਗ ਕੇ ਆਪਣੇ ਵਾਲਾਂ ਨੂੰ ਕੰਘਾ ਕਰਨ ਲੱਗ ਪਏ। ਸੰਤ ਜੀ ਦੇ ਆਪਣੇ ਵਾਲ ਕਾਫ਼ੀ ਲੰਮੇ ਤੇ ਕਾਲੇ-ਸਿਆਹ ਚਮਕੀਲੇ ਸਨ, ਪਰ ਪਤਾ ਨਹੀਂ ਕਿਉਂ ਉਹਨਾਂ ਕੱਕੀਆਂ ਜਟਾਂ ਦਾ ਵੱਡਾ ਸਾਰਾ ਥੱਬਾ ਇਹਨਾਂ ਸੋਹਣੇ ਵਾਲਾਂ 'ਤੇ ਲਾਇਆ ਹੋਇਆ ਸੀ। ਲੋਕ ਆਪਣੀਆਂ ਸੋਹਣੀਆਂ ਚੀਜ਼ਾਂ ਦਾ ਵਿਖਾਵਾ ਕਰਦੇ ਹਨ, ਪਰ ਇਹਨਾਂ ਸੋਹਣੀ ਚੀਜ਼ ਛੁਪਾਈ ਹੋਈ ਸੀ। ਸ਼ਾਇਦ ਨਿਰੋਲ ਸੰਤ ਹੋਣ ਦਾ ਪ੍ਰਭਾਵ ਦੇਣ ਲਈ ਇਹ ਅਣਵਾਹੀਆਂ ਜਟਾਂ ਰੱਖੀਆਂ ਹੋਣ।

ਸੰਤ ਜੀ ਇਕ-ਦਮ ਘਬਰਾ ਗਏ ਜਦੋਂ ਇਕ ਵਾਰ ਪੈਰਾਂ ਦਾ ਖੜਾਕ ਹੋਇਆ ਤੇ ਦੂਜੀ ਵਾਰ ਉਹਨਾਂ ਅੱਖ ਉੱਚੀ ਕਰ ਕੇ ਵੇਖਿਆ ਤਾਂ ਬਸ਼ੀਰਾਂ ਉਹਨਾਂ ਦੀ ਕੁਟੀਆ ਦੇ ਦਰਵਾਜ਼ੇ ਵਿਚ ਖੜ੍ਹੀ ਮੁਸਕਰਾਂਦੀ ਹੋਈ ਉਹਨਾਂ ਵੱਲ ਦੇਖ ਰਹੀ ਸੀ। ਸੰਤ ਜੀ ਨੇ ਆਪਣੀ ਘਬਰਾਹਟ ਛੁਪਾਣ ਦਾ ਯਤਨ ਕੀਤਾ ਪਰ ਫਿਰ ਵੀ ਉਹਨਾਂ ਦਾ ਚਿਹਰਾ ਅੰਦਰ ਦੀ ਹਾਲਤ ਦੀ ਸਾਫ਼ ਤਸਵੀਰ ਪੇਸ਼ ਕਰ ਰਿਹਾ ਸੀ।

ਬਸ਼ੀਰਾਂ ਨੇ ਕਿਹਾ, "ਤੁਸੀਂ ਮੈਨੂੰ ਦੇਖ ਕੇ ਹੈਰਾਨ ਕਿਉਂ ਹੋ ਗਏ ਹੋ। ਤੁਹਾਡਾ ਚਿਹਰਾ ਤਾਂ ਘਬਰਾਹਟ ਪ੍ਰਗਟ ਕਰ ਰਿਹਾ ਹੈ, ਕੀ ਗੱਲ ਏ ?"

"ਕੁਝ ਨਹੀਂ, ਕੋਈ ਗੱਲ ਨਹੀਂ, ਮੈਂ ਕਦੋਂ ਘਬਰਾਇਆ ਹਾਂ। ਘਬਰਾਣ ਮੇਰੇ ਦੁਸ਼ਮਣ, ਮੈਂ ਕਿਉਂ ਘਬਰਾਵਾਂ ?" ਕਾਹਲੀ ਕਾਹਲੀ ਸੰਤ ਜੀ ਨੇ ਕਿਹਾ।

"ਹੈਂ, ਸੰਤਾਂ ਦੇ ਵੀ ਦੁਸ਼ਮਣ ਹੁੰਦੇ ਨੇ। ਮੈਂ ਤਾਂ ਹੁਣ ਤਕ ਸੁਣਿਆ ਏ ਕਿ ਸੰਤਾਂ ਦਾ ਨਾ ਕੋਈ ਵੈਰੀ ਹੁੰਦਾ ਏ ਤੇ ਨਾ ਹੀ ਉਹ ਕਿਸੇ ਨੂੰ ਬਿਗਾਨਾ ਸਮਝਦੇ ਹਨ," ਬਸ਼ੀਰਾਂ ਨੇ ਵਿਅੰਗ ਨਾਲ ਕਿਹਾ। ਅੱਗੇ ਕਦੇ ਵੀ ਬਸ਼ੀਰਾਂ ਨੇ ਇਸ ਤਰ੍ਹਾਂ ਖੁੱਲ੍ਹ ਕੇ ਗੱਲ ਨਹੀਂ ਸੀ ਕੀਤੀ ਜਿਸ ਤਰ੍ਹਾਂ ਉਹ ਅੱਜ ਕਰ ਰਹੀ ਸੀ। ਅੱਗੇ ਗੱਲਾਂ ਕਰਦੀ ਝਕਦੀ ਸੀ, ਪਰ ਅੱਜ ਤਾਂ ਬੜੀ ਨਿਝੱਕ ਹੋ ਕੇ ਉਸ ਨੇ ਉਪਰੋਕਤ ਗੱਲਾਂ ਕਹਿ ਦਿੱਤੀਆਂ।

"ਦੁਨੀਆ ਵਿਚ ਕਿਸ ਦੇ ਦੁਸ਼ਮਣ ਨਹੀਂ। ਜੇ ਦੁਸ਼ਮਣ ਮੁੱਕ ਜਾਣ ਤਾਂ ਜੀਵਨ ਦਾ ਸਵਾਦ ਵੀ ਘਟ ਜਾਏ। ਜ਼ਿੰਦਗੀ ਸਦਾ ਟੱਕਰ ਨਾਲ ਬਣਦੀ ਏ। ਸੰਤਾਂ ਦੇ ਦੁਸ਼ਮਣ ਹਨ ਉਹ ਔਗੁਣ ਜੋ ਆਮ ਸੰਸਾਰੀਆਂ ਵਿਚ ਆ ਜਾਂਦੇ ਹਨ। ਸੰਤ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਆਪਣਾ ਦੁਸ਼ਮਣ ਸਮਝਦੇ ਹਨ ਤੇ ਇਨ੍ਹਾਂ ਦਾ ਕਦੇ ਵਿਸਾਹ ਨਹੀਂ ਖਾਂਦੇ, ਕਿਉਂਕਿ ਪਤਾ ਨਹੀਂ ਕਦੋਂ ਇਹ ਹਮਲਾ ਕਰ ਦੇਣ," ਸੰਤ ਜੀ ਨੇ ਬੜੀ ਹੁਸ਼ਿਆਰੀ

ਨਾਲ ਆਪਣੀ ਗੱਲ ਦੀ ਵਿਆਖਿਆ ਕਰ ਕੇ ਬਸ਼ੀਰਾਂ ਦੀ ਇਸ ਮਸਲੇ 'ਤੇ ਤਸੱਲੀ ਕਰਾ ਦਿੱਤੀ।

"ਤੁਸਾਂ ਇਹ ਜਿਹੜੇ ਪੰਜ ਦੁਸ਼ਮਣ ਦੱਸੇ ਹਨ ਇਹਨਾਂ ਨੂੰ ਨੇੜੇ ਨਹੀਂ ਆਉਣ ਦੇਂਦੇ ?" ਬਸ਼ੀਰਾਂ ਨੇ ਇਕ ਵਾਰ ਫਿਰ ਗੱਲ ਪੱਕੀ ਕਰਨ ਲਈ ਪੁੱਛਿਆ।

"ਬਿਲਕੁਲ ਨਹੀਂ," ਸੰਤ ਜੀ ਨੇ ਕਿਹਾ।

"ਬੜੀ ਅਨੋਖੀ ਗੱਲ ਏ," ਬਸ਼ੀਰਾਂ ਨੇ ਕਿਹਾ।

"ਅਨੋਖੀ ਨਹੀਂ," ਸੰਤ ਜੀ ਨੇ ਕਿਹਾ, "ਇਹ ਘਾਲਣਾ ਦਾ ਕੰਮ ਏ। ਅਸਲ ਵਿਚ ਅਸੀਂ ਲੋਕ ਮਿਹਨਤ ਨਹੀਂ ਕਰਦੇ ਤੇ ਸਾਨੂੰ ਹਰ ਮਸਲਾ ਹੀ ਔਖਾ ਜਾਪਣ ਲੱਗ ਪੈਂਦਾ ਹੈ। ਜਿਸ ਪਾਸੇ ਜਾਂਦੇ ਨਹੀਂ, ਉਥੋ ਐਵੇਂ ਡਰੀ ਜਾਂਦੇ ਹਾਂ। ਜੇ ਹਿੰਮਤ ਕਰੀਏ ਤਾਂ ਕੁਝ ਵੀ ਔਖਾ ਨਹੀਂ। ਮੈਂ ਅੱਜ ਤਕ ਜੋ ਕੁਝ ਪ੍ਰਾਪਤ ਕੀਤਾ ਏ ਇਹ ਮੇਰੀ ਮਿਹਨਤ ਦਾ ਨਤੀਜਾ ਏ। ਕਦੇ ਮੈਂ ਵੀ ਤੁਹਾਡੇ ਵਾਂਗ ਇਹਨਾਂ ਗੱਲਾਂ 'ਤੇ ਹੈਰਾਨ ਹੁੰਦਾ ਸਾਂ ਕਿ ਲੋਕ ਮੋਹ ਕਿਵੇਂ ਤੋੜ ਲੈਂਦੇ ਹਨ। ਕਾਮ ਤੋਂ ਕਿਵੇਂ ਬਚ ਨਿਕਲਦੇ ਹਨ ਤੇ ਗੁੱਸਾ ਕਿਵੇਂ ਨਹੀਂ ਆਉਂਦਾ ਪਰ ਹੁਣ ਮੈਂ ਸਮਝਦਾ ਹਾਂ ਕਿ ਇਹਨਾਂ 'ਤੇ ਕਾਬੂ ਪਾਣਾ ਕੋਈ ਔਖਾ ਨਹੀਂ," ਸੰਤ ਜੀ ਨੇ ਦੱਸਿਆ।

"ਅਸੀਂ ਹੋਰ ਹੀ ਬਹਿਸ ਵਿਚ ਪੈ ਗਏ ਹਾਂ।" ਬਸ਼ੀਰਾਂ ਨੇ ਉਥੇ ਪਏ ਇਕ ਝੂਹੜ 'ਤੇ ਬੈਠਦਿਆਂ ਕਿਹਾ, "ਤੁਸੀਂ ਅੱਜ ਅਸਲ ਰੂਪ ਵਿਚ ਨਜ਼ਰ ਆ ਰਹੇ ਹੋ। ਉਹ ਜਟਾਂ ਜਿਹੀਆਂ ਨਾ ਪਾਇਆ ਕਰੋ, ਉਹਨਾਂ ਨਾਲ ਚਿਹਰਾ ਸੋਹਣਾ ਨਹੀਂ ਲਗਦਾ।"

"ਅਸੀਂ ਚਾਹੁੰਦੇ ਹਾਂ ਕਿ ਸੋਹਣਾ ਨਾ ਲੱਗੇ," ਸੰਤ ਜੀ ਨੇ ਕਿਹਾ।

"ਕਿਉਂ ?"

"ਸੁਹੱਪਣ ਨੂੰ ਵੀ ਪੁਆੜੇ ਪੈਂਦੇ ਨੇ," ਸੰਤ ਜੀ ਨੇ ਵਿਅੰਗ ਨਾਲ ਕਿਹਾ।

"ਅੱਛਾ, ਇਸ ਲਈ ਕਿ ਕੋਈ ਤੁਹਾਡੇ 'ਤੇ ਲੱਟੂ ਨਾ ਹੋ ਜਾਏ," ਬਸ਼ੀਰਾਂ ਨੇ ਹੱਸਦਿਆਂ ਕਿਹਾ, "ਮੈਂ ਝੂਠ ਨਹੀਂ ਬੋਲਦੀ, ਤੁਸੀਂ ਹੁਣ ਇਸ ਵੇਲੇ ਬੜੇ ਸੋਹਣੇ ਜਵਾਨ ਜਾਪਦੇ ਹੋ। ਜਦੋਂ ਇਹ ਜਟਾਂ ਲਾ ਕੇ ਚਿਹਰੇ 'ਤੇ ਕੁਝ ਮਲ ਲੈਂਦੇ ਹੋ ਤਾਂ ਇਉਂ ਜਾਪਦੇ ਹੋ ਜਿਵੇਂ ਕਦੇ ਨਹਾਤੇ ਹੀ ਨਹੀਂ ਤੇ ਉਮਰ ਵਿਚ ਵੀ ਬਹੁਤ ਫ਼ਰਕ ਜਾਪਣ ਲੱਗ ਪੈਂਦਾ ਏ। ਤੁਸੀਂ ਇਹ ਬਨਾਵਟ ਕਿਉਂ ਕਰਦੇ ਹੋ ?"

"ਦੁਨੀਆ ਤੋਂ ਡਰ ਲਗਦਾ ਏ," ਸੰਤ ਜੀ ਬੋਲੇ।

"ਹੈਂ! ਸੰਤਾਂ ਨੂੰ ਡਰ। ਅੱਜ ਮੈਂ ਕਿਸ ਤਰ੍ਹਾਂ ਦੀਆਂ ਗੱਲਾਂ ਸੁਣ ਰਹੀ ਹਾਂ!" ਬਸ਼ੀਰਾਂ ਨੇ ਹੈਰਾਨੀ ਨਾਲ ਪੁੱਛਿਆ।

"ਅੱਜ ਬਹੁਤ ਕੁਝ ਬਦਲਿਆ ਜਾਪਦਾ ਏ," ਸੰਤ ਜੀ ਨੇ ਨੀਝ ਲਾ ਕੇ ਉਸ

ਵਲ ਦੇਖਦਿਆਂ ਕਿਹਾ, "ਮੇਰੀ ਸ਼ਕਲ ਬਦਲ ਗਈ ਪ੍ਰਤੀਤ ਹੁੰਦੀ ਏ ਤੇ ਜਾਂ ਤੇਰਾ ਦਿਲ ਬਦਲ ਗਿਆ ਏ।"

ਬਸ਼ੀਰਾਂ ਨੇ ਸ਼ਰਮ ਨਾਲ ਸਿਰ ਨੀਵਾਂ ਕਰ ਲਿਆ। ਉਹਦੇ ਚਿਹਰੇ 'ਤੇ ਹਯਾ ਦੀ ਲਾਲੀ ਛਾ ਗਈ। ਹੱਥਾਂ ਨਾਲ ਉਸ ਫੂਹੜ ਦੇ ਤੀਲੇ ਖਿੱਚਣੇ ਤੇ ਤੋੜਨੇ ਸ਼ੁਰੂ ਕਰ ਦਿੱਤੇ। ਇਸ ਗੱਲ ਦਾ ਉਹ ਕੀ ਉੱਤਰ ਦੇਂਦੀ ਜਦ ਕਿ ਇਹ ਠੀਕ ਸੀ ਕਿ ਉਹਦਾ ਦਿਲ ਬਦਲ ਚੁੱਕਿਆ ਸੀ। ਉਹ ਸਮਝ ਗਈ ਕਿ ਸੰਤ ਜੀ ਜਾਣੀ-ਜਾਣ ਹਨ ਤੇ ਉਹ ਉਸਦੇ ਦਿਲ ਦੀ ਅੰਦਰਲੀ ਗੱਲ ਨੂੰ ਸਮਝਦੇ ਹਨ। ਕੁਝ ਚਿਰ ਦੋਹਾਂ ਪਾਸੇ ਖ਼ਾਮੋਸ਼ੀ ਰਹੀ। ਬਸ਼ੀਰਾਂ ਨੂੰ ਸ਼ਰਮ ਮਹਿਸੂਸ ਹੋ ਰਹੀ ਸੀ ਤੇ ਸੰਤ ਜੀ ਲਗਾਤਾਰ ਉਹਦੇ ਮੁੱਖੜੇ ਵੱਲ ਦੇਖ ਕੇ ਉਹਦਾ ਦਿਲ ਪੜ੍ਹਨ ਦਾ ਯਤਨ ਕਰ ਰਹੇ ਸਨ। ਅਖ਼ੀਰ ਸੰਤ ਜੀ ਨੂੰ ਫਿਰ ਗੱਲ-ਬਾਤ ਦਾ ਸਿਲਸਿਲਾ ਤੋਰਨਾ ਪਿਆ। ਉਹਨਾਂ ਕਿਹਾ, "ਜੇ ਮੈਂ ਗ਼ਲਤ ਨਹੀਂ ਤਾਂ ਤੂੰ ਅੱਜ ਇਸ ਵੇਲੇ ਕਿਸੇ ਖ਼ਾਸ ਕੰਮ ਆਈ ਏਂ। ਐਵੇਂ ਅਸੀਂ ਹੋਰ ਹੀ ਗੱਲਾਂ ਵਿਚ ਪੈ ਗਏ ਹਾਂ ਤੇ ਮੈਨੂੰ ਇਹ ਪੁੱਛਣਾ ਵੀ ਭੁੱਲ ਗਿਆ ਏ ਕਿ ਤੂੰ ਇਸ ਵੇਲੇ ਕਿਵੇਂ ਆਈ ਏਂ?"

"ਤੁਹਾਨੂੰ ਮਿਲਣ ਆਈ ਹਾਂ।"

"ਸਿਰਫ਼ ਮਿਲਣ?"

"ਹੋਰ ਕੀ?"

"ਬੜੀ ਮਿਹਰਬਾਨੀ," ਸੰਤ ਜੀ ਨੇ ਕਿਹਾ।

"ਤੁਸੀਂ ਆਏ ਕਿਉਂ ਨਹੀਂ? ਸਾਡੇ ਸਾਰੇ ਘਰ ਦੇ ਤੁਹਾਨੂੰ ਯਾਦ ਕਰਦੇ ਹਨ। ਮੈਂ ਉਡੀਕ ਉਡੀਕ ਕੇ ਅੱਜ ਆਪ ਹੀ ਆ ਗਈ ਹਾਂ," ਬਸ਼ੀਰਾਂ ਨੇ ਕਿਹਾ।

"ਉਡੀਕਣ ਦੀ ਕੀ ਲੋੜ ਸੀ। ਜਦੋਂ ਵਕਤ ਮਿਲਦਾ ਮੈਂ ਆਪ ਹੀ ਆ ਜਾਣਾ ਸੀ," ਸੰਤ ਜੀ ਨੇ ਕਿਹਾ।

"ਆਹੋ ਜੀ, ਉਡੀਕਣ ਦੀ ਲੋੜ ਤੁਹਾਨੂੰ ਨਹੀਂ, ਸਾਨੂੰ ਤਾਂ ਹੈ। ਮੇਰੇ ਦਿਲ ਨੂੰ ਪੁੱਛ ਕੇ ਦੇਖੋ, ਜੇਕਰ ਤੁਸੀਂ ਨਾ ਆਓ ਤਾਂ ਕੀ ਹੁੰਦਾ ਏ," ਬਸ਼ੀਰਾਂ ਨੇ ਬੜੇ ਨਖ਼ਰੇ ਨਾਲ ਮੂੰਹ ਨਾਰਾਜ਼ਗੀ ਵਾਲਾ ਬਣਾਂਦਿਆਂ ਕਿਹਾ।

"ਕੀ ਹੁੰਦਾ ਏ?" ਜਾਣ-ਬੁੱਝ ਕੇ ਸੰਤ ਜੀ ਨੇ ਗੱਲ ਕਹੀ।

"ਤੁਸੀਂ ਜੀਵਨ ਵਿਚ ਕਦੇ ਪਿਆਰ ਨਹੀਂ ਕੀਤਾ?" ਬਸ਼ੀਰਾਂ ਨੇ ਪੁੱਛਿਆ।

"ਪਿਆਰ ਤਾਂ ਮੈਂ ਸਾਰੇ ਸੰਸਾਰ ਨੂੰ ਕਰਦਾ ਹਾਂ। ਕੁਦਰਤ ਨੂੰ ਕਰਦਾ ਹਾਂ ਤੇ ਕਾਦਰ ਨੂੰ ਕਰਦਾ ਹਾਂ। ਪਿਆਰ ਨਾ ਹੁੰਦਾ ਤਾਂ ਮੈਂ ਘਰ ਛੱਡ ਕੇ ਦਰਿਆਵਾਂ ਦੇ ਕੰਢੇ ਝੁੱਗੀਆਂ ਵਿਚ ਕਿਉਂ ਰਹਿੰਦਾ। ਇਹ ਪਿਆਰ ਹੀ ਸਾਰਾ ਕੁਝ ਕਰਵਾ ਰਿਹਾ ਹੈ। ਕਦੋਂ ਦਾ ਕੋਈ ਸਵਾਲ ਹੀ ਨਹੀਂ, ਮੈਂ ਸਦਾ ਪਿਆਰ ਵਿਚ ਗੜੂੰਦ ਰਹਿੰਦਾ ਹਾਂ ਤੇ ਅੱਗੋਂ ਰਹਿਣਾ ਏ,"

ਸੰਤ ਜੀ ਨੇ ਬੜੀ ਫੁਰਤੀ ਨਾਲ ਆਪਣੇ ਪਿਆਰ ਬਾਰੇ ਵਖਿਆਨ ਦੇ ਦਿੱਤਾ।

"ਮੇਰਾ ਪਿਆਰ ਤੋਂ ਮਤਲਬ ਕੁਝ ਹੋਰ ਏ। ਇਸਤ੍ਰੀ-ਪੁਰਸ਼ ਦਾ ਪਿਆਰ, ਜਿਸ ਵਿਚ ਉਡੀਕਾਂ ਕਰਨੀਆਂ ਪੈਂਦੀਆਂ ਨੇ। ਵਿਛੋੜੇ ਦਾ ਦੁੱਖ ਸਹਿਣਾ ਪੈਂਦਾ ਏ। ਸੱਜਣ ਦੇ ਨਾ ਮਿਲਣ 'ਤੇ ਮਨ ਵਿਚ ਕੁਝ ਹੋਣ ਲੱਗ ਪੈਂਦਾ ਏ," ਬਸ਼ੀਰਾਂ ਨੇ ਕਿਹਾ।

"ਹਾਂ, ਮੈਂ ਇਸਤ੍ਰੀ ਨੂੰ ਪਿਆਰ ਕੀਤਾ ਏ," ਸੰਤ ਜੀ ਨੇ ਕਿਹਾ, "ਉਸ ਤੋਂ ਵਿੱਛੜ ਕੇ ਬੜਾ ਦੁਖੀ ਹੁੰਦਾ ਰਿਹਾ ਹਾਂ। ਮਨ ਖੁਸਦਾ ਰਿਹਾ ਏ ਤੇ ਹੋਰ ਵੀ ਉਹ ਸਾਰਾ ਕੁਝ ਮਹਿਸੂਸ ਕਰਦਾ ਰਿਹਾ ਹਾਂ, ਜੋ ਤੂੰ ਦੱਸਿਆ ਏ।"

"ਕੌਣ ਏ ਉਹ ਤੇ ਅੱਜ-ਕੱਲ੍ਹ ਕਿੱਥੇ ਵੇ ?" ਬਸ਼ੀਰਾਂ ਨੇ ਬੜੇ ਤੌਖ਼ਲੇ ਨਾਲ ਪੁੱਛਿਆ।

"ਹੁਣ ਉਹ ਰੱਬ ਨੂੰ ਪਿਆਰੀ ਹੋ ਗਈ ਏ," ਸੰਤ ਜੀ ਨੇ ਦੱਸਿਆ।

"ਸੱਚੀਂ, ਤੁਸੀਂ ਕਿਸੇ ਜ਼ਨਾਨੀ ਨੂੰ ਪਿਆਰ ਕੀਤਾ ਹੋਵੇ, ਇਹ ਮੈਂ ਮਨ ਨਹੀਂ ਸਕਦੀ," ਬਸ਼ੀਰਾਂ ਨੇ ਮੁਸਕਰਾਂਦਿਆਂ ਕਿਹਾ, "ਜੇ ਕਿਸੇ ਨੂੰ ਪਿਆਰ ਕਰਦੇ ਤਾਂ ਫਿਰ ਘਰ ਛੱਡ ਕੇ ਦਰਿਆਵਾਂ ਦੇ ਕੰਢੇ ਨਾ ਵਸਦੇ।"

"ਇਹ ਤੇਰੀ ਗੱਲ ਗ਼ਲਤ ਏ। ਮਹੀਂਵਾਲ ਨੇ ਘਰ ਛੱਡ ਕੇ ਦਰਿਆ ਦਾ ਕੰਢਾ ਮੱਲਿਆ ਸੀ ਸੋਹਣੀ ਲਈ। ਸਾਹਿਬਾਂ ਦੇ ਰੁੱਕਿਆਂ ਦੀ ਉਡੀਕ ਵਿਚ ਮਿਰਜ਼ਾ ਸਾਰਾ ਸਾਰਾ ਦਿਨ ਦਰਿਆ ਦੇ ਕੰਢੇ ਬੈਠਾ ਰਹਿੰਦਾ ਸੀ। ਪਿਆਰ ਕਰਨ ਵਾਲਿਆਂ ਦੀ ਦਰਿਆ ਨਾਲ ਤਾਂ ਖ਼ਾਸ ਸਾਂਝ ਹੁੰਦੀ ਏ, ਇਸ ਲਈ ਤੇਰੀ ਇਹ ਗੱਲ ਤਾਂ ਗਲਤ ਏ, ਹੋਰ ਕੋਈ ਸੁਝਦੀ ਆ ਤਾਂ ਉਹ ਈ ਆਖ ਕੇ ਦੇਖ ਲੈ," ਸੰਤ ਜੀ ਨੇ ਮੁਸਕਰਾਂਦਿਆਂ ਕਿਹਾ।

"ਛੱਡੋ ਇਸ ਬਹਿਸ ਨੂੰ ਪਰ ਮੈਨੂੰ ਇਹ ਤਾਂ ਦੱਸੋ ਉਹ ਕੌਣ ਹੈ, ਜਿਸ ਨੂੰ ਤੁਸਾਂ ਪਿਆਰ ਕੀਤਾ," ਬਸ਼ੀਰਾਂ ਨੇ ਫਿਰ ਸਵਾਲ ਕੀਤਾ।

"ਤੂੰ ਪੁੱਛ ਕੇ ਕੀ ਲੈਣਾ ਏਂ ?"

"ਫਿਰ ਵੀ, ਪਤਾ ਤਾਂ ਲੱਗੇ।"

"ਮੇਰੀ ਮਾਂ," ਸੰਤ ਜੀ ਨੇ ਕਿਹਾ।

"ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੋ। ਮੈਂ ਕੁਝ ਪੁੱਛਿਆ ਏ ਤੇ ਤੁਸੀਂ ਗੱਲ ਨੂੰ ਹੋਰ ਹੀ ਪਾਸੇ ਲਈ ਜਾਂਦੇ ਹੋ," ਬਸ਼ੀਰਾਂ ਨੇ ਕਿਹਾ।

"ਮੈਂ ਤਾਂ ਬੜੀ ਸਿੱਧੀ ਗੱਲ ਕੀਤੀ ਏ। ਕਿਉਂ ਮਾਂ ਜ਼ਨਾਨੀ ਨਹੀਂ ? ਕੀ ਉਹਨੂੰ ਬੱਚੇ ਪਿਆਰ ਨਹੀਂ ਕਰਦੇ ਤੇ ਉਸ ਤੋਂ ਵਿੱਛੜ ਕੇ ਤੜਫਦੇ ਨਹੀਂ ?" ਸੰਤ ਜੀ ਬੋਲੇ।

ਬਸ਼ੀਰਾਂ ਹੱਸਣ ਲੱਗ ਪਈ ਤੇ ਉਸ ਕਿਹਾ, "ਤੁਸੀਂ ਬੜੇ ਹਾਜ਼ਰ ਜਵਾਬ ਹੋ। ਕੋਈ ਗੱਲ ਵੀ ਤੁਹਾਡੇ ਨਾਲ ਕਰ ਕੇ ਦੇਖੀਏ, ਤੁਸੀਂ ਜ਼ਰੂਰ ਉਹਨੂੰ ਖਿੱਚ-ਧੂਹ ਕੇ ਹੋਰ

ਹੀ ਪਾਸੇ ਲੈ ਜਾਂਦੇ ਹੋ।"

"ਤੁਹਾਡੇ ਦਿਮਾਗ 'ਚ ਜ਼ਨਾਨੀ-ਮਰਦ ਦਾ ਰਿਸ਼ਤਾ ਸਿਰਫ਼ ਇਕ ਹੈ। ਮਾਂ, ਭੈਣ ਤੇ ਧੀ ਦਾ ਕੋਈ ਰਿਸ਼ਤਾ ਨਹੀਂ ? ਕੀ ਉਥੇ ਪਿਆਰ ਨਹੀਂ ਹੁੰਦਾ ? ਸਿੱਧੀ ਗੱਲ ਕਰੋ ਕਿ ਮੇਰੀ ਕੋਈ ਪ੍ਰੇਮਿਕਾ ਹੈ ਕਿ ਨਹੀਂ ?" ਸੰਤ ਜੀ ਨੇ ਕਿਹਾ।

ਬਸ਼ੀਰਾਂ ਨੇ ਫਿਰ ਸ਼ਰਮ ਨਾਲ ਸਿਰ ਨੀਵਾਂ ਕਰ ਲਿਆ। ਉਹ ਪੁੱਛਣਾ ਤਾਂ ਇਹੀ ਚਾਹੁੰਦੀ ਸੀ ਤੇ ਸੰਤ ਜੀ ਵੀ ਸਮਝਦੇ ਸਨ ਪਰ ਉਹ ਜਾਣ-ਬੁੱਝ ਕੇ ਉਹਦੀ ਗੱਲ ਨੂੰ ਹੋਰ ਪਾਸੇ ਲਿਜਾਣ ਦਾ ਯਤਨ ਕਰ ਰਹੇ ਸਨ। ਹੁਣ ਜਦ ਉਹਨਾਂ ਸਾਫ਼ ਗੱਲ ਕਹਿ ਦਿੱਤੀ ਤਾਂ ਬਸ਼ੀਰਾਂ ਵਿਚ ਇਤਨੀ ਹਿੰਮਤ ਨਾ ਰਹੀ ਕਿ ਉਹ ਅੱਗੋਂ ਸਾਫ਼ ਸਵਾਲ ਕਰ ਲਵੇ। ਉਸ ਨੇ ਸਿਰਫ਼ ਇਤਨਾ ਕਿਹਾ, "ਤੁਸੀਂ ਤੇ ਅੰਦਰ ਦੀਆਂ ਗੁਪਤ ਗੱਲਾਂ ਵੀ ਜਾਣ ਲੈਂਦੇ ਹੋ ਪਰ ਮੇਰੀ ਇਸ ਗੱਲ ਦਾ ਅਸਲ ਮਤਲਬ ਕਿਉਂ ਨਹੀਂ ਸਮਝ ਸਕੇ ?"

"ਸਮਝ ਗਿਆ ਸੀ," ਸੰਤ ਜੀ ਨੇ ਕਿਹਾ, "ਪਰ ਮੈਂ ਤੈਨੂੰ ਦੱਸਣਾ ਚਾਹੁੰਦਾ ਸਾਂ ਕਿ ਗੱਲ ਸਪੱਸ਼ਟ ਕੀਤਾ ਕਰੋ। ਧੁੰਦਲੀ ਗੱਲ ਦੇ ਕਈ ਅਰਥ ਨਿਕਲ ਆਉਂਦੇ ਹਨ ਤੇ ਪਿੱਛੋਂ ਉਹਨਾਂ ਨੂੰ ਫੇਰ ਸਪੱਸ਼ਟ ਕਰਨਾ ਪੈਂਦਾ ਏ।"

"ਮੈਂ ਤੁਹਾਨੂੰ ਇਕ ਗੱਲ ਹੋਰ ਦੱਸਣ ਆਈ ਹਾਂ," ਬਸ਼ੀਰਾਂ ਨੇ ਕਿਹਾ।

"ਕੀ," ਸੰਤ ਜੀ ਨੇ ਹੈਰਾਨੀ ਨਾਲ ਪੁੱਛਿਆ।

"ਅਸੀਂ ਇਥੋਂ ਜਾ ਰਹੇ ਹਾਂ," ਬਸ਼ੀਰਾਂ ਬੋਲੀ।

"ਕਿੱਥੇ ?" ਸੰਤ ਜੀ ਨੇ ਪੁੱਛਿਆ।

"ਪਿਸ਼ਾਵਰ," ਬਸ਼ੀਰਾਂ ਨੇ ਦੱਸਿਆ।

"ਕਿਉਂ, ਹੁਣ ਸਿੱਖਾਂ ਨਾਲ ਲੜਾਈ ਮੁਕ ਗਈ ਏ ?" ਸੰਤ ਜੀ ਨੇ ਪੁੱਛਿਆ।

"ਲੜਾਈ ਤਾਂ ਨਹੀਂ ਮੁੱਕੀ ਪਰ ਸਾਨੂੰ ਪਿਸ਼ਾਵਰ ਸੱਦ ਲਿਆ ਗਿਆ ਏ। ਅਸੀਂ ਪਹਿਲੀ ਲੜਾਈ ਜਿੱਤ ਨਹੀਂ ਸਕੇ, ਇਸੇ ਕਰਕੇ ਸ਼ਾਇਦ ਸਾਡੇ 'ਤੇ ਹਾਕਮ ਗੁੱਸੇ ਹੋ ਗਏ ਹਨ। ਸਾਡੇ ਦੁਸ਼ਮਣਾਂ ਨੇ ਇਹ ਵੀ ਬੜੀ ਅਫ਼ਵਾਹ ਫੈਲਾਅ ਦਿੱਤੀ ਏ ਕਿ ਅਕਬਰ ਨੂੰ ਸਿੱਖਾਂ ਨੇ ਤਾਂ ਹੀ ਰਿਹਾਅ ਕੀਤਾ ਏ ਕਿਉਂਕਿ ਉਹਦੀ ਸਿੱਖਾਂ ਨਾਲ ਅੰਦਰੋਂ ਗੰਢ-ਸੰਢ ਹੋ ਗਈ ਏ। ਬਾਕੀ ਫੜੇ ਆਦਮੀਆਂ ਵਿਚੋਂ ਇਕ ਵੀ ਰਿਹਾਅ ਨਹੀਂ ਹੋਇਆ ਤੇ ਇਹ ਕਿਉਂ ਆ ਗਿਆ ਏ ?"

"ਇਹ ਕਹਿਣ ਦੀ ਕੀ ਲੋੜ ਸੀ ਕਿ ਅਕਬਰ ਅਟਕ ਵਿਚ ਕੈਦ ਹੋ ਗਿਆ ਸੀ। ਐਵੇਂ ਕਹਿ ਦਿੰਦੇ ਕਿ ਇਹ ਫੱਟੜ ਹੋ ਕੇ ਕਿਧਰੇ ਲੁਕ ਗਿਆ ਸੀ ਤੇ ਕਿਸੇ ਪਿੰਡ ਕਿਸੇ ਦੇ ਘਰ ਰਿਹਾ ਏ। ਕਿਹੜਾ ਕਿਸੇ ਨੇ ਸਿੱਖਾਂ ਤੋਂ ਪੁੱਛਣ ਜਾਣਾ ਸੀ ਇਸ ਬਾਰੇ," ਸੰਤ ਜੀ ਨੇ ਸਮਝਾਇਆ।

"ਸਾਨੂੰ ਕੀ ਪਤਾ ਸੀ ਕਿ ਇਸ ਗੱਲ ਨੂੰ ਵੀ ਲੋਕੀਂ ਪੁੱਠੇ ਪਾਸੇ ਲੈ ਜਾਣਗੇ," ਬਸ਼ੀਰਾਂ ਨੇ ਕਿਹਾ, "ਚੰਗਾ, ਤੁਸੀਂ ਸਾਡੇ ਲਈ ਕੁਝ ਦੁਆ ਕਰੋ ਤੇ ਨਾਲੇ ਆ ਕੇ ਅੱਬਾ ਨੂੰ ਕੁਝ ਢਾਰਸ ਦਿਓ। ਉਹ ਤਾਂ ਉੱਕਾ ਈ ਦਿਲ ਛੱਡੀ ਬੈਠੇ ਨੇ। ਤੁਸੀਂ ਆ ਕੇ ਕਹਿ ਦਿਓ ਕਿ ਤੁਹਾਡਾ ਸਿਤਾਰਾ ਬੜਾ ਬੁਲੰਦ ਹੋਏਗਾ। ਇੱਜ਼ਤ ਵਧੇਗੀ ਤੇ ਕੁਝ ਸਾਲਾਂ ਤਕ ਸਾਰੇ ਪਠਾਣੀ ਇਲਾਕੇ ਦੇ ਵੱਡੇ ਮੁਖੀ ਬਣੋਗੇ।"

"ਮੈਂ ਝੂਠ ਬੋਲਾਂ ?" ਸੰਤ ਜੀ ਨੇ ਕਿਹਾ।

"ਕਈ ਵਾਰ ਝੂਠ ਵੀ ਕਹਿਣਾ ਈ ਪੈਂਦਾ ਏ। ਉਸ ਬਿਨਾਂ ਵੀ ਕੰਮ ਨਹੀਂ ਸਰਦਾ। ਬੀਮਾਰ ਪਿਆ ਮਰ ਰਿਹਾ ਹੋਵੇ ਤਾਂ ਹਕੀਮ ਕਦੇ ਆ ਕੇ ਨਹੀਂ ਦੱਸਦਾ ਕਿ ਇਹ ਮਰਨ ਲੱਗਾ ਹੈ। ਉਹ ਅਖ਼ੀਰਲੇ ਦਮ ਤਕ ਇਹ ਕਹਿ ਦਿੰਦਾ ਏ ਕਿ ਹੁਣੇ ਠੀਕ ਹੋ ਜਾਵੇਗਾ। ਜੇ ਹਕੀਮ ਸੱਚ ਬੋਲੇ ਤਾਂ ਮਰੀਜ਼ ਨੇ ਜੇ ਬਚ ਵੀ ਜਾਣਾ ਹੋਵੇ ਤਾਂ ਵੀ ਨਹੀਂ ਬਚੇਗਾ," ਬਸ਼ੀਰਾਂ ਨੇ ਸੰਤ ਜੀ ਨੂੰ ਝੂਠ ਬੁਲਾਣ ਲਈ ਇਸ ਤਰ੍ਹਾਂ ਦੀਆਂ ਕਈ ਦਲੀਲਾਂ ਦਿੱਤੀਆਂ।

"ਤੂੰ ਚਾਹੁੰਦੀ ਏਂ ਕਿ ਉਮਰ ਹਯਾਤ ਖ਼ਾਨ ਦੀ ਮਾਯੂਸੀ ਖ਼ਤਮ ਹੋ ਜਾਏ, ਉਹ ਕਰ ਦਿੱਤੀ ਜਾਵੇਗੀ। ਜਿਸ ਤਰ੍ਹਾਂ ਵੀ ਹੋਇਆ, ਮੈ ਉਹਨੂੰ ਚੜ੍ਹਦੀ ਕਲਾ ਵਿਚ ਕਰ ਦਿਆਂਗਾ," ਸੰਤ ਜੀ ਨੇ ਕਿਹਾ।

"ਤੁਸੀਂ ਕਿੰਨੇ ਚੰਗੇ ਹੋ," ਬਸ਼ੀਰਾਂ ਨੇ ਕਹਿੰਦਿਆਂ ਆਪਣਾ ਹੱਥ ਸੰਤ ਜੀ ਦੇ ਮੋਢੇ 'ਤੇ ਰੱਖ ਦਿੱਤਾ। ਸੰਤ ਜੀ ਇਕ-ਦਮ ਪਿੱਛੇ ਹਟ ਗਏ ਤੇ ਉਹਦੇ ਵੱਲ ਨੀਝ ਲਾ ਕੇ ਦੇਖਦਿਆਂ ਕਿਹਾ, "ਤੁਸੀਂ ਗ਼ਲਤ ਰਾਹੇ ਪੈ ਰਹੇ ਹੋ।"

"ਇਹ ਤੁਹਾਡੀਆਂ ਨਜ਼ਰਾਂ ਵਿਚ ਗ਼ਲਤ ਹੋਵੇਗਾ, ਮੇਰੀਆਂ ਨਜ਼ਰਾਂ ਵਿਚ ਨਹੀਂ," ਬਸ਼ੀਰਾਂ ਨੇ ਕਿਹਾ, "ਤੁਸੀਂ ਨਹੀਂ ਜਾਣਦੇ, ਇਸ ਵੇਲੇ ਮੇਰੇ ਮਨ ਦੀ ਅਵਸਥਾ ਕੀ ਏ ?"

"ਮੈਂ ਜਾਣਦਾ ਹਾਂ। ਜੇ ਮੈਂ ਦੂਰ ਵਾਲੀਆਂ ਗੱਲਾਂ ਦਾ ਪਤਾ ਲਾ ਸਕਦਾ ਹਾਂ ਤਾਂ ਮੈਂ ਨੇੜੇ ਤੇ ਸਾਹਮਣੇ ਦੀਆਂ ਗੱਲਾਂ ਬਾਰੇ ਨਹੀਂ ਜਾਣ ਸਕਦਾ ?" ਸੰਤ ਜੀ ਨੇ ਕਿਹਾ।

ਬਸ਼ੀਰਾਂ ਦੇ ਦਿਲ ਦੀ ਧੜਕਣ ਤੇਜ਼ ਹੋ ਗਈ। ਲੰਮੇ ਲੰਮੇ ਸਾਹ ਲੈਣ ਨਾਲ ਉਹਦਾ ਸਾਰਾ ਸਰੀਰ ਹਿੱਲ ਰਿਹਾ ਸੀ ਤੇ ਇਉਂ ਜਾਪਦਾ ਸੀ ਜਿਵੇਂ ਉਹਨੂੰ ਸਾਹ ਚੜ੍ਹ ਰਿਹਾ ਹੋਵੇ। ਉਹਦੀਆਂ ਅੱਖਾਂ ਭਾਵੇਂ ਕਾਫ਼ੀ ਮੋਟੀਆਂ ਸਨ ਪਰ ਹੁਣ ਝੱਟ ਵਿਚ ਹੀ ਉਹ ਵੀ ਸੁੰਘੜ ਕੇ ਛੋਟੀਆਂ ਹੋ ਗਈਆਂ। ਅਸਲ ਵਿਚ ਉਹ ਅਧਮੀਟੀ ਅਵਸਥਾ 'ਤੇ ਅੱਪੜ ਗਈਆਂ ਅਤੇ ਉਂਜ ਵੀ ਅੱਖਾਂ ਵਿਚ ਨਿੰਮ੍ਹੀ-ਨਿੰਮ੍ਹੀ ਲਾਲੀ ਉਤਰ ਆਈ।

ਬਸ਼ੀਰਾਂ ਦਾ ਇਸ ਸਮੇਂ ਜੀ ਕਰਦਾ ਸੀ ਕਿ ਉਹ ਸੰਤ ਜੀ ਨੂੰ ਆਪਣਾ ਸਾਰਾ ਦਿਲ ਖੋਲ੍ਹ ਕੇ ਦੱਸ ਦੇਵੇ। ਆਪਣੇ ਅੰਦਰੋਂ ਉਠਦੇ ਭਾਵਾਂ ਦੇ ਤੂਫ਼ਾਨ ਬਾਹਰ ਲੈ ਆਵੇ ਤੇ ਦਿਲ ਹੌਲਾ ਕਰ ਲਵੇ। ਉਹਨੂੰ ਸ਼ਬਦ ਨਹੀਂ ਸਨ ਲਭਦੇ, ਜਿਨ੍ਹਾਂ ਨਾਲ ਉਹ ਦਿਲ

ਦੀ ਧੜਕਨ ਬਿਆਨ ਕਰ ਲਵੇ। ਸੰਤ ਜੀ ਦੇ ਪਰ੍ਹੇ ਹਟ ਜਾਣ ਨਾਲ ਉਹਨੂੰ ਕਿੰਨਾ ਕੁ ਅਫ਼ਸੋਸ ਲੱਗਾ ਤੇ ਦਿਲ ਨੂੰ ਧੱਕਾ ਵੱਜਾ, ਉਹ ਵੀ ਕਹਿਣ ਤੋਂ ਬਾਹਰਾ ਸੀ। ਉਸ ਅਖੀਰ ਕਹਿ ਹੀ ਦਿੱਤਾ, "ਤੁਸੀਂ ਇੰਨੇ ਕੋਰੇ ਕਿਉਂ ਹੋ?"

"ਮੈਂ, ਕੋਰਾ! ਇਹ ਨਹੀਂ ਹੋ ਸਕਦਾ," ਸੰਤ ਜੀ ਨੇ ਕਿਹਾ, "ਪਰ ਤੁਸੀਂ ਜਿਸ ਵਹਿਣ ਵਿਚ ਰੁੜ੍ਹ ਰਹੇ ਹੋ, ਉਸ ਨੂੰ ਮੈਂ ਪਸੰਦ ਨਹੀਂ ਕਰਦਾ। ਤੁਸੀਂ ਨਿਰੇ ਜਜ਼ਬਾਤੀ ਹੋ ਕੇ ਚੱਲ ਰਹੇ ਹੋ। ਜ਼ਿੰਦਗੀ ਜਜ਼ਬੇ ਬਿਨਾ ਭਾਵੇਂ ਕੁਝ ਵੀ ਨਹੀਂ ਪਰ ਨਿਰਾ ਜਜ਼ਬਾ ਪਾਗਲਪਨ ਹੁੰਦਾ ਏ। ਜਜ਼ਬੇ ਨਾਲ ਹੋਸ਼ ਤੋਂ ਵੀ ਕੰਮ ਲਿਆ ਜਾਣਾ ਚਾਹੀਦਾ ਹੈ। ਤੈਨੂੰ ਪਤਾ ਹੈ ਕਿ ਮੈਂ ਸੰਤ ਹਾਂ ਜਿਸ ਘਰ-ਬਾਰ ਤਿਆਗਿਆ ਹੋਇਆ ਹੈ। ਜੇਕਰ ਮੇਰੇ ਵਿਚ ਉਹ ਅੱਗ ਹੁੰਦੀ ਤਾਂ ਮੈਂ ਅੱਜ ਇਥੇ ਝੁੱਗੀ ਵਿਚ ਡੇਰੇ ਨਾ ਲਾਏ ਹੁੰਦੇ। ਤੂੰ ਸੋਚ ਤਾਂ ਸਹੀ, ਕਿਸ 'ਤੇ ਡੁਲ ਰਹੀ ਏਂ, ਇਕ ਫ਼ਕੀਰ 'ਤੇ, ਜਿਸ ਦੇ ਜੀਵਨ ਦੇ ਚੱਜ ਤੇ ਤਰੀਕੇ ਨਾਲ ਤੁਹਾਡੇ ਜੀਵਨ ਦੀ ਰਤੀ ਭਰ ਵੀ ਸਾਂਝ ਨਹੀਂ। ਜੀਵਨ ਸਿਰਫ਼ ਜਜ਼ਬਾਤੀ ਪਿਆਰ ਨਾਲ ਹੀ ਨਹੀਂ ਬੀਤਦਾ। ਇਸ ਲਈ ਹੋਰ ਵੀ ਗੱਲਾਂ ਚਾਹੀਦੀਆਂ ਹਨ, ਜਿਨ੍ਹਾਂ ਵਿਚੋਂ ਇਕ ਵੀ ਮੇਰੇ ਪਾਸ ਨਹੀਂ। ਤੂੰ ਜ਼ਰਾ ਵੀ ਨਹੀਂ ਸੋਚਿਆ ਕਿ ਇਹ ਥਾਂ ਕਿਹੜੀ ਏ? ਕਿਸ ਤਰ੍ਹਾਂ ਦੀ ਏ? ਇਥੇ ਪਹੁੰਚ ਵੀ ਹੋ ਸਕਦੀ ਏ ਕਿ ਨਹੀਂ?"

"ਤੁਸੀਂ ਬੜੇ ਸਿਆਣੇ ਹੋ," ਬਸ਼ੀਰਾਂ ਨੇ ਕਿਹਾ, "ਪਰ ਤੁਹਾਨੂੰ ਪਤਾ ਹੋਣਾ ਏ ਕਿ ਪਿਆਰ ਲਾਇਆਂ ਨਹੀਂ ਲੱਗਦਾ, ਇਹ ਤਾਂ ਕੁਦਰਤ ਵੱਲੋਂ ਹੀ ਮਨੁੱਖ ਦੇ ਅੰਦਰ ਪੈਦਾ ਹੋਇਆ ਜਜ਼ਬਾ ਏ।"

"ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਪਿਆਰ ਲਾਇਆਂ ਨਹੀਂ ਲਗਦਾ, ਪਰ ਇਹ ਤਾਂ ਠੀਕ ਏ ਕਿ ਇਸ ਕੁਦਰਤੀ ਜਜ਼ਬੇ 'ਤੇ ਮਨੁੱਖ ਕਾਬੂ ਪਾ ਸਕਦਾ ਹੈ ਤੇ ਹਾਲਾਤ ਅਨੁਸਾਰ ਉਹਨੂੰ ਮੋੜ ਸਕਦਾ ਹੈ," ਸੰਤ ਜੀ ਨੇ ਕਿਹਾ।

ਬਸ਼ੀਰਾਂ ਨੇ ਫਿਰ ਸੰਤ ਦਾ ਹੱਥ ਫੜਨ ਦਾ ਯਤਨ ਕੀਤਾ, ਪਰ ਉਹਨਾਂ ਸਿਰ 'ਤੇ ਹੱਥ ਫੇਰਦਿਆਂ ਕਿਹਾ, "ਬਸ਼ੀਰਾਂ ਹੋਸ਼ ਕਰੋ। ਤੁਹਾਨੂੰ ਹੁਣ ਚਲੇ ਜਾਣਾ ਚਾਹੀਦਾ ਏ।"

"ਮੈਂ ਬੜੀ ਖੁਸ਼ਕਿਸਮਤ ਹਾਂ ਜਿਸ ਦੇ ਵਾਲਾਂ 'ਤੇ ਤੁਹਾਡੇ ਸੋਹਣੇ ਕੋਮਲ ਹੱਥ ਫਿਰੇ ਹਨ," ਬਸ਼ੀਰਾਂ ਨੇ ਕਿਹਾ, "ਮੈਨੂੰ ਪਿਆਰ ਦਾ ਝੂਟਾ ਆ ਗਿਆ ਏ। ਮੇਰੀ ਅਰਜ਼ ਮੰਨੋ ਤੇ ਇਕ ਵਾਰ ਫੇਰ ਮੇਰੇ ਸਿਰ 'ਤੇ ਹੱਥ ਫੇਰ ਦਿਓ।"

ਸੰਤ ਜੀ ਦੇ ਦੋ ਚੇਲੇ ਆ ਗਏ ਜਿਸ ਕਾਰਨ ਉਹਨਾਂ ਦੀ ਗੱਲ-ਬਾਤ ਦਾ ਸਿਲਸਿਲਾ ਟੁੱਟ ਗਿਆ। ਆਉਂਦਿਆਂ ਦੋਹਾਂ ਨੇ ਝੁਕ ਕੇ ਨਮਸਕਾਰ ਕੀਤੀ ਤੇ ਇਕ ਨੇ ਕਿਹਾ, "ਹੁਣੇ ਤੁਹਾਡੇ ਦਰਸ਼ਨ ਕਰਨ ਲਈ ਕੁਝ ਸੱਜਣ ਆ ਰਹੇ ਹਨ।"

"ਅੱਛਾ, ਮੈਂ ਫਿਰ ਸੰਧਿਆ ਦਾ ਪਾਠ ਕਰ ਲਵਾਂ। ਉਹਨਾਂ ਨੂੰ ਆਪਣੀ ਕੁਟੀਆ

ਵਿਚ ਹੀ ਬਿਠਾਣਾ, ਮੈਂ ਅਜੇ ਵਿਹਲਾ ਨਹੀਂ," ਸੰਤ ਜੀ ਨੇ ਕਿਹਾ ਤੇ ਫਿਰ ਬਸ਼ੀਰਾਂ ਨੂੰ ਸੰਬੋਧਨ ਕਰਕੇ ਬੋਲੇ, "ਮੈਂ ਕਲ੍ਹ ਸਵੇਰੇ ਆਉਣ ਦਾ ਯਤਨ ਕਰਾਂਗਾ।"

"ਨਹੀਂ, ਸਵੇਰੇ ਤਾਂ ਅਸੀਂ ਚਲੇ ਜਾਣਾ ਏ, ਤੁਸੀਂ ਅੱਜ ਹੀ ਰਾਤ ਨੂੰ ਆਉਣਾ," ਬਸ਼ੀਰਾਂ ਨੇ ਕਿਹਾ ਤੇ ਉੱਠ ਕੇ ਚਲੀ ਗਈ।

8

ਸੰਤ ਜੀ ਜਦ ਤਿਆਰ ਹੋ ਕੇ ਉਮਰ ਹਯਾਤ ਖ਼ਾਨ ਦੇ ਕੈਂਪ ਵਿਚ ਪਹੁੰਚੇ ਤਾਂ ਦਰਵਾਜ਼ੇ 'ਤੇ ਬਸ਼ੀਰਾਂ ਖੜੀ ਉਹਨਾਂ ਦੀ ਉਡੀਕ ਕਰ ਰਹੀ ਸੀ। ਉਸ ਨੇ ਮੁਸਕਰਾਂਦਿਆਂ ਕੁਝ ਕਦਮ ਅੱਗੇ ਹੋ ਕੇ 'ਜੀ ਆਇਆਂ' ਕਿਹਾ ਤੇ ਹੌਲੀ ਜਿਹੀ ਬੋਲੀ, "ਮੈਨੂੰ ਆਸ ਕੋਈ ਨਹੀਂ ਸੀ ਕਿ ਤੁਸੀਂ ਪਹੁੰਚ ਜਾਓਗੇ। ਤੁਸੀਂ ਤਾਂ ਸੱਚ-ਮੁੱਚ ਹੀ ਹੱਦ ਕਰ ਦਿੱਤੀ ਏ।"

"ਤੁਸੀਂ ਦੱਸਿਆ ਜੁ ਸੀ ਕਿ ਕੱਲ੍ਹ ਸਵੇਰੇ ਤੁਸੀਂ ਜਾ ਰਹੇ ਹੋ। ਇਸ ਲਈ ਮੈਂ ਹੁਣੇ ਆ ਗਿਆ ਹਾਂ। ਪਹਿਲਾਂ ਤਾਂ ਖ਼ਿਆਲ ਸੀ ਕਿ ਸਵੇਰੇ ਸਵੇਰੇ ਆਵਾਂ, ਪਰ ਫਿਰ ਇਹ ਸੋਚਿਆ ਕਿ ਪੂਜਾ-ਪਾਠ ਦੇ ਪ੍ਰੋਗਰਾਮ ਵਿਚ ਵਿਘਨ ਪਵੇਗਾ, ਇਸ ਲਈ ਹੁਣੇ ਆ ਗਿਆ ਹਾਂ," ਇਹ ਕਹਿ ਕੇ ਸੰਤ ਜੀ ਤੁਰਨ ਲੱਗੇ ਤਾਂ ਬਸ਼ੀਰਾਂ ਨੇ ਉਹਨਾਂ ਅੱਗੇ ਖੜੇ ਹੋ ਕੇ ਕਿਹਾ, "ਮੈਂ ਤੁਹਾਡੇ ਨਾਲ ਇਕ ਬਹੁਤ ਜ਼ਰੂਰੀ ਗੱਲ ਕਰਨੀ ਏ।"

"ਇਥੇ ਖਲੋਣਾ ਠੀਕ ਨਹੀਂ, ਐਵੇਂ ਆਲੇ-ਦੁਆਲੇ ਦੇ ਲੋਕੀਂ ਵੇਖ ਕੇ ਗੱਲਾਂ ਕਰਨਗੇ," ਸੰਤ ਜੀ ਨੇ ਕਿਹਾ।

"ਪਏ ਕਹਿਣ ਮੈਨੂੰ ਕਿਸੇ ਦੀ ਕੋਈ ਪਰਵਾਹ ਨਹੀਂ," ਬੜੀ ਦਲੇਰ ਹੋ ਕੇ ਬਸ਼ੀਰਾਂ ਨੇ ਕਿਹਾ।

"ਬਸ਼ੀਰਾਂ ਮੈਂ ਤੇਰੇ ਨਾਲ ਇਕ ਗੱਲ ਸਾਫ਼ ਕਰ ਦੇਣੀ ਚਾਹੁੰਦਾ ਹਾਂ ਕਿ ਮੈਨੂੰ ਤੇਰੀ ਆਦਤ ਪਸੰਦ ਨਹੀਂ। ਤੂੰ ਨਿਰੀ ਜਜ਼ਬਾਤੀ ਪੱਧਰ 'ਤੇ ਗੱਲ ਸੋਚਦੀ ਏਂ। ਮੈਂ ਉਹ ਕੁਝ ਨਹੀਂ ਬਣ ਸਕਦਾ ਜੋ ਤੂੰ ਮੈਨੂੰ ਦੇਖਣਾ ਚਾਹੁੰਦੀ ਏਂ। ਭਾਵੇਂ ਤੈਨੂੰ ਮੇਰੀ ਗੱਲ ਦਾ ਗੁੱਸਾ ਹੀ ਲੱਗੇ, ਪਰ ਮੈਂ ਕੀ ਕਰਾਂ, ਮੈਂ ਵੇਖ ਰਿਹਾ ਹਾਂ ਕਿ ਤੂੰ ਅੱਗੇ ਅੱਗੇ ਵਧਦੀ ਜਾਨੀ ਏਂ। ਮੈਂ ਤੈਨੂੰ ਇਸ ਲਈ ਨਹੀਂ ਸੀ ਦਰਿਆ 'ਚੋਂ ਬਚਾਇਆ ਕਿ ਤੂੰ ਮੁਟਿਆਰ ਏਂ, ਸਗੋਂ ਇਕ ਮਨੁੱਖ ਦੇ ਨਾਤੇ ਮੈਂ ਤੈਨੂੰ ਬਚਾਇਆ ਸੀ। ਹੁਣ ਵੀ ਤੁਹਾਡੇ ਟੱਬਰ ਨਾਲ ਮੇਰਾ ਪਿਆਰ ਮਨੁੱਖਤਾ ਦਾ ਪਿਆਰ ਹੈ, ਗਰਜ਼ ਜਾਂ ਵਾਸ਼ਨਾ ਦਾ ਪਿਆਰ ਨਹੀਂ।

ਤੂੰ ਸ਼ਾਇਦ ਮੇਰੇ ਇਸ ਪਿਆਰ ਨੂੰ ਗ਼ਲਤ ਸਮਝੀ ਏਂ," ਸੰਤ ਜੀ ਨੂੰ ਬਸ਼ੀਰਾਂ ਉੱਤੇ ਬੜਾ ਗੁੱਸਾ ਸੀ। ਕੁਟੀਆ ਵਿਚ ਉਸ ਨੇ ਆਪੇ ਤੋਂ ਬਾਹਰ ਹੋ ਕੇ ਜੋ ਕੁਝ ਕਿਹਾ ਤੇ ਕੀਤਾ ਸੀ ਉਸ 'ਤੇ ਸੰਤ ਜੀ ਉਸ ਨੂੰ ਸਮਝਾਉਣਾ ਚਾਹੁੰਦੇ ਸੀ। ਹੁਣ ਜਦ ਬਸ਼ੀਰਾਂ ਨੇ ਉਨ੍ਹਾਂ ਦਾ ਰਾਹ ਰੋਕਿਆ ਤਾਂ ਸੰਤ ਜੀ ਨੇ ਉਹਨੂੰ ਖਰੀਆਂ ਖਰੀਆਂ ਸੁਣਾ ਦਿੱਤੀਆਂ।

ਬਸ਼ੀਰਾਂ ਨੇ ਸਿਰ ਨੀਵਾਂ ਪਾ ਲਿਆ। ਸ਼ਰਮ ਨਾਲ ਉਹਦੀਆਂ ਅੱਖਾਂ ਧਰਤੀ ਵਿਚ ਗੱਡੀਆਂ ਗਈਆਂ। ਸੱਜੇ ਹੱਥ ਨਾਲ ਖੱਬੇ ਹੱਥ ਦੀਆਂ ਉਂਗਲਾਂ ਦੇ ਕੜਾਕੇ ਕਢਦਿਆਂ ਉਹ ਬੋਲੀ, "ਮੈਂ ਤਾਂ ਤੁਹਾਡੇ ਨਾਲ ਕੁਝ ਹੋਰ ਹੀ ਗੱਲ ਕਰਨ ਲੱਗੀ ਸਾਂ।"

"ਮੈਨੂੰ ਪਤਾ ਹੈ ਜਿਹੜੀ ਗੱਲ ਕਰਨ ਲੱਗੀ ਸੈਂ। ਮੈਂ ਉਦੋਂ ਤਕ ਤੇਰੇ ਨਾਲ ਕੋਈ ਗੱਲ ਨਹੀਂ ਕਰਦਾ ਜਦੋਂ ਤਕ ਤੂੰ ਆਪਣਾ ਮਨ ਸਾਫ਼ ਨਹੀਂ ਕਰਦੀ। ਪਿਆਰ ਦੇ ਇਸ ਵੇਗ ਨੂੰ ਸਿੱਧੇ ਰਾਹ ਨਹੀਂ ਪਾਉਂਦੀ," ਸੰਤ ਜੀ ਨੇ ਕਿਹਾ ਤੇ ਇਕ ਕਦਮ ਅੱਗੇ ਪੁੱਟਿਆ।

ਬਸ਼ੀਰਾਂ ਨੇ ਫਿਰ ਬੜੀ ਨਿੰਮ੍ਹੀ ਜਿਹੀ ਅਵਾਜ਼ ਦਿੱਤੀ ਤੇ ਕਿਹਾ, "ਮੈਂ ਤੁਹਾਨੂੰ ਇਹ ਕਹਿਣਾ ਸੀ ਕਿ ਅੱਬਾ ਨੂੰ ਇਹ ਨਾ ਦੱਸਿਆ ਜੇ ਕਿ ਮੈਂ ਹੁਣੇ ਤੁਹਾਡੀ ਕੁਟੀਆ ਵਿਚ ਗਈ ਸਾਂ, ਨਹੀਂ ਤਾਂ ਉਹ ਮੈਨੂੰ ਗੁੱਸੇ ਹੋਣਗੇ।"

ਸੰਤ ਹੈਰਾਨ ਹੋ ਗਿਆ। ਉਹਨੂੰ ਇਹ ਆਸ ਹੀ ਨਹੀਂ ਸੀ ਕਿ ਬਸ਼ੀਰਾਂ ਲੁਕ-ਛਿਪ ਕੇ ਉਹਨੂੰ ਮਿਲਣ ਜਾਂਦੀ ਹੈ। ਬੜੀ ਹੈਰਾਨੀ ਨਾਲ ਸੰਤ ਨੇ ਇਕ-ਦਮ ਕਦਮ ਪਿਛੇ ਪੁਟਦਿਆਂ ਬਸ਼ੀਰਾਂ ਦੇ ਨੇੜੇ ਆ ਕੇ ਪੁੱਛਿਆ, "ਹੈਂ! ਤੂੰ ਖ਼ਾਨ ਸਾਹਿਬ ਦੀ ਆਗਿਆ ਬਿਨਾਂ ਮੇਰੇ ਕੋਲ ਆਂਦੀ ਰਹੀ ਹੈਂ ? ਇਹ ਕਿਉਂ ? ਇਹ ਚੰਗੀਆਂ ਧੀਆਂ ਦੇ ਕੰਮ ਨਹੀਂ। ਕੀ ਤੈਨੂੰ ਪੁੱਛ ਕੇ ਆਉਂਦਿਆਂ ਰੋਕਦੇ ਨੇ ?"

"ਨਹੀਂ, ਰੋਕਦੇ ਤਾਂ ਨਹੀਂ।"

"ਤਾਂ ਤੇਰੇ ਅੰਦਰ ਦਾ ਚੋਰ ਤੈਨੂੰ ਮਾਰਦਾ ਏ। ਜੇ ਤੇਰਾ ਮਨ ਸਾਫ਼ ਹੋਏ ਤਾਂ ਫਿਰ ਤੈਨੂੰ ਕਦੇ ਅਜਿਹਾ ਖ਼ਿਆਲ ਨਾ ਆਏ," ਸੰਤ ਨੇ ਕਿਹਾ।

"ਮੈਂ ਕੀ ਕਰਾਂ, ਇਹ ਮੇਰੇ ਵੱਸ ਦੀ ਗੱਲ ਨਹੀਂ। ਮੈਂ ਜਾਣ ਕੇ ਥੋੜ੍ਹਾ ਕਰਦੀ ਹਾਂ। ਮੇਰਾ ਦਿਲ ਬਦੋ-ਬਦੀ ਤੁਹਾਡੇ ਵੱਲ ਉੱਲਰਦਾ ਏ।" ਬਸ਼ੀਰਾਂ ਨੇ ਕਿਹਾ।

"ਮੇਰੇ ਗੁਰੂ ਦਾ ਕਹਿਣਾ ਹੈ ਕਿ ਮਨ ਬੜੀ ਤਾਕਤਵਰ ਚੀਜ਼ ਹੈ। ਜੇ ਇਹ ਆਪਣੀ ਅਸਲੀਅਤ ਨੂੰ ਪਛਾਣ ਲਏ ਤਾਂ ਇਹ ਰੱਬ ਦਾ ਰੂਪ ਹੈ। ਨਾਲ ਹੀ ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਜਿਹੜਾ ਮਨ ਨੂੰ ਜਿੱਤ ਲਏ, ਸਮਝ ਲਓ ਉਹਨੇ ਜਗ ਨੂੰ ਜਿੱਤ ਲਿਆ। ਤੁਹਾਨੂੰ ਚਾਹੀਦਾ ਏ ਮਨ 'ਤੇ ਕਾਬੂ ਪਾਓ। ਤੁਸੀਂ ਚੰਗੀ, ਮਾੜੀ ਗੱਲ ਦੀ ਪਛਾਣ ਕਰ ਸਕੋ। ਪਰਖ ਪਿਛੋਂ ਮਨ ਨੂੰ ਚੰਗੇ ਪਾਸੇ ਟੋਰੋ। ਪਿਆਰ ਤਾਂ ਅੰਨ੍ਹਾ ਹੁੰਦਾ

ਹੈ। ਤੇਰੀ ਹਾਲਤ ਵੀ ਅਜਿਹੀ ਹੈ। ਜਿਸ ਨੇ ਇਹ ਨਹੀਂ ਸੋਚਿਆ ਕਿ ਮੈਂ ਕੌਣ ਹਾਂ, ਕਿੱਥੋਂ ਦਾ ਰਹਿਣ ਵਾਲਾ ਹਾਂ। ਕਿਹੋ-ਜਿਹੇ ਕੰਮਾਂ ਵਿਚ ਪਿਆ ਹੋਇਆ ਹਾਂ। ਜੀਵਨ ਭਰ ਰੋਟੀ ਵੀ ਖੁਆ ਸਕਦਾ ਹਾਂ ਕਿ ਨਹੀਂ," ਸੰਤ ਦੀਆਂ ਇਹਨਾਂ ਗੱਲਾਂ ਦਾ ਬਸ਼ੀਰਾਂ 'ਤੇ ਬੜਾ ਅਸਰ ਹੋਇਆ, ਪਰ ਉਹ ਚੁੱਪ-ਚਾਪ ਸਭ ਕੁਝ ਸੁਣਦੀ ਰਹੀ।

ਸੰਤ ਹੋਰਾਂ ਨੇ ਦੇਖਿਆ ਕਿ ਉਹਨਾਂ ਦੀਆਂ ਗੱਲਾਂ ਦਾ ਚੰਗਾ ਅਸਰ ਪਿਆ ਹੈ। ਉਹ ਇਕ-ਦਮ ਹੋਰ ਅਗੇ ਵਧੇ ਤੇ ਬਸ਼ੀਰਾਂ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ, "ਮੈਂ ਤੈਨੂੰ ਪਿਆਰ ਕਰਦਾ ਹਾਂ ਇਕ ਨਿੱਕੀ ਭੈਣ ਜਾਣ ਕੇ।"

ਸੰਤ ਜੀ ਤੰਬੂ ਵਿਚ ਚਲੇ ਗਏ ਅਤੇ ਬਸ਼ੀਰਾਂ ਉਥੇ ਖਲੋਤੀ ਸੋਚਦੀ ਰਹੀ। ਰਾਤ ਦੇ ਚੰਗੇ ਹਨੇਰੇ ਪਏ ਸੰਤ ਜੀ ਦੇ ਅਚਾਨਕ ਆਉਣ ਨਾਲ ਸਾਰਾ ਟੱਬਰ ਹੈਰਾਨ ਹੋ ਗਿਆ। ਅਕਬਰ ਨੇ ਉੱਠ ਕੇ ਮੂਹੜਾ ਲਿਆਂਦਾ ਤੇ ਸੰਤ ਜੀ ਬੈਠ ਗਏ। ਚਾਰ ਚੁਫੇਰੇ ਨਜ਼ਰ ਮਾਰੀ ਪਰ ਉਮਰ ਹਯਾਤ ਖ਼ਾਨ ਕਿਧਰੇ ਨਜ਼ਰ ਨਾ ਆਇਆ। ਫਿਰ ਪੁੱਛਿਆ, "ਖ਼ਾਨ ਹੋਰੀਂ ਨਜ਼ਰੀਂ ਨਹੀਂ ਪਏ। ਉਹ ਕਿੱਥੇ ਗਏ ਨੇ ?"

"ਹੁਣੇ ਆ ਜਾਂਦੇ ਨੇ। ਸਾਰਾ ਦਿਨ ਬਾਹਰ ਹੀ ਨਹੀਂ ਨਿਕਲਦੇ। ਸਵੇਰੇ ਅਸੀਂ ਚਲੇ ਜਾਣਾ ਏ," ਇਸ ਲਈ ਸੱਜਣਾਂ, ਮਿੱਤਰਾਂ ਨੂੰ ਮਿਲਣ ਗਏ ਹੋਣਗੇ।" ਅਕਬਰ ਨੇ ਦੱਸਿਆ।

"ਕਿੱਥੇ ਜਾਣਾ ਜੇ ?" ਸੰਤ ਨੂੰ ਪਤਾ ਹੁੰਦਿਆਂ-ਸੁੰਦਿਆਂ ਫਿਰ ਵੀ ਜਾਣ-ਬੁਝ ਕੇ ਪੁੱਛਿਆ।

"ਪਿਸ਼ੌਰ ਜਾ ਰਹੇ ਹਾਂ।"

"ਕਿਉਂ ?"

"ਬਸ ਸਰਕਾਰ ਦੀ ਮਰਜ਼ੀ, ਹੁਕਮ ਆ ਗਿਆ ਏ ਕਿ ਪਿਸ਼ੌਰ ਪਹੁੰਚੋ।" ਅਜੇ ਇਹ ਵਾਕ ਅਕਬਰ ਦੇ ਮੂੰਹ ਵਿਚ ਹੀ ਸੀ ਕਿ ਉਮਰ ਹਯਾਤ ਖ਼ਾਨ ਵੀ ਆ ਗਿਆ। ਉਸ ਆਉਂਦਿਆਂ ਹੀ ਕਿਹਾ, "ਸੰਤ ਜੀ, ਤੁਹਾਨੂੰ ਅਸੀਂ ਕਹਿੰਦੇ ਸਾਂ ਕਿ ਇਥੋਂ ਨਾ ਜਾਣਾ ਪਰ ਹੁਣ ਅਸੀਂ ਆਪ ਹੀ ਟੁਰ ਚੱਲੇ ਜੇ। ਜਾਣ ਨੂੰ ਜੀ ਤਾਂ ਨਹੀਂ ਕਰਦਾ ਪਰ ਨੌਕਰੀ ਕੀ ਤੇ ਨਖ਼ਰਾ ਕੀ। ਸੱਚ ਪੁੱਛੋ ਤਾਂ ਮੇਰਾ ਵੱਢਿਆਂ ਰੂਹ ਨਹੀਂ ਕਰਦਾ ਨੌਕਰੀ ਕਰਨ ਨੂੰ, ਪਰ ਘਰ ਦੇ ਨਹੀਂ ਮੰਨਦੇ ਕਿ ਮੈਂ ਨੌਕਰੀ ਛੱਡ ਦਿਆਂ।"

"ਨਹੀਂ, ਨੌਕਰੀ ਨਹੀਂ ਛਡਣੀ ਚਾਹੀਦੀ। ਤੁਹਾਡਾ ਤਾਂ ਸਿਤਾਰਾ ਬੜਾ ਬੁਲੰਦ ਏ। ਜ਼ਰਾ ਮੇਰੇ ਵਲ ਵੇਖੋ ਨਾ, ਏਹ ਤੁਹਾਡੀ ਠੋਡੀ ਦਾ ਚਿੱਬ ਪੁਕਾਰ ਕੇ ਦੱਸ ਰਿਹਾ ਜੇ ਕਿ ਤੁਸੀਂ ਇਕ ਦਿਨ ਤਖ਼ਤ 'ਤੇ ਬਹਿਣੈ," ਸੰਤ ਜੀ ਨੇ ਇਹ ਕਹਿ ਕੇ ਉਮਰ ਹਯਾਤ ਖ਼ਾਨ ਨੂੰ ਖ਼ੁਸ਼ ਕਰ ਦਿਤਾ। ਉਸ ਨੇ ਖ਼ੁਸ਼ੀ ਨਾਲ ਉੱਛਲ ਕੇ ਸੰਤ ਜੀ ਦੀਆਂ ਲੱਤਾਂ ਘੁੱਟਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਪੁੱਛਿਆ, "ਰਾਜ ਕਿੱਥੇ ਕਰਨਾ ਏ, ਅਜੇ ਤਾਂ

ਪੈਰ ਪਿੱਛੇ ਪਿੱਛੇ ਜਾਂਦਾ ਏ।"

"ਨਿਰੇ ਭੋਲੇ ਓ ਤੁਸੀਂ," ਜੇ ਲੜਾਈ ਨਾ ਹਾਰਦੇ ਤਾਂ ਤੁਹਾਨੂੰ ਕਿਸ ਨੇ ਇਸ ਇਲਾਕੇ ਵਿਚੋਂ ਕੱਢਣਾ ਸੀ? ਸਾਰੀ ਉਮਰ ਇਥੇ ਹੀ ਲੜਦੇ ਮਰ ਜਾਣਾ ਸੀ। ਇਹ ਹਾਰ ਤਾਂ ਬਹਾਨਾ ਬਣਿਆ ਏ ਤੁਹਾਡੇ ਪਿਸ਼ੌਰ ਜਾਣ ਦਾ। ਹੁਣ ਉਥੇ ਦਰਬਾਰ ਵਿਚ ਰਹੋਗੇ। ਬੱਸ ਉਥੇ ਹੀ ਤੁਹਾਡਾ ਕਿਸੇ ਵੇਲੇ ਦਾਅ ਲੱਗ ਜਾਣਾ ਏ," ਸੰਤ ਜੀ ਨੇ ਇਕ ਵਾਰ ਤਾਂ ਉਹਦੀਆਂ ਅੱਖਾਂ ਸਾਹਮਣੇ ਦਰਬਾਰ ਦਾ ਨਕਸ਼ਾ ਲੈ ਆਂਦਾ। ਉਮਰ ਹਯਾਤ ਖ਼ਾਨ ਇਉਂ ਮਹਿਸੂਸ ਕਰਨ ਲੱਗ ਪਿਆ ਜਿਵੇਂ ਪਿਸ਼ੌਰ ਵਿਚ ਇਕ ਬਹੁਤ ਵੱਡਾ ਸ਼ਾਹੀ ਦਰਬਾਰ ਲੱਗਾ ਹੈ, ਜਿਸ ਵਿਚ ਝਿਲਮਿਲ ਝਿਲਮਿਲ ਕਰਦੇ ਕੱਪੜੇ ਪਾਈ ਦਰਬਾਰੀ ਖੜੇ ਹਨ ਤੇ ਇਕ ਪਾਸੇ ਤਖ਼ਤ ਵਾਂਗ ਬਣੇ ਇਕ ਮੂਹੜੇ 'ਤੇ ਉਹ ਬੈਠਾ ਹੈ। ਵੱਡੇ ਵੱਡੇ ਸਰਦਾਰ ਤੇ ਨਵਾਬ ਆ ਕੇ ਉਸ ਅੱਗੇ ਸਿਰ ਝੁਕਾਂਦੇ ਹਨ। ਸੰਤ ਜੀ ਨੇ ਉਹਦੀਆਂ ਬੰਦ ਅੱਖਾਂ ਤੋਂ ਇਹ ਅਨੁਮਾਨ ਲਾ ਲਿਆ ਕਿ ਇਹ ਇਸ ਵੇਲੇ ਕਿਨ੍ਹਾਂ ਹੁਲਾਰਿਆਂ ਵਿਚ ਹੈ। ਉਹਨਾਂ ਉਹਨੂੰ ਮੋਢੇ ਤੋਂ ਫੜ ਕੇ ਝੰਜੋੜਿਆ ਤੇ ਪੁੱਛਿਆ, "ਕੀ ਗੱਲ ਏ ਖ਼ਾਨ ਸਾਹਿਬ, ਨੀਂਦਰ ਆ ਗਈ ਏ?"

"ਨੀਂਦਰ ਤਾਂ ਨਹੀਂ ਆਈ, ਮੈਂ ਤਾਂ ਸੋਚਦਾ ਪਿਆ ਸਾਂ ਕਿ ਕੀ ਸੱਚਮੁੱਚ ਪਿਸ਼ੌਰ ਜਾਣਾ ਮੇਰੇ ਲਈ ਲਾਹੇਵੰਦ ਏ।"

"ਹਾਂ ਫਾਇਦੇਮੰਦ ਏ," ਸੰਤ ਜੀ ਨੇ ਕਿਹਾ।

"ਜੇ ਐਨਾ ਬੁੱਝ ਲਿਆ ਜੇ ਤਾਂ ਇਹ ਵੀ ਦੱਸ ਦਿਓ ਕਿ ਰਾਜ ਕਦ ਤਕ ਮਿਲੇਗਾ?" ਉਮਰ ਹਯਾਤ ਖ਼ਾਨ ਨੇ ਤਰਲੇ ਨਾਲ ਬੜੀ ਉਤਸੁਕਤਾ ਭਰਪੂਰ ਢੰਗ ਵਿਚ ਕਿਹਾ।

"ਇਹ ਮੈਂ ਅਜੇ ਨਹੀਂ ਦੱਸ ਸਕਦਾ। ਹੋ ਸਕਦਾ ਏ ਕਿ ਦਰਬਾਰ ਵਿਚ ਤੁਹਾਡੇ ਨਾਲੋਂ ਵੱਧ ਕੋਈ ਖ਼ੁਸ਼ਕਿਸਮਤ ਬੈਠਾ ਹੋਵੇ। ਇਹ ਤਾਂ ਮੁਖੀ ਦਰਬਾਰੀਆਂ ਨੂੰ ਵੇਖਣ ਪਿੱਛੋਂ ਹੀ ਅਨੁਮਾਨ ਲਾਇਆ ਜਾ ਸਕਦਾ ਏ ਕਿ ਤੁਹਾਡੇ ਤੋਂ ਪਹਿਲਾਂ ਤਾਂ ਕਿਸੇ ਦੀ ਵਾਰੀ ਨਹੀਂ। ਮੈਂ ਅਜੇ ਤੁਹਾਡੇ ਪਿਸ਼ੌਰ ਦੇ ਹਾਕਮ ਨੂੰ ਵੀ ਨਹੀਂ ਜਾਣਦਾ, ਪਹਿਲਾਂ ਤਾਂ ਉਹਨੂੰ ਵੇਖ ਕੇ ਇਹ ਦੱਸਣਾ ਪਏਗਾ ਕਿ ਉਹਨੇ ਕਿਤਨੀ ਦੇਰ ਰਾਜ ਕਰਨਾ ਹੈ। ਬੰਦੇ ਦੀ ਕਿਸਮਤ ਮੱਥੇ 'ਤੇ ਲਿਖੀ ਹੁੰਦੀ ਏ। ਇਸ ਲਈ ਜਦ ਤਕ ਉਹਨਾਂ ਨੂੰ ਨਾ ਵੇਖ ਲਵਾਂ ਮੈਂ ਅੰਦਾਜ਼ਾ ਨਹੀਂ ਲਾ ਸਕਦਾ। ਹਾਂ, ਜੇ ਉਹਨਾਂ ਨੂੰ ਮਿਲਾ ਦਿਓ ਤਾਂ ਮੈਂ ਤੁਹਾਨੂੰ ਠੀਕ ਤਰੀਕ ਤੇ ਸਮਾਂ ਦੱਸ ਸਕਦਾ ਹਾਂ," ਸੰਤ ਜੀ ਨੇ ਕਿਹਾ।

"ਇਹ ਤਾਂ ਗੱਲ ਹੀ ਸਿੱਧੀ ਹੈ, ਮੈਂ ਪਿਸ਼ੌਰ ਜਾਂਦਿਆਂ ਹੀ ਤੁਹਾਡਾ ਚਰਚਾ ਛੇੜ ਦੇਣਾ ਏ। ਫੇਰ ਅਸੀਂ ਤੁਹਾਨੂੰ ਉਥੇ ਹੀ ਬੁਲਾ ਲੈਣਾ ਏ। ਜੇ ਹੋ ਸਕਿਆ ਤਾਂ ਮੈਂ ਹੋਰ

ਵੀ ਕਈ ਕੁਝ ਕਰਾਂਗਾ। ਜੇ ਤੁਸੀਂ ਚਾਹੋ ਤਾਂ ਸ਼ਾਹੀ ਨਜੂਮੀ ਦੀ ਪਦਵੀ ਮਿਲ ਸਕਦੀ ਏ," ਉਮਰ ਹਯਾਤ ਖ਼ਾਨ ਨੇ ਸੋਚ ਕੇ ਕਿਹਾ।

"ਨਹੀਂ, ਮੈਂ ਨੌਕਰੀ ਨਹੀਂ ਕਰਨੀ। ਜੇ ਘਰੇਲੂ ਜੀਵਨ ਹੀ ਜਿਉਣਾ ਹੁੰਦਾ ਤਾਂ ਮੈਂ ਘਰ-ਬਾਰ ਕਿਉਂ ਛੱਡਦਾ?" ਸੰਤ ਜੀ ਨੇ ਜਵਾਬ ਦੇ ਦਿੱਤਾ।

ਮਿੰਟ ਕੁ ਸੋਚਣ ਪਿਛੋਂ ਉਮਰ ਹਯਾਤ ਖ਼ਾਨ ਨੇ ਕਿਹਾ, "ਚਲੋ ਨੌਕਰੀ ਨਾ ਕਰਿਆ ਜੇ। ਉਂਝ ਸੱਦਣ 'ਤੇ ਇਕ ਵਾਰ ਤਾਂ ਦਰਬਾਰ ਵਿਚ ਆ ਜਾਓਗੇ," ਉਮਰ ਹਯਾਤ ਖ਼ਾਨ ਨੇ ਪੁੱਛਿਆ।

"ਕਿਉਂ ਨਹੀਂ, ਉਂਝ ਤਾਂ ਮੈਂ ਕਈ ਵਾਰ ਆਉਣ ਨੂੰ ਤਿਆਰ ਹਾਂ। ਇਉਂ ਸਤਿਕਾਰ ਨਾਲ ਕਦੀ ਕਦੀ ਜਾਵਾਂਗੇ। ਨੌਕਰ ਆਦਮੀ ਦੀ ਵੀ ਕੋਈ ਜ਼ਿੰਦਗੀ ਏ। ਸਾਡਾ ਤਾਂ ਮੌਜ ਦਾ ਮੇਲਾ ਹੈ। ਅਸੀਂ ਇਕ ਥਾਂ ਕੋਈ ਬੱਝ ਕੇ ਰਹਿਣਾ ਏ। ਸੰਸਾਰ ਯਾਤਰਾ ਕਰਦੇ ਪਤਾ ਨਹੀਂ ਕਿੱਥੇ ਪਹੁੰਚ ਜਾਣਾ ਏ," ਸੰਤ ਨੇ ਕਿਹਾ।

"ਚਲੋ ਮੁੱਕੀ ਗੱਲ। ਮੈਂ ਮੰਨ ਲਿਆ ਕਿ ਤੁਸੀਂ ਠੀਕ ਕਹਿੰਦੇ ਹੋ। ਅਸੀਂ ਤਾਂ ਸਵੇਰੇ ਹੀ ਚਲੇ ਜਾਣਾ ਹੈ। ਤੁਸੀਂ ਕਦ ਤਕ ਪਿਸ਼ੌਰ ਆਓਗੇ?" ਉਮਰ ਹਯਾਤ ਖ਼ਾਨ ਨੇ ਪੁੱਛਿਆ।

"ਤੁਸੀਂ ਤਾਂ ਚਲੋ, ਮੈਂ ਕੁਝ ਦਿਨਾਂ ਤਕ ਆ ਜਾਵਾਂਗਾ।"

"ਕੀ ਮੈਂ ਅੰਦਰ ਆ ਸਕਦਾ ਹਾਂ?" ਇਕ ਸ਼ਮਲੇ ਵਾਲੇ ਉੱਚੇ ਕੱਦ ਦੇ ਪਠਾਣ ਨੇ ਤੰਬੂ ਦੇ ਬਾਹਰ ਦਰਵਾਜ਼ੇ 'ਤੇ ਖੜੇ ਹੋ ਕੇ ਪੁੱਛਿਆ।

"ਕਿਉਂ ਨਹੀਂ, ਲੰਘ ਆ ਬੈਰਮ ਖ਼ਾਂ। ਉਮਰ ਹਯਾਤ ਖ਼ਾਨ ਨੇ ਕਿਹਾ ਅਤੇ ਬੈਰਮ ਖ਼ਾਂ ਅੰਦਰ ਆ ਗਿਆ।

ਇਹ ਬੈਰਮ ਖ਼ਾਂ ਪਿਸ਼ੌਰ ਦੇ ਹਾਕਮ ਵੱਲੋਂ ਭੇਜਿਆ ਹੋਇਆ ਵੱਡਾ ਸੂਹੀਆ ਸੀ, ਜਿਸ ਦੀ ਅਗਵਾਈ ਹੇਠ ਬਾਕੀ ਸਾਰੇ ਸੂਹੀਏ ਕੰਮ ਕਰਦੇ ਸਨ। ਇਹਨੂੰ ਇਹ ਪਤਾ ਲੱਗ ਗਿਆ ਸੀ ਕਿ ਖ਼ਾਲਸਾ ਫ਼ੌਜ ਨੂੰ ਇਹਨਾਂ ਦੀਆਂ ਜੰਗੀ ਤਿਆਰੀਆਂ ਦੇ ਸਾਰੇ ਭੇਦ ਮਿਲ ਰਹੇ ਹਨ। ਇਸੇ ਲਈ ਸਿੰਘਾਂ ਨਾਲ ਪਹਿਲੀ ਟੱਕਰ ਵਿਚ ਹਾਰ ਹੋ ਗਈ ਏ। ਇਸ ਨੇ ਸਾਰੇ ਪਠਾਣੀ ਇਲਾਕੇ ਵਿਚ ਬੰਦੇ ਭੇਜ ਕੇ ਪੰਜਾਬੀਆਂ ਦਾ ਪਤਾ ਕੀਤਾ। ਹਰ ਇਕ ਪੰਜਾਬੀ ਦੀ ਨਿਗਰਾਨੀ ਕੀਤੀ ਜਾਣ ਲੱਗੀ। ਜਿਹੜਾ ਪਠਾਣ ਕਿਸੇ ਪੰਜਾਬੀ ਨੂੰ ਵਧੇਰੇ ਮਿਲਦਾ, ਇਹ ਉਸ 'ਤੇ ਵੀ ਪਹਿਰਾ ਲਾ ਦੇਂਦੇ। ਸੌ ਤੋਂ ਵੱਧ ਆਦਮੀ ਇਹਦੀ ਅਗਵਾਈ ਵਿਚ ਕੰਮ ਕਰ ਰਹੇ ਸਨ।

ਉਹਨੂੰ ਸੰਤ ਦੇ ਡੇਰੇ 'ਤੇ ਵੀ ਸ਼ੱਕ ਸੀ। ਕਿਉਂਕਿ ਸੰਤ ਆਪ ਤੇ ਉਹਦੇ ਦੋਵੇਂ-ਤਿੰਨੇ ਚੇਲੇ ਪੰਜਾਬੀ ਸਨ, ਪਰ ਕਿਉਂਕਿ ਸੰਤ ਦਾ ਉਮਰ ਹਯਾਤ ਖ਼ਾਨ ਵੱਲ ਆਉਣ-ਜਾਣ

ਸੀ ਇਸ ਲਈ ਬੈਰਮ ਖ਼ਾਂ ਨੂੰ ਹੀਆ ਨਾ ਪਿਆ ਕਿ ਸਿੱਧਾ ਜਾ ਕੇ ਸੰਤ ਦੀ ਕੁਟੀਆ ਦੀ ਤਲਾਸ਼ੀ ਲਏ ਜਾਂ ਉਹਨੂੰ ਗ੍ਰਿਫ਼ਤਾਰ ਕਰ ਲਏ। ਅੱਜ ਉਹ ਇਸੇ ਸੰਬੰਧ ਵਿਚ ਉਮਰ ਹਯਾਤ ਖ਼ਾਨ ਨਾਲ ਗੱਲ-ਬਾਤ ਕਰਨ ਆਇਆ ਸੀ। ਅੱਗੇ ਸੰਤ ਨੂੰ ਬੈਠਿਆਂ ਵੇਖ ਕੇ ਉਹ ਝਕ ਗਿਆ।

ਸੰਤ ਉਹਨੂੰ ਜਾਣਦਾ ਸੀ। ਭਾਵੇਂ ਦੋਹਾਂ ਦੀ ਪਹਿਲੇ ਗੱਲ-ਬਾਤ ਨਹੀਂ ਸੀ ਹੋਈ ਪਰ ਸੰਤ ਨੇ ਉਹਨੂੰ ਇਕ ਥਾਂ 'ਤੇ ਵੇਖਿਆ ਹੋਇਆ ਸੀ ਅਤੇ ਉਹਨੂੰ ਪਤਾ ਸੀ ਕਿ ਉਹ ਕੀ ਕੰਮ ਕਰਦਾ ਹੈ। ਸੰਤ ਨੇ ਗਹੁ ਨਾਲ ਉਹਦੇ ਚਿਹਰੇ ਵੱਲ ਵੇਖਿਆ ਤੇ ਇਹ ਜਾਣਨ ਦਾ ਯਤਨ ਕੀਤਾ ਕਿ ਉਹ ਕਾਹਦੇ ਲਈ ਇਥੇ ਆਇਆ ਹੈ।

"ਮੇਰੀ ਜ਼ਰਾ ਵੱਖਰੇ ਹੋ ਕੇ ਗੱਲ ਸੁਣੋਗੇ ?" ਉਮਰ ਹਯਾਤ ਖ਼ਾਨ ਵੱਲ ਇਸ਼ਾਰਾ ਕਰ ਕੇ ਬੈਰਮ ਖ਼ਾਂ ਨੇ ਕਿਹਾ। ਖ਼ਾਨ ਉਠ ਖਲੋਤਾ ਤੇ ਦੋਵੇਂ ਬਾਹਰ ਚਲੇ ਗਏ।

"ਇਹ ਕੌਣ ਸੀ ?" ਸੰਤ ਨੇ ਅਕਬਰ ਨੂੰ ਪੁੱਛਿਆ।

"ਸਰਕਾਰ ਦਾ ਜਸੂਸ ਏ," ਅਕਬਰ ਬੋਲਿਆ।

"ਇਹ ਤੁਹਾਡੇ ਬਾਰੇ ਜਾਸੂਸੀ ਕਰਦਾ ਏ ਜਾਂ ਤੁਹਾਡੇ ਵੱਲੋਂ ਕਿਸੇ ਹੋਰ ਦੀ ਕਰਦਾ ਏ ?" ਸੰਤ ਜੀ ਨੇ ਇਕ ਹੋਰ ਸਵਾਲ ਕੀਤਾ।

"ਇਹ ਸਾਰਿਆਂ ਦੀ ਜਾਸੂਸੀ ਕਰਦਾ ਏ। ਸਾਡੀਆਂ ਕਾਰਵਾਈਆਂ ਬਾਰੇ ਵੀ ਇਹ ਪਿਸ਼ੌਰ ਇਤਲਾਹ ਭੇਜਦਾ ਰਹਿੰਦਾ ਏ। ਪਰ ਅੱਜ-ਕੱਲ੍ਹ ਤਾਂ ਖ਼ਾਸ ਤੌਰ 'ਤੇ ਸਿੱਖਾਂ ਦੀਆਂ ਸਰਗਰਮੀਆਂ ਵੇਖਦਾ ਰਹਿੰਦਾ ਏ," ਅਕਬਰ ਖ਼ਾਂ ਨੇ ਕਿਹਾ, "ਇਹਨੂੰ ਵਹਿਮ ਹੋ ਗਿਆ ਏ ਕਿ ਸਿੱਖਾਂ ਦੇ ਬੜੇ ਜਾਸੂਸ ਸਾਡੇ ਇਲਾਕੇ ਵਿਚ ਫਿਰ ਰਹੇ ਨੇ। ਬੱਸ ਹਰ ਵੇਲੇ ਉਹਨਾਂ ਨੂੰ ਲੱਭਣ ਵਿਚ ਲੱਗਾ ਰਹਿੰਦਾ ਏ। ਹੁਣ ਵੀ ਇਹ ਇਸੇ ਬਾਰੇ ਗੱਲ ਕਰਨ ਆਇਆ ਹੋਣਾ ਏਂ।"

"ਬੜਾ ਭੁੱਲਾ ਏ ਤਾਂ! ਸਿੱਖ ਇਥੇ ਕਿਵੇਂ ਫਿਰ ਸਕਦੇ ਹਨ ?" ਸੰਤ ਨੇ ਚਿਹਰੇ 'ਤੇ ਕੁਝ ਹੈਰਾਨੀ ਜਿਹੀ ਲਿਆਉਂਦਿਆਂ ਕਿਹਾ।

"ਇਹ ਜਦੋਂ ਵੀ ਮਿਲਦਾ ਏ ਬੱਸ ਇਕੋ ਹੀ ਰੋਣਾ ਰੋਂਦਾ ਏ ਕਿ ਸਿੱਖਾਂ ਨੂੰ ਸਾਡੀ ਹਰ ਗੱਲ ਦਾ ਪਤਾ ਲੱਗ ਰਿਹਾ ਹੈ। ਪਿਛਲੀ ਲੜਾਈ ਵਿਚ ਸਿੱਖਾਂ ਦੀਆਂ ਫ਼ੌਜਾਂ ਨੂੰ ਪਹਿਲੇ ਹੀ ਪਤਾ ਸੀ ਕਿ ਅਸੀਂ ਕਿੰਨੇ ਲੜ ਰਹੇ ਹਾਂ ਤੇ ਸਾਡਾ ਕੀ ਪ੍ਰੋਗਰਾਮ ਹੈ।" ਅਕਬਰ ਨੇ ਦੱਸਿਆ।

"ਇਹ ਤਾਂ ਐਵੇਂ ਵਹਿਮ ਹੈ, ਸਿਖ ਇਤਨੇ ਜੋਗੇ ਨਹੀਂ। ਨਾਲੇ ਪਿਛਲੀ ਹਾਰ ਤਾਂ ਕਰਮਾਂ ਦੀ ਖੇਡ ਸੀ। ਉਦੋਂ ਤੁਹਾਡੇ ਭਾਗਾਂ ਵਿਚ ਹੈ ਈ ਹਾਰ ਸੀ, ਇਸ ਵਿਚ ਜਾਸੂਸ ਵਿਚਾਰੇ ਕੀ ਕਰ ਸਕਦੇ ਸਨ," ਸੰਤ ਨੇ ਕਿਹਾ।

ਕੈਂਪ ਦੇ ਬਾਹਰਵਾਰ ਹੌਲੀ ਹੌਲੀ ਗੱਲਾਂ ਕਰਨ ਦੀ ਅਵਾਜ਼ ਆਈ, ਸੰਤ ਚੁੱਪ ਕਰ ਗਿਆ ਅਤੇ ਉਸ ਨੇ ਆਪਣਾ ਸਾਰਾ ਧਿਆਨ ਲਾ ਕੇ ਬਾਹਰ ਹੋ ਰਹੀ ਗੱਲ-ਬਾਤ ਸੁਣਨ ਦਾ ਯਤਨ ਕੀਤਾ। ਉਹਨੂੰ ਸਾਰੀ ਗੱਲ ਤਾਂ ਪਤਾ ਨਾ ਲੱਗੀ, ਬੱਸ ਏਨਾ ਹੀ ਸੁਣਾਈ ਦਿੱਤਾ, "ਸੰਤ ਅਜਿਹਾ ਨਹੀਂ ਕਰ ਸਕਦਾ, ਬੇਸ਼ੱਕ ਫੜ ਕੇ ਵੇਖ ਲਓ," ਉਮਰ ਹਯਾਤ ਖ਼ਾਨ ਕਹਿ ਰਿਹਾ ਸੀ।

ਸੰਤ ਨੂੰ ਇਸ ਬਾਰੇ ਘਬਰਾਹਟ ਮਹਿਸੂਸ ਹੋਈ। ਪਰ ਉਹ ਘਬਰਾਹਟ ਨੂੰ ਛੁਪਾ ਗਿਆ ਤੇ ਨਾਲ ਬੈਠੇ ਅਕਬਰ ਨੂੰ ਆਪਣੀ ਹਾਲਤ ਦਾ ਅਨੁਮਾਨ ਨਾ ਲਾਉਣ ਦਿੱਤਾ। ਬਸ਼ੀਰਾਂ ਵੀ ਅੰਦਰੋਂ ਆ ਗਈ ਤੇ ਸੰਤ ਨੇ ਮੁਸਕਰਾਂਦਿਆਂ ਉਸਨੂੰ ਪੁੱਛਿਆ, "ਹੁਣ ਤਾਂ ਖ਼ੁਸ਼ ਏਂ ਨਾ ਬਸ਼ੀਰਾਂ, ਰੋਜ਼ ਕਹਿੰਦੀ ਹੁੰਦੀ ਸੈਂ, ਕਦੋਂ ਤੰਬੂਆਂ ਤੋਂ ਸਾਡੀ ਜਾਨ ਛੁੱਟੇਗੀ।"

"ਅਗੇ ਕਹਿੰਦੀ ਹੁੰਦੀ ਸਾਂ ਪਰ ਅੱਜ ਤਾਂ ਨਹੀਂ ਕਹਿ ਰਹੀ," ਬਸ਼ੀਰਾਂ ਨੇ ਕਿਹਾ, "ਹੁਣ ਤਾਂ ਇਥੋਂ ਜਾਂਦਿਆਂ ਦਿਲ ਖੁਸਦਾ ਪਿਆ ਏ। ਪਤਾ ਨਹੀਂ ਇਸ ਥਾਂ ਨਾਲ ਕਿਉਂ ਪਿਆਰ ਪੈ ਗਿਆ ਏ, ਇਹ ਥਾਂ ਛਡਦਿਆਂ ਦੁੱਖ ਹੋ ਰਿਹਾ ਏ।"

"ਇੰਜ ਹੀ ਹੁੰਦਾ ਏ ਜਿੱਥੇ ਬੰਦਾ ਚਾਰ ਦਿਨ ਰਹੇ ਉਸ ਥਾਂ ਨਾਲ ਖ਼ਾਸ ਸਨੇਹ ਹੋ ਜਾਂਦਾ ਏ। ਧਰਤੀ, ਕੰਧਾਂ ਤੇ ਰੁੱਖਾਂ ਨਾਲ ਵੀ ਬੰਦੇ ਦਾ ਪਿਆਰ ਜਾਗ ਪੈਂਦਾ ਏ। ਚੰਗਾ ਕਾਫ਼ੀ ਰਾਤ ਹੋ ਗਈ ਏ ਮੈਂ ਚਲਦਾ ਹਾਂ।" ਸੰਤ ਜੀ ਨੇ ਕਿਹਾ ਤੇ ਉੱਠ ਕੇ ਟੁਰ ਪਏ।

"ਅੱਬਾ ਜਾਨ ਨੂੰ ਤਾਂ ਆ ਲੈਣ ਦਿਓ," ਅਕਬਰ ਨੇ ਕਿਹਾ।

"ਨਹੀਂ ਉਹ ਕੁਝ ਜ਼ਰੂਰੀ ਗੱਲਾਂ ਵਿਚ ਰੁੱਝੇ ਹੋਏ ਨੇ, ਇਸ ਲਈ ਬੁਲਾਉਣ ਦੀ ਲੋੜ ਨਹੀਂ। ਮੈਂ ਪਹਿਲਾਂ ਮਿਲ ਲਿਆ ਏ। ਬਾਕੀ ਤੁਸੀਂ ਪਿਸ਼ੌਰ ਚੱਲੋ ਮੈਂ ਉਥੇ ਤੁਹਾਨੂੰ ਮਿਲਾਂਗਾ," ਇਹ ਕਹਿ ਕੇ ਸੰਤ ਹੋਰੀਂ ਤੰਬੂ ਵਿਚੋਂ ਬਾਹਰ ਆ ਗਏ ਤੇ ਜਿਸ ਪਾਸੇ ਉਮਰ ਹਯਾਤ ਖ਼ਾਨ ਹੋਰੀਂ ਖਲੋਤੇ ਗੱਲਾਂ ਕਰ ਰਹੇ ਸਨ, ਉਸ ਪਾਸੇ ਵੱਲ ਨਾ ਗਏ। ਹਾਲਾਂਕਿ ਸੰਤ ਨੂੰ ਆਪਣੀ ਕੁਟੀਆ ਵੱਲ ਜਾਣ ਲਈ ਇਹੋ ਰਾਹ ਸੀ। ਦਰਵਾਜ਼ੇ ਤਕ ਬਸ਼ੀਰਾਂ ਤੇ ਅਕਬਰ ਬਾਹਰ ਵਿਦਾ ਕਰਨ ਆਏ ਪਰ ਸੰਤ ਨੇ ਉਨ੍ਹਾਂ ਨੂੰ ਛੇਤੀ ਵਾਪਸ ਭੇਜ ਦਿਤਾ।

ਜਦ ਸੰਤ ਤੇਜ਼ ਕਦਮ ਪੁਟਦਾ ਫ਼ੌਜੀ ਕੈਂਪ ਲੰਘ ਗਿਆ ਤਾਂ ਉਸ ਪੈਰੀਂ ਪਾਈਆਂ ਲੱਕੜ ਦੀਆਂ ਦੋਵੇਂ ਖੜਾਵਾਂ ਲਾਹ ਲਈਆਂ। ਲੱਕ ਉਸ ਦੇ ਕਛਹਿਰਾ ਸੀ ਜਿਸ ਉਤੇ ਸਾਧੂਆਂ ਵਾਲੀ ਗੇਰੂ ਰੰਗ ਦੀ ਧੋਤੀ ਬੰਨ੍ਹੀ ਹੋਈ ਸੀ। ਉਹ ਧੋਤੀ ਵੀ ਲਾਹ ਕੇ ਮੋਢੇ 'ਤੇ ਧਰ ਲਈ ਤੇ ਦੌੜਨਾ ਸ਼ੁਰੂ ਕਰ ਦਿੱਤਾ। ਵਾਹੋ-ਦਾਹੀ ਕੁਟੀਆ ਵਿਚ ਪਹੁੰਚ ਕੇ ਆਪਣੇ ਚੇਲਿਆਂ ਨੂੰ ਇਕੱਠਾ ਕੀਤਾ। ਸਾਰੀਆਂ ਜ਼ਰੂਰੀ ਚੀਜ਼ਾਂ ਜਾਂ ਤਾਂ ਇਧਰ-ਉਧਰ ਸਾਂਭ

ਦਿੱਤੀਆਂ ਤੇ ਜਾਂ ਅੱਗ ਲਾ ਕੇ ਸਾੜ ਦਿੱਤੀਆਂ। ਇਹ ਸਾਰਾ ਕੁਝ ਕਰ ਕੇ ਸੰਤ ਨੇ ਗੇਰੂ ਰੰਗੇ ਕੱਪੜੇ ਲਾਹ ਕੇ ਹੋਰ ਪੁਸ਼ਾਕ ਪਾ ਲਈ। ਕੱਖਾਂ-ਕਾਨਿਆਂ ਵਿਚ ਧਰੀ ਆਪਣੀ ਬੰਦੂਕ ਕੱਢ ਲਈ ਤੇ ਉਸ ਵਿਚ ਬਾਰੂਦ ਭਰ ਲਿਆ। ਇਕ ਚੇਲੇ ਨੂੰ ਨਾਲ ਲੈ ਕੇ ਫਿਰ ਨੌਸ਼ਹਿਰੇ ਨੂੰ ਟੁਰ ਪਏ। ਅਜੇ ਉਹ ਫ਼ੌਜੀ ਕੈਂਪਾਂ ਦੇ ਨੇੜੇ ਪੁੱਜੇ ਹੀ ਸਨ ਕਿ ਅੱਗੋਂ ਘੋੜੇ ਦੇ ਪੈਰਾਂ ਦੀ ਅਵਾਜ਼ ਆਈ ਜਿਸ ਕਰਕੇ ਸੰਤ ਤੇ ਉਹਦਾ ਚੇਲਾ ਦੋਵੇਂ ਇਕ ਘਣੀ ਛਾਂ ਵਾਲੇ ਰੁੱਖ ਥੱਲੇ ਖੜੇ ਹੋ ਗਏ। ਉਥੇ ਰਾਤ ਨੂੰ ਰੁੱਖ ਦੀ ਛਾਵੇਂ ਬੰਦਾ ਖਲੋਤਾ ਨਜ਼ਰੀਂ ਨਹੀਂ ਪੈਂਦਾ ਸੀ। ਜਦ ਘੋੜੇ ਵਾਲਾ ਨੇੜੇ ਆਇਆ ਤਾਂ ਸੰਤ ਨੇ ਪਛਾਣ ਲਿਆ ਕਿ ਇਹ ਤਾਂ ਉਹੀ ਬੈਰਮ ਖ਼ਾਂ ਹੈ ਜਿਹੜਾ ਉਸ ਨੇ ਉਮਰ ਹਯਾਤ ਖ਼ਾਨ ਦੇ ਡੇਰੇ ਵੇਖਿਆ ਸੀ। ਸੰਤ ਨੇ ਨਾਲ ਦੇ ਬੰਦੇ ਨੂੰ ਇਸ਼ਾਰਾ ਕੀਤਾ ਤੇ ਐਨ ਜਿਸ ਵੇਲੇ ਬੈਰਮ ਖ਼ਾਂ ਦਾ ਘੋੜਾ ਰੁੱਖ ਦੇ ਕੋਲੋਂ ਲੰਘਣ ਲੱਗਾ ਤਾਂ ਸੰਤ ਦੇ ਚੇਲੇ ਨੇ ਝਪਟ ਕੇ ਉਹਦੀ ਵਾਗ ਫੜ ਲਈ। ਸੰਤ ਨੇ ਝਪਟ ਕੇ ਬੈਰਮ ਖ਼ਾਂ ਨੂੰ ਥੱਲੇ ਲਾਹ ਲਿਆ। ਇਹ ਹਮਲਾ ਇਤਨਾ ਅਚਨਚੇਤ ਤੇ ਤੇਜ਼ੀ ਨਾਲ ਹੋਇਆ ਕਿ ਬੈਰਮ ਖ਼ਾਂ ਸੰਭਲ ਵੀ ਨਾ ਸਕਿਆ। ਜਦ ਘੋੜੇ ਤੋਂ ਥੱਲੇ ਡਿਗ ਕੇ ਉਸ ਦੇਖਿਆ ਤਾਂ ਪਛਾਣ ਲਿਆ ਕਿ ਇਹ ਸੰਤ ਹੀ ਹੈ।

ਬੈਰਮ ਖ਼ਾਂ ਨੇ ਮੌਕਾ ਸੰਭਾਲਣ ਲਈ ਤੁਰੰਤ ਹੀ ਸੰਤ ਦੇ ਪੈਰ ਫੜ ਲਏ ਤੇ ਕਿਹਾ, "ਹਜ਼ੂਰ ਮੈਨੂੰ ਮਾਫ਼ ਕਰ ਦਿਓ। ਮੈਂ ਕੋਈ ਸੁਦਾਗਰ ਨਹੀਂ ਜਿਸ ਦੇ ਭੁਲੇਖੇ ਤੁਸੀਂ ਮੈਨੂੰ ਫੜ ਲਿਆ ਏ।"

"ਅਸੀਂ ਕਦੋਂ ਕਿਹਾ ਏ ਕਿ ਤੂੰ ਸੁਦਾਗਰ ਏਂ, ਅਸੀਂ ਜਾਣਦੇ ਹਾਂ ਕਿ ਤੂੰ ਬੈਰਮ ਖ਼ਾਂ ਏ ਤੇ ਹੁਣ ਕਿਸ ਪਾਸੇ ਜਾ ਰਿਹਾ ਏਂ, ਅਸੀਂ ਨਜੂਮ ਦੀ ਤਾਕਤ ਨਾਲ ਇਹ ਪਤਾ ਕਰ ਲਿਆ ਏ ਕਿ ਤੂੰ ਸਾਡੇ 'ਤੇ ਸ਼ੱਕ ਕਰ ਰਿਹਾ ਹੈਂ ਕਿ ਅਸੀਂ ਸਿੱਖਾਂ ਦੇ ਜਾਸੂਸ ਹਾਂ। ਹੁਣ ਕਿੱਧਰ ਜਾ ਰਿਹਾ ਸੈਂ ? ਸੱਚੋ-ਸੱਚ ਦੱਸ ਦੇ ਨਹੀਂ ਤਾਂ ਅਸੀਂ ਅੱਜ ਫਿਰ ਤੇਰਾ ਫਸਤਾ ਵੱਢ ਦਿਆਂਗੇ," ਸੰਤ ਨੇ ਗੁੱਸੇ ਨਾਲ ਕਿਹਾ। ਸੰਤ ਦੇ ਚੇਲੇ ਨੇ ਬੈਰਮ ਖ਼ਾਂ ਦੀ ਤਲਾਸ਼ੀ ਲਈ ਤਾਂ ਉਸ ਪਾਸੋਂ ਇਕ ਵੱਡੇ ਸਾਰੇ ਖੰਜਰ ਤੋਂ ਬਿਨਾਂ ਹੋਰ ਕੁਝ ਨਾ ਨਿਕਲਿਆ। ਇਸ ਲਈ ਉਹਨੂੰ ਖੁੱਲ੍ਹਾ ਛੱਡ ਦਿੱਤਾ ਤੇ ਸਾਹਮਣੇ ਬਿਠਾ ਕੇ ਸੰਤ ਨੇ ਫਿਰ ਪੁੱਛਿਆ, "ਦੱਸ ਤਾਂ ਸਹੀ ਹੁਣ ਕਿੱਧਰ ਚੱਲਿਆ ਸੈਂ!"

"ਤੁਹਾਡੇ ਡੇਰੇ ਹੀ ਜਾ ਰਿਹਾ ਸੀ," ਬੈਰਮ ਖ਼ਾਂ ਨੇ ਠੀਕ ਠੀਕ ਗੱਲ ਕਰ ਦਿੱਤੀ।

"ਚੱਲ ਫਿਰ ਤੈਨੂੰ ਅਸੀਂ ਆਪਣੇ ਡੇਰੇ ਲੈ ਚਲਦੇ ਹਾਂ। ਜੇ ਤੂੰ ਉਥੇ ਹੀ ਜਾਣਾ ਸੀ ਤਾਂ ਉਮਰ ਹਯਾਤ ਖ਼ਾਨ ਤੋਂ ਪੁੱਛਣ ਦੀ ਕੀ ਲੋੜ ਸੀ ?" ਸੰਤ ਨੇ ਕਿਹਾ ਤੇ ਬੈਰਮ ਖ਼ਾਂ ਨੂੰ ਲੈ ਕੇ ਉਹ ਡੇਰੇ ਨੂੰ ਟੁਰ ਪਏ। ਰਾਹ ਵਿਚ ਹੀ ਸੰਤ ਨੇ ਪੁੱਛਿਆ, "ਹੁਣ ਸਿੱਧਾ ਉਮਰ ਹਯਾਤ ਖ਼ਾਨ ਦੇ ਤੰਬੂ ਤੋਂ ਆ ਰਿਹਾ ਹੈਂ ਜਾਂ ਕਿਧਰੇ ਹੋਰ ਤੋਂ ?"

"ਸਿੱਧਾ ਉਥੋਂ ਹੀ ਆ ਰਿਹਾ ਹਾਂ," ਬੈਰਮ ਖ਼ਾਂ ਨੇ ਬੜੀ ਘਬਰਾਹਟ ਵਿਚ ਉੱਤਰ ਦਿੱਤਾ। ਉਹ ਸੋਚ ਰਿਹਾ ਸੀ ਕਿ ਜਦ ਬੰਦੇ ਦੀ ਮੌਤ ਆਈ ਹੋਵੇ ਤਾਂ ਉਹ ਕਿਵੇਂ ਗ਼ਲਤੀਆਂ ਕਰਨ ਲੱਗ ਪੈਂਦਾ ਹੈ। ਮੈਂ ਕਦੇ ਇਕੱਲਾ ਬਾਹਰ ਨਹੀਂ ਸਾਂ ਨਿਕਲਿਆ ਪਰ ਅੱਜ ਮੈਂ ਬੰਦੇ ਨਾਲ ਲੈਣ ਦੀ ਲੋੜ ਹੀ ਨਹੀਂ ਸਮਝੀ। ਉਸ ਨਿੱਕੀ ਜਿਹੀ ਗ਼ਲਤੀ ਨਾਲ ਅੱਜ ਹੀ ਦੁਸ਼ਮਣ ਦੇ ਕਾਬੂ ਆ ਗਿਆ ਹਾਂ। ਹੁਣ ਪਤਾ ਨਹੀਂ ਇਹ ਮੇਰੇ ਨਾਲ ਕੀ ਵਰਤਾਓ ਕਰਦੇ ਹਨ।

"ਸਾਡੇ ਡੇਰੇ ਕੀ ਕੰਮ ਸੀ?" ਸੰਤ ਨੇ ਪੁੱਛਿਆ।

"ਤੁਹਾਡੀ ਤਾਰੀਫ਼ ਬੜੀ ਸੁਣੀ ਸੀ, ਇਸ ਲਈ ਦਰਸ਼ਨ ਕਰਨ ਆ ਰਿਹਾ ਸਾਂ," ਬੈਰਮ ਖ਼ਾਂ ਨੇ ਬੜੀ ਚੁਸਤੀ ਨਾਲ ਉੱਤਰ ਦਿੱਤਾ।

"ਨਿਰੇ ਦਰਸ਼ਨ ਕਰਨ ਜਾਂ ਹੋਰ ਕਿਸੇ ਕੰਮ ਵੀ ਆਇਆ ਸੈਂ?" ਸੰਤ ਨੇ ਫਿਰ ਪੁੱਛਿਆ।

"ਸਿਰਫ਼ ਦਰਸ਼ਨ ਕਰਨ।"

"ਇਹ ਨਹੀਂ ਹੋ ਸਕਦਾ।"

"ਇਹ ਮੈਂ ਗ਼ਲਤ ਨਹੀਂ ਕਿਹਾ।"

"ਥੋੜ੍ਹਾ ਨਹੀਂ ਸਾਰਾ ਹੀ ਗ਼ਲਤ ਕਿਹਾ ਏ," ਸੰਤ ਨੇ ਕਿਹਾ, "ਅਸੀਂ ਜਾਣਦੇ ਹਾਂ ਕਿ ਤੂੰ ਸਰਕਾਰ ਦਾ ਸੂਹੀਆ ਏਂ, ਇਸ ਇਲਾਕੇ ਵਿਚੋਂ ਸਿੱਖਾਂ ਦਾ ਪਤਾ ਕਰ ਕੇ ਫੜ ਰਿਹਾ ਹੈਂ। ਸਾਨੂੰ ਵੀ ਅੱਜ ਫੜਨ ਲਈ ਹੀ ਆਇਆ ਸੈਂ।"

ਬੈਰਮ ਖ਼ਾਂ ਨੂੰ ਹੁਣ ਨਿਸਚਾ ਹੋ ਗਿਆ ਕਿ ਸੰਤ ਨੂੰ ਸਾਰੀ ਗੱਲ ਦਾ ਪਤਾ ਹੈ, ਇਸ ਲਈ ਇਸ ਤੋਂ ਹੁਣ ਕੁਝ ਛੁਪਾ ਕੇ ਨਹੀਂ ਰੱਖਿਆ ਜਾ ਸਕਦਾ। ਇਸ ਲਈ ਉਹਨੇ ਕਿਹਾ, "ਠੀਕ ਏ ਜੀ, ਤੁਸੀਂ ਸਭ ਕੁਝ ਕਿਸ ਤਰ੍ਹਾਂ ਜਾਣਦੇ ਹੋ?"

"ਅਸੀਂ ਵੀ ਤਾਂ ਆਖ਼ਰ ਉਹ ਕੰਮ ਕਰਦੇ ਹਾਂ ਜੋ ਤੂੰ ਕਰਦਾ ਏਂ। ਜੇ ਤੈਨੂੰ ਇਹ ਪਤਾ ਲੱਗ ਸਕਦਾ ਏ ਕਿ ਅਸੀਂ ਸਿੱਖਾਂ ਦੇ ਸੂਹੀਏ ਹਾਂ ਤਾਂ ਸਾਨੂੰ ਵੀ ਇਹ ਪਤਾ ਲੱਗ ਸਕਦਾ ਏ ਕਿ ਬੈਰਮ ਖ਼ਾਂ ਕੌਣ ਏ ਤੇ ਇਹ ਕਿਉਂ ਇਧਰ ਆ ਰਿਹਾ ਏ," ਸੰਤ ਨੇ ਹੁਣ ਗੱਲ ਸਾਫ਼ ਕਰ ਦਿੱਤੀ।

"ਕੀ ਮੈਂ ਤੁਹਾਡਾ ਨਾਂ ਪੁੱਛ ਸਕਦਾ ਹਾਂ?" ਬੈਰਮ ਖ਼ਾਂ ਨੇ ਕਿਹਾ।

"ਕਿਉਂ ਨਹੀਂ," ਸੰਤ ਨੇ ਕਿਹਾ, "ਮੇਰਾ ਨਾਂ ਭਾਗ ਸਿੰਘ ਏ।"

"ਹੈਂ, ਤੁਸੀਂ ਭਾਗ ਸਿੰਘ ਹੋ, ਹੱਦ ਹੋ ਗਈ ਤੁਸੀਂ ਆਪ ਇਸ ਇਲਾਕੇ ਵਿਚ ਸੰਤ ਦੇ ਭੇਸ ਵਿਚ ਫਿਰਦੇ ਪਏ ਹੋ। ਮੈਂ ਸੁਣਿਆ ਤਾਂ ਸੀ ਕਿ ਸਿੱਖਾਂ ਦੇ ਸੂਹੀਏ ਭਾਗ ਸਿੰਘ ਦੀ ਅਗਵਾਈ ਵਿਚ ਕੰਮ ਕਰ ਰਹੇ ਹਨ ਪਰ ਮੈਂ ਸਮਝਦਾ ਸਾਂ ਕਿ ਤੁਸੀਂ ਅਟਕ

ਦੇ ਕਿਲ੍ਹੇ ਵਿਚੋਂ ਹੀ ਹਦਾਇਤਾਂ ਦਿੰਦੇ ਹੋ," ਬੈਰਮ ਖ਼ਾਂ ਨੇ ਬੜੀ ਹੈਰਾਨੀ ਨਾਲ ਕਿਹਾ।

"ਅਸੀਂ ਆਪ ਮੈਦਾਨ ਵਿਚ ਕੰਮ ਕਰਨ ਵਿਚ ਵਿਸ਼ਵਾਸ ਰਖਦੇ ਹਾਂ। ਕਿਲ੍ਹਾ ਅਟਕ ਵਿਚ ਬੈਠ ਕੇ ਹਕੂਮਤ ਕਰਨ ਵਿਚ ਉਹ ਸਵਾਦ ਨਹੀਂ ਜੋ ਦਰਿਆ ਲੁੰਡੇ 'ਤੇ ਡੇਰਾ ਲਾ ਕੇ ਕੰਮ ਕਰਨ ਵਿਚ ਹੈ," ਭਾਗ ਸਿੰਘ ਨੇ ਕਿਹਾ।

"ਫਿਰ ਤਾਂ ਅਸੀਂ ਦੋਵੇਂ ਇਕੋ ਜਿਹੇ ਹੋਏ," ਬੈਰਮ ਖ਼ਾਂ ਨੇ ਇਹ ਗੱਲ ਚਿਹਰੇ 'ਤੇ ਬਣਾਉਟੀ ਹਾਸਾ ਲਿਆਉਂਦਿਆਂ ਕਹੀ। ਉਹਨੂੰ ਵਿਚੋਂ ਤਾਂ ਡੋਬੂ ਪੈ ਰਹੇ ਸਨ ਕਿ ਹੁਣ ਰੱਬ ਖ਼ੈਰ ਕਰੇ, ਇੱਥੋਂ ਬਚ ਕੇ ਨਿਕਲਣ ਲਈ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ।

ਗੱਲਾਂ ਕਰਦੇ ਭਾਗ ਸਿੰਘ ਹੋਰੀਂ ਕੁਟੀਆ ਪਹੁੰਚ ਗਏ। ਅੱਗੇ ਦੋਵੇਂ ਚੇਲੇ ਤਿਆਰ ਖੜੇ ਸਨ। ਜਾਂਦਿਆਂ ਹੀ ਸ: ਭਾਗ ਸਿੰਘ ਨੇ ਕਿਹਾ, "ਖ਼ਾਲਸਾ ਜੀ ਅੱਜ ਅਸੀਂ ਉਸ ਆਦਮੀ ਨੂੰ ਫੜ ਲਿਆ ਏ ਜੋ ਸਾਨੂੰ ਫੜਨ ਦੀ ਇੱਛਾ ਰਖਦਾ ਸੀ। ਇਹ ਜੇ ਬੈਰਮ ਖ਼ਾਂ ਜਿਸ ਦੀ ਅਗਵਾਈ ਵਿਚ ਪਿਸ਼ੌਰ ਸਰਕਾਰ ਦੇ ਸੂਹੀਏ ਕੰਮ ਕਰ ਰਹੇ ਹਨ।"

ਸਿੰਘਾਂ ਨੂੰ ਬੜੀ ਖ਼ੁਸ਼ੀ ਹੋਈ। ਸੂਹੀਆ ਘੱਟ ਹੀ ਕਾਬੂ ਆਉਂਦਾ ਹੈ। ਉਹ ਆਮ ਕਰ ਕੇ ਇਤਨਾ ਸੁਚੇਤ ਰਹਿੰਦਾ ਹੈ ਕਿ ਉਹਨੂੰ ਆਪਣੇ ਵਿਰੁੱਧ ਚੱਲ ਰਹੀ ਸਰਗਰਮੀ ਦਾ ਪਤਾ ਹੁੰਦਾ ਹੈ ਤੇ ਜੇ ਜ਼ਰਾ ਵੀ ਸ਼ੱਕ ਪਵੇ ਤਾਂ ਉਹ ਖਿਸਕ ਜਾਂਦਾ ਹੈ। ਇਹ ਪਹਿਲੀ ਵਾਰ ਸੀ ਕਿ ਸਿੰਘਾਂ ਨੇ ਕਿਸੇ ਸਰਕਾਰੀ ਸੂਹੀਏ ਨੂੰ ਕਾਬੂ ਕਰ ਲਿਆ ਹੈ ਤੇ ਫਿਰ ਸੂਹੀਆ ਵੀ ਛੋਟਾ ਨਹੀਂ, ਬੜੀ ਵੱਡੀ ਹਸਤੀ ਫੜੀ ਗਈ ਸੀ।

"ਇਹਨਾਂ ਦੀ ਕੀ ਸੇਵਾ ਕੀਤੀ ਜਾਏ ?" ਇਕ ਸਿੰਘ ਨੇ ਪੁੱਛਿਆ।

"ਮੈਨੂੰ ਜਾਣ ਦਿੱਤਾ ਜਾਏ," ਬੈਰਮ ਖ਼ਾਂ ਨੇ ਤਰਲੇ ਨਾਲ ਕਿਹਾ।

"ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੋ," ਭਾਗ ਸਿੰਘ ਤੁਰੰਤ ਬੋਲ ਪਿਆ, "ਮਸਾਂ ਮਸਾਂ ਕਿਧਰੇ ਤੁਹਾਡੇ ਦਰਸ਼ਨ ਹੋਏ ਹਨ ਤੇ ਹੁਣ ਅਸੀਂ ਜਾਣ ਦਿੰਦੇ ਹਾਂ। ਹੁਣ ਤਾਂ ਸਦਾ ਸਾਡੇ ਪਾਸ ਹੀ ਰਹੋਗੇ।"

ਬੈਰਮ ਖ਼ਾਂ ਦੇ ਮੱਥੇ 'ਤੇ ਤਰੇਲੀਆਂ ਆ ਗਈਆਂ। ਰੰਗ ਉੱਡ ਗਿਆ ਤੇ ਘਬਰਾਹਟ ਵਿਚ ਹੀ ਉਸ ਕਿਹਾ, "ਮੈਨੂੰ ਬਖ਼ਸ਼ ਦਿਓ।"

"ਇਹ ਕੰਮ ਮੇਰਾ ਨਹੀਂ," ਭਾਗ ਸਿੰਘ ਨੇ ਕਿਹਾ।

"ਹੋਰ ਕਿਸ ਦਾ ਏ ?" ਬੈਰਮ ਖ਼ਾਂ ਨੇ ਪੁੱਛਿਆ।

"ਵੱਡੀ ਸਰਕਾਰ ਦਾ ਏ," ਭਾਗ ਸਿੰਘ ਨੇ ਕਿਹਾ ਤੇ ਫਿਰ ਸਿੰਘਾਂ ਨੂੰ ਸੰਬੋਧਨ ਕਰ ਕੇ ਕਿਹਾ, "ਇਹਨੂੰ ਘੋੜੇ 'ਤੇ ਪਾ ਕੇ ਰਾਤੋ-ਰਾਤ ਅਟਕ ਦੇ ਕਿਲ੍ਹੇ ਵਿਚ ਪਹੁੰਚਾ ਦਿਓ। ਨਾਲ ਹੀ ਇਹਦੀ ਜ਼ਰਾ ਜਾਣ-ਪਛਾਣ ਵੀ ਕਰਵਾ ਦੇਣੀ। ਫਿਰ ਛੇਤੀ ਪਰਤ ਕੇ ਆਇਆ ਜੇ, ਮੈਂ ਤੁਹਾਡੀ ਇਥੇ ਹੀ ਉਡੀਕ ਕਰਾਂਗਾ।"

ਸਿੰਘਾਂ ਨੇ ਉਸੇ ਵੇਲੇ ਬੈਰਮ ਖ਼ਾਂ ਦੀਆਂ ਬਾਹਵਾਂ ਬੰਨ੍ਹੀਆਂ ਤੇ ਘੋੜੇ ਉਤੇ ਬਿਠਾ ਕੇ ਇਕ ਸਿੰਘ ਨਾਲ ਬੈਠ ਗਿਆ ਤੇ ਉਹਨੂੰ ਲੈ ਗਏ।

9

ਪਿਸ਼ਾਵਰ ਦੇ ਕਿਲ੍ਹੇ ਵਿਚ ਯਾਰ ਮੁਹੰਮਦ ਖ਼ਾਨ ਦੇ ਆਸ-ਪਾਸ ਬਹੁਤ ਸਾਰੇ ਆਦਮੀ ਬੈਠੇ ਸਨ। ਯਾਰ ਮੁਹੰਮਦ ਖ਼ਾਨ ਆਪ ਗੁੱਸੇ ਨਾਲ ਟਹਿਲ ਰਿਹਾ ਸੀ ਤੇ ਕੋਲ ਬੈਠੇ ਸਾਰੇ ਆਦਮੀਆਂ ਦੇ ਚਿਹਰੇ ਕੁਮਲਾਏ ਹੋਏ ਸਨ। ਜਿਵੇਂ ਉਹਨਾਂ ਨੂੰ ਝਾੜਾਂ ਪੈ ਕੇ ਹਟੀਆਂ ਹੋਣ। ਜਦੋਂ ਸਕੂਲ ਵਿਚ ਵਿਦਿਆਰਥੀਆਂ ਨੇ ਕੰਮ ਨਾ ਕੀਤਾ ਹੋਵੇ ਤਾਂ ਅਧਿਆਪਕ ਦੇ ਗੁੱਸੇ ਹੋਣ 'ਤੇ ਜਿਵੇਂ ਉਹਨਾਂ ਦੇ ਚਿਹਰੇ ਫੱਕ ਹੋਏ ਹੁੰਦੇ ਹਨ, ਇਹੀ ਹਾਲਤ ਇਹਨਾਂ ਸਾਰਿਆਂ ਦੀ ਸੀ।

ਗੁੱਸੇ ਵਿਚ ਦੋ-ਤਿੰਨ ਚੱਕਰ ਇਧਰ-ਉਧਰ ਕੱਢ ਕੇ ਯਾਰ ਮੁਹੰਮਦ ਖ਼ਾਨ ਹਾਕਮ ਪਿਸ਼ਾਵਰ ਨੇ ਕਿਹਾ, "ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਕਾਹਦੇ ਲਈ ਹੋ। ਤੁਹਾਨੂੰ ਹੁਣ ਤਕ ਪਤਾ ਨਹੀਂ ਲੱਗ ਸਕਿਆ ਕਿ ਸਿਖ ਸਾਡੇ ਇਲਾਕੇ ਵਿਚ ਕਿਵੇਂ ਜਾਸੂਸੀ ਕਰ ਰਹੇ ਹਨ। ਅਸੀਂ ਕੋਈ ਸਲਾਹ ਕਰੀਏ, ਤੁਰਤ ਉਹਦੀ ਖ਼ਬਰ ਅਟਕ ਪਹੁੰਚ ਜਾਂਦੀ ਏ। ਮੈਂ ਦੋ-ਚਾਰ ਆਦਮੀਆਂ ਨਾਲ ਗੱਲ ਕਰਾਂ ਤਾਂ ਉਹਦੀ ਇਤਲਾਹ ਪਹਿਲਾਂ ਰਣਜੀਤ ਸਿੰਘ ਨੂੰ ਪਹੁੰਚ ਜਾਂਦੀ ਏ। ਮੈਨੂੰ ਤਾਂ ਇਥੋਂ ਤਕ ਸ਼ਕ ਏ ਕਿ ਹੁਣ ਜਿਹੜੀਆਂ ਗੱਲਾਂ ਮੈਂ ਤੁਹਾਡੇ ਨਾਲ ਕਰ ਰਿਹਾ ਹਾਂ, ਇਹਦੀ ਖ਼ਬਰ ਵੀ ਸਿੱਖਾਂ ਨੂੰ ਪਹੁੰਚ ਜਾਵੇਗੀ। ਤੁਸੀਂ ਦੱਸੋ, ਇਸ ਵੇਲੇ ਇਥੇ ਕੋਈ ਬਾਹਰਲਾ ਆਦਮੀ ਨਹੀਂ, ਤੁਸੀਂ ਸਾਰੇ ਚੌਧਰੀ ਬੈਠੇ ਹੋ। ਜੇਕਰ ਤੁਹਾਡੇ ਨਾਲ ਕੋਈ ਗੱਲ ਵੀ ਛੁਪੀ ਨਹੀਂ ਰਹਿ ਸਕਦੀ ਤਾਂ ਮੈਂ ਕਿਸ ਨਾਲ ਸਲਾਹ ਕਰਾਂ। ਕੋਈ ਬਾਹਰਲਾ ਸੁਣਦਾ ਨਹੀਂ ਪਿਆ। ਇਸ ਤੋਂ ਸਾਫ਼ ਏ ਕਿ ਤੁਹਾਡੇ ਵਿਚੋਂ ਹੀ ਕੋਈ ਜਾਸੂਸ ਏ ਜਾਂ ਸਿੱਖਾਂ ਦੇ ਜਾਸੂਸ ਤੁਹਾਡੇ ਇਤਨੇ ਨੇੜੇ ਹੋ ਕੇ ਰਹਿ ਰਹੇ ਹਨ ਕਿ ਤੁਹਾਨੂੰ ਪਤਾ ਤਕ ਨਹੀਂ ਲੱਗਦਾ ਤੇ ਉਹ ਸਾਰੇ ਭੇਦ ਲੈ ਜਾਂਦੇ ਹਨ।"

"ਸਾਡੇ ਵਿਚੋਂ ਤਾਂ ਜਨਾਬ ਕੋਈ ਜਾਸੂਸ ਨਹੀਂ ਹੋ ਸਕਦਾ," ਇਕ ਨੇ ਦੂਜਿਆਂ ਦੇ ਚਿਹਰੇ 'ਤੇ ਇਕ ਨਜ਼ਰ ਮਾਰਦਿਆਂ ਕਿਹਾ, "ਸਾਨੂੰ ਤਾਂ ਸਾਰਿਆਂ ਨੂੰ ਕੁਰਾਨ 'ਤੇ ਹੱਥ ਰਖਾ ਕੇ ਸਹੁੰ ਚੁਕਾ ਲਓ, ਅਸੀਂ ਕਦੇ ਸਿੱਖਾਂ ਨਾਲ ਗੱਲ ਵੀ ਨਹੀਂ ਕੀਤੀ।"

"ਮੈਂ ਇਕੋ ਗੱਲ ਜਾਣਦਾ ਹਾਂ ਜਾਂ ਤਾਂ ਮੈਨੂੰ ਚੋਰ ਫੜਾ ਦਿਓ, ਨਹੀਂ ਤਾਂ ਮੇਰੀ

ਨਜ਼ਰ ਵਿਚ ਤੁਸੀਂ ਸਾਰੇ ਚੋਰ ਹੋ!" ਗੁੱਸੇ ਵਿਚ ਅੱਖਾਂ ਲਾਲ ਕਰ ਕੇ ਯਾਰ ਮੁਹੰਮਦ ਖ਼ਾਨ ਨੇ ਕਿਹਾ, "ਮੈਂ ਕਹਿੰਦਾ ਹਾਂ ਕਿ ਆਖ਼ਰ ਇਸ ਬੀਮਾਰੀ ਦਾ ਹੱਲ ਤਾਂ ਲੱਭਣਾ ਹੀ ਪਵੇਗਾ। ਜੇ ਅਸੀਂ ਸਿਖ ਜਾਸੂਸਾਂ ਨੂੰ ਫੜ ਨਹੀਂ ਸਕਦੇ ਤਾਂ ਸਾਨੂੰ ਰਾਜ ਕਰਨ ਦਾ ਕੋਈ ਹੱਕ ਨਹੀਂ ਤੇ ਨਾ ਹੀ ਸਾਨੂੰ ਫਿਰ ਕਿਸੇ ਰਾਜ ਕਰਨ ਦੇਣਾ ਹੈ। ਇਸ ਲਈ ਆਪਸ ਵਿਚ ਸਲਾਹ ਕਰ ਕੇ ਦੱਸੋ ਕਿ ਕੀ ਕੀਤਾ ਜਾਏ ?"

ਇਕ ਆਦਮੀ ਆਇਆ ਤੇ ਉਸ ਝੁਕ ਕੇ ਸਲਾਮ ਕਰ ਕੇ ਇਕ ਚਿੱਠੀ ਯਾਰ ਮੁਹੰਮਦ ਖ਼ਾਨ ਨੂੰ ਸਤਿਕਾਰ ਨਾਲ ਦਿੱਤੀ। ਯਾਰ ਮੁਹੰਮਦ ਖ਼ਾਨ ਉਸ ਚਿੱਠੀ ਨੂੰ ਪੜ੍ਹਨ ਲੱਗ ਪਿਆ ਤੇ ਬਾਕੀ ਸਾਰੇ ਗਹੁ ਨਾਲ ਉਹਦੇ ਚਿਹਰੇ ਵੱਲ ਦੇਖਣ ਲੱਗ ਪਏ। ਸਾਰੀ ਚਿੱਠੀ ਪੜ੍ਹ ਕੇ ਉਸ ਨੇ ਗੁੱਸੇ ਨਾਲ ਚਿੱਠੀ ਮੱਥੇ 'ਤੇ ਮਾਰਦਿਆਂ ਕਿਹਾ, "ਲਓ, ਹੋਰ ਪੁਆੜਾ ਪੈ ਗਿਆ ਜੇ!"

"ਕਿਉਂ ਕੀ ਹੋਇਆ ਏ ?" ਉਮਰ ਹਯਾਤ ਖ਼ਾਨ ਨੇ ਹੈਰਾਨੀ ਨਾਲ ਪੁੱਛਿਆ।

"ਬੈਰਮ ਖ਼ਾਂ ਗੁਆਚ ਗਿਆ ਏ," ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਹੈਂ! ਬੈਰਮ ਖ਼ਾਂ ਗੁਆਚ ਗਿਆ ਏ ?" ਬੜੀ ਹੈਰਾਨੀ ਨਾਲ ਇਕ ਮੁਖੀ ਨੇ ਪੁੱਛਿਆ।

"ਹੂੰ!" ਯਾਰ ਮੁਹੰਮਦ ਖ਼ਾਨ ਨੇ ਚਿੱਠੀ ਨੂੰ ਦੁਬਾਰਾ ਪੜ੍ਹਦਿਆਂ ਕਿਹਾ।

"ਜਿਸ ਦਿਨ ਮੈਂ ਆਇਆ ਸਾਂ, ਉਸ ਤੋਂ ਪਹਿਲੀ ਰਾਤ ਤਾਂ ਉਹ ਮੈਨੂੰ ਮਿਲਿਆ ਸੀ," ਉਮਰ ਹਯਾਤ ਖ਼ਾਨ ਨੇ ਕਿਹਾ।

"ਬੈਰਮ ਖ਼ਾਂ ਤਾਂ ਸਾਰਿਆਂ ਨੂੰ ਭੁੱਲੀ ਪਾ ਕੇ ਆਉਣ ਵਾਲਾ ਏ, ਉਹ ਕਿਸ ਤਰ੍ਹਾਂ ਗੁੰਮ ਸਕਦਾ ਏ," ਇਕ ਹੋਰ ਪਠਾਣ ਸਰਦਾਰ ਬੋਲਿਆ, "ਉਹ ਕਿਧਰੇ ਦੂਰ ਲੰਘ ਗਿਆ ਹੋਵੇਗਾ, ਆ ਜਾਏਗਾ ਕੱਲ੍ਹ ਤਕ।"

"ਨਹੀਂ, ਉਹਨੂੰ ਲਾ-ਪਤਾ ਹੋਇਆਂ ਅੱਜ ਹਫ਼ਤਾ ਹੋ ਗਿਆ ਏ," ਯਾਰ ਮੁਹੰਮਦ ਖ਼ਾਨ ਨੇ ਕਿਹਾ, "ਉਹ ਜਦੋਂ ਵੀ ਕਿਧਰੇ ਬਾਹਰ ਜਾਏ ਤਾਂ ਦੱਸ ਕੇ ਜਾਂਦਾ ਏ। ਨੌਸ਼ਹਿਰੇ ਤੋਂ ਇਤਲਾਹ ਆਈ ਏ ਕਿ ਉਹ ਪਿਛਲੇ ਬੁੱਧਵਾਰ ਦਾ ਵਾਪਸ ਨਹੀਂ ਆਇਆ।"

"ਕੁਝ ਹੋਰ ਵੀ ਉਸ ਬਾਰੇ ਦੱਸਿਆ ਏ ਕਿ ਨਹੀਂ ?" ਇਕ ਪਠਾਣ ਨੇ ਪੁੱਛਿਆ।

"ਸਾਫ਼ ਲਿਖਿਆ ਏ ਕਿ ਉਹ ਕਿਸੇ ਸਿਖ ਜਾਸੂਸ ਵੱਲ ਗਿਆ ਸੀ ਜੋ ਲੰਡੇ ਦਰਿਆ ਦੇ ਕੰਢੇ ਸਾਧੂ ਬਣਿਆ ਬੈਠਾ ਏ ਪਰ ਫਿਰ ਪਤਾ ਨਹੀਂ ਲੱਗਾ। ਹੁਣ ਨਾ ਤਾਂ ਉਥੇ ਸਾਧੂ ਈ ਏ ਤੇ ਨਾ ਹੀ ਬੈਰਮ ਖ਼ਾਂ ਦਾ ਕੁਝ ਪਤਾ ਲੱਗਾ ਏ," ਯਾਰ ਮੁਹੰਮਦ ਖ਼ਾਨ ਨੇ ਦੱਸਿਆ।

"ਹੋ ਸਕਦਾ ਏ ਕਿ ਉਹ ਸਾਧੂ ਕਿਧਰੇ ਨੱਸ ਗਿਆ ਹੋਵੇ ਤੇ ਬੈਰਮ ਖ਼ਾਂ ਉਹਦਾ

ਪਿੱਛਾ ਕਰਦਾ ਦੂਰ ਲੰਘ ਗਿਆ ਹੋਵੇ," ਇਕ ਹੋਰ ਮੁਖੀ ਨੇ ਕਿਹਾ।

"ਸਾਧੂ ਨੱਸ ਗਿਆ ਏ ?" ਉਮਰ ਹਯਾਤ ਖ਼ਾਨ ਨੇ ਗੱਲ ਦੁਹਰਾਂਦਿਆਂ ਕਿਹਾ, "ਉਹ ਤਾਂ ਬੜਾ ਮਸ਼ਹੂਰ ਸੀ ਇਲਾਕੇ ਵਿਚ। ਉਹਦੀਆਂ ਪੇਸ਼ੀਨਗੋਈਆਂ ਤਾਂ ਸਦਾ ਠੀਕ ਨਿਕਲਦੀਆਂ ਸਨ। ਉਹ ਸਿੱਖਾਂ ਦਾ ਜਾਸੂਸ ਨਹੀਂ ਹੋ ਸਕਦਾ।"

"ਆਹ ਵੇਖ," ਯਾਰ ਮੁਹੰਮਦ ਖ਼ਾਨ ਨੇ ਨੌਸ਼ਹਿਰੇ ਦੇ ਨਵੇਂ ਫ਼ੌਜਦਾਰ ਦੀ ਚਿੱਠੀ ਉਸ ਵੱਲ ਕਰਦਿਆਂ ਕਿਹਾ, "ਉਸ ਸਾਫ਼ ਲਿਖਿਆ ਏ ਕਿ ਇਹ ਸਾਧੂ ਹੀ ਜਾਸੂਸਾਂ ਦਾ ਵੱਡਾ ਮੁਖੀ ਸੀ ਤੇ ਇਸ ਦਾ ਉਮਰ ਹਯਾਤ ਖ਼ਾਨ ਵੱਲ ਆਮ ਆਉਣ-ਜਾਣ ਸੀ, ਕਿਉਂ ਤੇਰੇ ਇਸ ਸਾਧੂ ਨਾਲ ਸੰਬੰਧ ਸਨ ?"

"ਮੇਰੀ ਉਸ ਨਾਲ ਕੋਈ ਸਾਂਝ ਨਹੀਂ।"

"ਇਹ ਬਕਵਾਸ ਏ," ਗੁੱਸੇ ਵਿਚ ਯਾਰ ਮੁਹੰਮਦ ਖ਼ਾਨ ਨੇ ਕਿਹਾ, "ਕੀ ਇਹ ਠੀਕ ਏ ਕਿ ਤੇਰੀ ਲੜਕੀ ਨੂੰ ਉਸ ਸਾਧੂ ਨੇ ਦਰਿਆ ਵਿਚੋਂ ਡੁਬਦਿਆਂ ਬਚਾਇਆ ਸੀ ਤੇ ਉਸ ਕਾਰਨ ਉਹਦਾ ਤੇਰੇ ਵੱਲ ਆਉਣਾ-ਜਾਣਾ ਹੋ ਗਿਆ ਸੀ ?"

ਉਮਰ ਹਯਾਤ ਖ਼ਾਨ ਦਾ ਰੰਗ ਉੱਡ ਗਿਆ। ਸਿਰ ਨੀਵਾਂ ਪਾ ਕੇ ਉਸ ਕਿਹਾ, "ਇਹ ਠੀਕ ਏ ਉਸ ਮੇਰੀ ਲੜਕੀ ਨੂੰ ਬਚਾਇਆ ਸੀ ਪਰ ਸਾਡਾ ਆਮ ਆਉਣ-ਜਾਣ ਕਦੇ ਵੀ ਨਹੀਂ ਹੋਇਆ। ਜਿੱਥੋਂ ਤਕ ਮੈਨੂੰ ਦੱਸਿਆ ਗਿਆ ਸੀ, ਉਹ ਸਾਧੂ ਮਾੜਾ ਨਹੀਂ ਸੀ।"

"ਤੇਰਾ ਉਸ ਨਾਲ ਕੋਈ ਸੰਬੰਧ ਨਹੀਂ। ਇਹ ਤੂੰ ਕਹਿ ਰਿਹਾ ਏਂ ਪਰ ਨਾਲ ਹੀ ਉਹਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਰਿਹਾ ਏਂ। ਮੈਨੂੰ ਜਾਪਦਾ ਪਿਆ ਏ ਕਿ ਇਥੇ ਜ਼ਰੂਰ ਦਾਲ ਵਿਚ ਕੁਝ ਕਾਲਾ ਕਾਲਾ ਏ," ਯਾਰ ਮੁਹੰਮਦ ਖ਼ਾਨ ਨੇ ਗੁੱਸੇ ਨਾਲ ਕਿਹਾ।

"ਨਹੀਂ, ਇਥੇ ਕੋਈ ਅਜਿਹੀ ਗੱਲ ਨਹੀਂ। ਤੁਹਾਨੂੰ ਐਵੇਂ ਸ਼ੱਕ ਪੈ ਰਿਹਾ ਏ," ਉਮਰ ਹਯਾਤ ਖ਼ਾਨ ਨੇ ਕਿਹਾ। ਉਹਦਾ ਸੀਨਾ ਜ਼ੋਰ ਨਾਲ ਧੜਕਣ ਲੱਗ ਪਿਆ ਕਿ ਹੁਣ ਉਹਦੀ ਜਾਨ ਜ਼ਰੂਰ ਫਸ ਜਾਏਗੀ। ਉਸ ਦੋਵੇਂ ਹੱਥ ਜੋੜ ਲਏ ਤੇ ਬੇਨਤੀ ਕੀਤੀ, "ਮੈਂ ਸਰਕਾਰ ਦਾ ਵਫ਼ਾਦਾਰ ਰਿਹਾ ਹਾਂ, ਇਸ ਲਈ ਮੇਰੇ ਪਾਸੋਂ ਇਹ ਆਸ ਨਾ ਰੱਖੋ। ਮੇਰਾ ਹੱਥ ਬੇਸ਼ੱਕ ਗਰਮ ਤੇਲ ਵਿਚ ਪਾ ਦਿਓ, ਮੈਂ ਸੱਚਾ ਹੋਇਆ ਤਾਂ ਪਤਾ ਲੱਗ ਜਾਏਗਾ।"

"ਚੰਗਾ ਤੁਸੀਂ ਸਾਰੇ ਜਾਓ ਪਰ ਉਮਰ ਹਯਾਤ ਖ਼ਾਨ ਤੈਨੂੰ ਇਥੇ ਠਹਿਰਨਾ ਪਵੇਗਾ। ਜਦ ਤਕ ਮੇਰੀ ਤਸੱਲੀ ਨਹੀਂ ਹੁੰਦੀ ਤੂੰ ਨਹੀਂ ਜਾ ਸਕਦਾ। ਮੈਂ ਇਸ ਬਾਰੇ ਪੱਕਾ ਪਤਾ ਕਰ ਲਵਾਂ," ਯਾਰ ਮੁਹੰਮਦ ਖ਼ਾਨ ਨੇ ਕਿਹਾ। ਉਮਰ ਹਯਾਤ ਖ਼ਾਨ ਚੁੱਪ ਕਰ ਕੇ ਖੜਾ ਹੋ ਗਿਆ ਕਿਉਂਕਿ ਹੁਣ ਬਹੁਤੇ ਤਰਲਿਆਂ ਜਾਂ ਦਲੀਲਾਂ ਦਾ ਕੋਈ ਲਾਭ ਨਹੀਂ ਸੀ।

ਬਾਕੀ ਸਾਰੇ ਇਕ ਵਾਰੀ ਉਸ ਵੱਲ ਨਜ਼ਰ ਕਰ ਕੇ ਚਲੇ ਗਏ। ਯਾਰ ਮੁਹੰਮਦ ਖ਼ਾਨ ਨੇ ਕਿਹਾ, "ਤੂੰ ਉਸ ਕਮਰੇ ਵਿਚ ਚੱਲ ਕੇ ਠਹਿਰ। ਉਥੇ ਹੀ ਤੈਨੂੰ ਸਾਰਾ ਕੁਝ ਮਿਲ ਜਾਏਗਾ। ਇਹ ਮਾਮਲਾ ਖ਼ਤਰਨਾਕ ਏ ਇਸ ਲਈ ਮੈਂ ਪੜਤਾਲ ਕੀਤੇ ਬਿਨਾਂ ਛੱਡ ਨਹੀਂ ਸਕਦਾ।"

ਝੱਟ ਪਿਛੋਂ ਯਾਰ ਮੁਹੰਮਦ ਖ਼ਾਨ ਕਿਲ੍ਹੇ ਦੇ ਅੰਦਰ ਵਾਰ ਬਣੇ ਪਾਰਕ ਵਿਚ ਟਹਿਲ ਰਿਹਾ ਸੀ ਤੇ ਨਾਲੇ ਸੋਚ ਰਿਹਾ ਸੀ ਕਿ ਕਿਵੇਂ ਪਤਾ ਕਰੇ। ਉਹ ਨਹੀਂ ਸੀ ਚਾਹੁੰਦਾ ਕਿ ਉਮਰ ਹਯਾਤ ਖ਼ਾਨ ਵਰਗਾ ਬਹਾਦਰ ਜੋਧਾ ਹੱਥੋਂ ਗੁਆ ਲਵੇ ਪਰ ਇਸ ਬਾਰੇ ਪਤਾ ਲਾਉਣਾ ਵੀ ਜ਼ਰੂਰੀ ਸੀ। ਪਿਸ਼ੌਰ ਵਿਚ ਰਹਿੰਦੇ ਸੂਹੀਏ ਨਾਸਿਰ ਖ਼ਾਂ ਨੂੰ ਸੱਦਿਆ ਤੇ ਉਹਨੂੰ ਨੌਸ਼ਿਹਰੇ ਤੋਂ ਆਈ ਚਿੱਠੀ ਪੜ੍ਹਾਈ। ਫਿਰ ਦੱਸਿਆ ਕਿ ਉਮਰ ਹਯਾਤ ਖ਼ਾਨ ਨੂੰ ਕਿਲ੍ਹੇ ਵਿਚ ਰੋਕ ਦਿੱਤਾ ਹੈ। ਤੂੰ ਇਸ ਮਾਮਲੇ ਦੀ ਪੜਤਾਲ ਕਰ ਕੇ ਪਤਾ ਕਰ ਕੇ ਉਮਰ ਹਯਾਤ ਖ਼ਾਨ ਦਾ ਕਸੂਰ ਹੈ ਕਿ ਨਹੀਂ। ਉਸ ਨਾਲ ਬੇ-ਇਨਸਾਫ਼ੀ ਨਹੀਂ ਹੋਣੀ ਚਾਹੀਦੀ। ਉਸ ਸਾਰੀ ਗੱਲ ਸੁਣ ਕੇ ਕਿਹਾ, "ਮੈਂ ਮਾਮਲਾ ਸਮਝ ਲਿਆ ਏ। ਜੇ ਆਗਿਆ ਦਿਓ ਤਾਂ ਕੁਝ ਮਿੰਟ ਮੈਂ ਉਸ ਨਾਲ ਗੱਲ-ਬਾਤ ਕਰ ਲਵਾਂ। ਮੈਂ ਹੁਣੇ ਤੁਹਾਨੂੰ ਦੱਸ ਦਿਆਂਗਾ ਕਿ ਉਹ ਕਸੂਰਵਾਰ ਹੈ ਜਾਂ ਨਹੀਂ। ਦੋਸ਼ੀ ਦਾ ਚਿਹਰਾ ਹੀ ਹੋਰ ਰੰਗ ਫੜ ਲੈਂਦਾ ਏ। ਅਸੀਂ ਇਸ ਢੰਗ ਨਾਲ ਉਸ 'ਤੇ ਸਵਾਲ ਕਰਦੇ ਹਾਂ ਕਿ ਉਹ ਠਹਿਰ ਨਹੀਂ ਸਕਦਾ। ਜੇ ਤਾਂ ਉਮਰ ਹਯਾਤ ਖ਼ਾਨ ਸਿੱਖਾਂ ਨਾਲ ਮਿਲਿਆ ਹੋਇਆ ਹੈ ਤਾਂ ਉਹ ਮੈਨੂੰ ਵੇਖ ਕੇ ਹੀ ਘਬਰਾ ਜਾਏਗਾ।" ਨਾਸਿਰ ਖ਼ਾਂ ਆਗਿਆ ਲੈ ਕੇ ਅੰਦਰ ਲੰਘ ਗਿਆ।

ਨਾਸਿਰ ਖ਼ਾਂ ਨੇ ਜਾਂਦਿਆਂ ਪੁੱਛਿਆ, "ਕੀ ਗੱਲ ਏ ਉਮਰ ਹਯਾਤ ਖ਼ਾਨ ਜੀ, ਤੁਸੀਂ ਅੱਜ ਨਿਰਾਸ਼ ਨਜ਼ਰ ਆ ਰਹੇ ਹੋ। ਇਥੇ ਇਕੱਲੇ ਅੱਜ ਕੀ ਕਰ ਰਹੇ ਹੋ?"

"ਕੁਝ ਨਹੀਂ, ਐਵੇਂ ਬੈਠਾ ਹਾਂ," ਉਮਰ ਹਯਾਤ ਖ਼ਾਨ ਨੇ ਉੱਤਰ ਦਿੱਤਾ। ਉਸ ਤੋਂ ਨਾਸਿਰ ਖ਼ਾਂ ਸਮਝ ਗਿਆ ਕਿ ਇਹ ਟਾਲਣਾ ਚਾਹੁੰਦਾ ਹੈ ਤੇ ਦੱਸਣਾ ਨਹੀਂ ਚਾਹੁੰਦਾ ਕਿ ਇਹਨੂੰ ਕਿਉਂ ਇਥੇ ਰੱਖਿਆ ਗਿਆ ਹੈ। ਉਸ ਫਿਰ ਕਿਹਾ, "ਆਓ ਬਾਹਰ ਚੱਲੀਏ, ਅੱਜ ਤਾਂ ਬਹੁਤ ਸੋਹਣੀ ਹਵਾ ਚੱਲ ਰਹੀ ਏ। ਤੁਸੀਂ ਅੰਦਰ ਬੈਠ ਕੇ ਕੀ ਕਰੋਗੇ?"

"ਨਹੀਂ, ਮੇਰੀ ਤਬੀਅਤ ਠੀਕ ਨਹੀਂ, ਮੈਂ ਬਾਹਰ ਨਹੀਂ ਜਾ ਸਕਦਾ।" ਉਮਰ ਹਯਾਤ ਖ਼ਾਨ ਨੇ ਫਿਰ ਅਸਲ ਗੱਲ ਨਾ ਦੱਸੀ।

"ਮੈਂ ਤਾਂ ਪਹਿਲਾਂ ਹੀ ਕਿਹਾ ਏ ਕਿ ਤੁਸੀਂ ਅੱਜ ਠੀਕ ਨਹੀਂ, ਦੱਸੋ ਤਾਂ ਸਹੀ ਹੋਇਆ ਕੀ ਏ, ਸ਼ਾਇਦ ਮੈਂ ਤੁਹਾਡੀ ਕੁਝ ਮਦਦ ਕਰ ਸਕਾਂ।" ਨਾਸਿਰ ਖ਼ਾਂ ਦੇ ਇਹਨਾਂ ਸ਼ਬਦਾਂ ਨਾਲ ਉਮਰ ਹਯਾਤ ਖ਼ਾਨ ਨੂੰ ਖ਼ਿਆਲ ਆਇਆ ਕਿ ਇਹ ਵੀ ਜਾਸੂਸੀ ਵਿਭਾਗ ਵਿਚ ਕੰਮ ਕਰਦਾ ਏ, ਇਹ ਵਧੇਰੇ ਚੰਗੀ ਤਰ੍ਹਾਂ ਇਸ ਮਾਮਲੇ 'ਤੇ ਚਾਨਣਾ ਪਾ ਸਕਦਾ

ਹੈ ਪਰ ਫਿਰ ਉਹਨੂੰ ਖ਼ਿਆਲ ਆਇਆ ਕਿ ਇਹ ਵੀ ਯਾਰ ਮੁਹੰਮਦ ਖ਼ਾਨ ਨੇ ਕਿਧਰੇ ਪੜਤਾਲ ਲਈ ਨਾ ਭੇਜਿਆ ਹੋਵੇ। ਇਸ ਲਈ ਉਹਨੇ ਪ੍ਰਭਾਵ ਪਾਉਣ ਲਈ ਬੜੇ ਤਰਲੇ ਭਰੇ ਢੰਗ ਨਾਲ ਕਿਹਾ, "ਮੈਂ ਇਕ ਬਹੁਤ ਵੱਡੀ ਔਕੜ ਵਿਚ ਫਸ ਗਿਆ ਹਾਂ।"

"ਇਹ ਤਾਂ ਤੁਹਾਡਾ ਚਿਹਰਾ ਹੀ ਪਿਆ ਦੱਸਦਾ ਸੀ, ਮੈਨੂੰ ਦੱਸੋ ਕੀ ਗੱਲ ਏ," ਨਾਸਿਰ ਖ਼ਾਂ ਨੇ ਪੁੱਛਿਆ।

"ਮੈਂ ਨੌਸ਼ਹਿਰੇ ਸਾਂ ਤਾਂ ਇਕ ਦਿਨ ਮੇਰੀ ਲੜਕੀ ਦਰਿਆ ਵਿਚ ਰੁੜ੍ਹ ਗਈ। ਇਕ ਹਿੰਦੂ ਫ਼ਕੀਰ ਨੇ ਉਹਨੂੰ ਬਚਾਅ ਲਿਆ ਤੇ ਉਹਨੂੰ ਦੂਜੇ ਦਿਨ ਘਰ ਛੱਡਣ ਆਇਆ। ਇਸ ਤਰ੍ਹਾਂ ਉਹਦਾ ਸਾਡੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ ਤੇ ਕਈ ਵਾਰ ਉਹ ਆਇਆ। ਹੁਣ ਪਤਾ ਲੱਗਾ ਏ ਕਿ ਉਹ ਸਿੱਖਾਂ ਦਾ ਜਾਸੂਸ ਸੀ। ਮੈਨੂੰ ਕੁਝ ਪਤਾ ਨਹੀਂ ਕਿ ਉਹ ਕੌਣ ਏ। ਮੈਂ ਉਹਦੇ ਸਾਹਮਣੇ ਕਦੇ ਕੋਈ ਗੱਲ ਵੀ ਨਹੀਂ ਸੀ ਕੀਤੀ। ਇਕ ਤਾਂ ਇਹ ਮੁਸ਼ਕਿਲ ਏ ਕਿ ਮੈਂ ਸ਼ੱਕੀ ਹੋ ਗਿਆ ਹਾਂ ਤੇ ਦੂਜਾ ਬੈਰਮ ਖ਼ਾਂ ਦਾ ਪਤਾ ਨਹੀਂ ਲਗ ਰਿਹਾ। ਕਹਿੰਦੇ ਨੇ ਉਹ ਕਿਧਰੇ ਫਸ ਗਿਆ ਏ ਤੇ ਇਹ ਵੀ ਇਲਜ਼ਾਮ ਲੱਗ ਗਿਆ ਹੈ ਕਿ ਮੈਂ ਉਹਨੂੰ ਉਸ ਹਿੰਦੂ ਫ਼ਕੀਰ ਰਾਹੀਂ ਫਸਾ ਦਿੱਤਾ ਹੈ, ਇਸੇ ਲਈ ਮੈਨੂੰ ਅੱਜ ਕਿਲ੍ਹੇ ਵਿਚ ਰੱਖਿਆ ਹੋਇਆ ਏ। ਮੈਂ ਬੇਗੁਨਾਹ ਹਾਂ। ਤੂੰ ਮੇਰੀ ਮਦਦ ਕਰ, ਨਹੀਂ ਤਾਂ ਇਥੇ ਚੁੱਕਣ-ਚੁਕਾਣ ਵਾਲੇ ਕਈ ਨੇ, ਜਿਨ੍ਹਾਂ ਇਹੀ ਕਹਿੰਦੇ ਰਹਿਣਾ ਏ ਕਿ ਮੈਂ ਕਸੂਰਵਾਰ ਹਾਂ," ਉਮਰ ਹਯਾਤ ਖ਼ਾਨ ਸਾਰੀ ਉਮਰ ਬਹੁਤ ਘੱਟ ਰੋਇਆ ਸੀ, ਪਰ ਅੱਜ ਉਸ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਇਕ ਵਾਰ ਲੜਾਈ ਹਾਰ ਕੇ ਤੇ ਅੱਜ ਦੂਜੀ ਵਾਰ ਉਹਨੇ ਦਿਲ ਛੱਡਿਆ।

ਨਾਸਿਰ ਖ਼ਾਂ ਨੇ ਉਹਨੂੰ ਦਿਲਾਸਾ ਦਿੱਤਾ ਤੇ ਕਿਹਾ, "ਘਾਬਰਨ ਦੀ ਕੋਈ ਲੋੜ ਨਹੀਂ। ਮੈਂ ਬੇਕਸੂਰ ਸਾਬਤ ਕਰਨ ਲਈ ਪੂਰੀ ਵਾਹ ਲਾ ਦਿਆਂਗਾ ਪਰ ਮੈਂ ਚਾਹੁੰਦਾ ਹਾਂ ਕਿ ਕਿਧਰੇ ਆਪਣੇ ਵਿਚ ਕੋਈ ਘਾਟ ਹੋਵੇ ਤਾਂ ਉਹ ਵੀ ਦੱਸ ਦੇ ਕਿ ਮੈਂ ਉਸ ਦਾ ਵੀ ਪ੍ਰਬੰਧ ਕਰ ਲਵਾਂ। ਕਦੇ ਸਿੱਖਾਂ ਦੇ ਜਾਸੂਸ ਤੈਨੂੰ ਮਿਲੇ ਨਹੀਂ ? ਕਦੇ ਸਾਧੂ ਨਾਲ ਇਸ ਬਾਰੇ ਗੱਲ-ਬਾਤ ਤਾਂ ਨਹੀਂ ਹੋਈ ?"

"ਮੈਂ ਸਹੁੰ ਚੁੱਕ ਕੇ ਕਹਿ ਸਕਦਾ ਹਾਂ ਕਿ ਕਦੇ ਸਿੱਖਾਂ ਜਾਂ ਉਹਨਾਂ ਦੇ ਜਾਸੂਸਾਂ ਨਾਲ ਕਿਸੇ ਤਰ੍ਹਾਂ ਦੇ ਸੰਬੰਧ ਨਹੀਂ ਰੱਖੇ। ਜੇ ਇਹ ਗੱਲ ਹੁੰਦੀ ਤਾਂ ਮੈਂ ਫਿਰ ਲੜਾਈ ਵਿਚ ਕਿਉਂ ਕੁੱਦਦਾ। ਮੈਂ ਤਾਂ ਮੰਗ ਕੇ ਇਹ ਗੱਲ ਲਈ ਸੀ," ਉਮਰ ਹਯਾਤ ਖ਼ਾਨ ਨੇ ਕਿਹਾ।

"ਤੇਰਾ ਪੁੱਤਰ ਕਿਉਂ ਛੱਡਿਆ ਗਿਆ ?" ਨਾਸਿਰ ਖ਼ਾਂ ਨੇ ਹੁਣ ਸਿੱਧਾ ਸਵਾਲ ਕੀਤਾ। ਉਮਰ ਹਯਾਤ ਖ਼ਾਨ ਨੂੰ ਜੇ ਪਹਿਲਾਂ ਸ਼ੱਕ ਸੀ ਤਾਂ ਹੁਣ ਨਿਸਚਾ ਹੋ ਗਿਆ ਕਿ ਇਹਨੂੰ ਸਾਰੀ ਗੱਲ ਦਾ ਪਤਾ ਹੈ ਕਿ ਇਹ ਹੁਣ ਪੜਤਾਲ ਕਰਨ ਲਈ ਆਇਆ

ਹੈ। ਉਸ ਨੇ ਕਿਹਾ, "ਮੇਰੀ ਬਦ-ਕਿਸਮਤੀ ਹੈ ਕਿ ਮੈਂ ਈਮਾਨਦਾਰੀ ਨਾਲ ਕੰਮ ਕਰ ਰਿਹਾ ਹਾਂ ਪਰ ਉਹ ਵੀ ਉਲਟਾ ਪੈ ਰਿਹਾ ਹੈ।"

"ਚੰਗਾ ਮੈਂ ਦੇਖਾਂਗਾ," ਕਹਿ ਕੇ ਨਾਸਿਰ ਖ਼ਾਂ ਆ ਗਿਆ। ਅੱਗੇ ਯਾਰ ਮੁਹੰਮਦ ਖ਼ਾਨ ਕੋਲ ਇਕ ਜ਼ਨਾਨੀ ਖੜੀ ਤਰਲੇ ਕਰ ਰਹੀ ਸੀ। ਉਹ ਹੈਰਾਨ ਹੋ ਕੇ ਕੁਝ ਪਰ੍ਹੇ ਹੀ ਖੜਾ ਹੋ ਗਿਆ ਪਰ ਯਾਰ ਮੁਹੰਮਦ ਖ਼ਾਨ ਨੇ ਆਪ ਆਵਾਜ਼ ਦੇ ਕੇ ਨੇੜੇ ਸੱਦ ਲਿਆ। ਉਹ ਜ਼ਨਾਨੀ ਬੁਰਕੇ ਵਿਚੋਂ ਕਹਿ ਰਹੀ ਸੀ, "ਮੈਂ ਕੁਰਾਨ ਦੀ ਸਹੁੰ ਚੁੱਕ ਕੇ ਕਹਿ ਸਕਦੀ ਹਾਂ ਕਿ ਮੇਰਾ ਅੱਬਾ ਬੇਕਸੂਰ ਏ। ਅਸੀਂ ਸਿੱਖਾਂ ਦੀ ਕਦੇ ਜਾਸੂਸੀ ਨਹੀਂ ਕੀਤੀ ਤੇ ਨਾ ਹੀ ਬੈਰਮ ਖ਼ਾਂ ਨੂੰ ਫਸਾਣ ਵਿਚ ਸਾਡਾ ਕੋਈ ਹੱਥ ਹੈ।"

"ਤੁਹਾਡੇ ਸੰਤ ਨਾਲ ਸੰਬੰਧ ਸਨ ਕਿ ਨਹੀਂ ?" ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸੰਤ ਦਾ ਸਾਡੇ ਆਉਣ-ਜਾਣ ਸੀ ਪਰ ਇਸ ਨਾਲ ਜਾਸੂਸੀ ਦਾ ਕੀ ਸੰਬੰਧ ?" ਉਸ ਜ਼ਨਾਨੀ ਨੇ ਕਿਹਾ।

"ਬੜਾ ਭਾਰੀ ਸੰਬੰਧ ਏ," ਯਾਰ ਮੁਹੰਮਦ ਖ਼ਾਨ ਗੁੱਸੇ ਵਿਚ ਬੋਲਿਆ, "ਉਹ ਸਿੱਖਾਂ ਦਾ ਜਾਸੂਸ ਸੀ, ਉਸ ਨੇ ਤੁਹਾਡੇ ਤੋਂ ਸਾਰੇ ਭੇਦ ਲਏ ਹਨ।"

"ਨਹੀਂ, ਉਹ ਜਾਸੂਸ ਨਹੀਂ, ਉਹ ਤਾਂ ਕੋਈ ਰੱਬ ਦਾ ਪਿਆਰਾ ਸੀ," ਜ਼ਨਾਨੀ ਨੇ ਕਿਹਾ।

"ਉਹ ਬਦਮਾਸ਼ ਸੀ ਰੱਬ ਦਾ ਪਿਆਰਾ ਨਹੀਂ," ਹੋਰ ਗੁੱਸੇ ਵਿਚ ਖਿੱਝ ਕੇ ਯਾਰ ਮੁਹੰਮਦ ਖ਼ਾਨ ਬੋਲਿਆ।

"ਇਹ ਸ਼ਬਦ ਉਨ੍ਹਾਂ ਲਈ ਨਾ ਵਰਤੋ। ਚੰਗੇ ਆਦਮੀ ਨੂੰ ਲੀਕ ਲਾਂਦਿਆਂ ਸਾਨੂੰ ਝਕਣਾ ਚਾਹੀਦਾ ਹੈ," ਜ਼ਨਾਨੀ ਨੇ ਕਿਹਾ।

"ਬਸ਼ੀਰਾਂ ਤੂੰ ਭੁਲਦੀ ਪਈ ਏਂ ਉਹ ਫ਼ਕੀਰ ਨਹੀਂ ਸੀ, ਨਿਰਾ ਪਾਖੰਡ ਸੀ ਸਾਰਾ ਕੁਝ," ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਮੈਂ ਉਹਦੇ ਡੇਰੇ ਰਹੀ ਹਾਂ। ਮੈਨੂੰ ਵਧੇਰੇ ਪਤਾ ਹੈ ਕਿ ਉਹ ਕਿਸ ਤਰ੍ਹਾਂ ਦਾ ਆਦਮੀ ਏ," ਆਪਣੀ ਗੱਲ 'ਤੇ ਡਟਦਿਆਂ ਬਸ਼ੀਰਾਂ ਨੇ ਕਿਹਾ।

"ਤਾਹੀਓਂ ਨੱਸ ਗਿਆ ਨੇ," ਯਾਰ ਮੁਹੰਮਦ ਖ਼ਾਨ ਨੇ ਵਿਅੰਗ ਨਾਲ ਕਿਹਾ।

"ਚੰਗਾ ਜੇਕਰ ਮੈਂ ਉਹਨੂੰ ਤੁਹਾਡੇ ਸਾਹਮਣੇ ਲੈ ਆਵਾਂ ਤਾਂ ਮੰਨ ਜਾਓਗੇ। ਫਿਰ ਤਾਂ ਅੱਬਾ ਨੂੰ ਛੱਡ ਦਿਓਗੇ ਨਾ ?" ਬਸ਼ੀਰਾਂ ਨੇ ਬੜੀ ਦਲੇਰੀ ਨਾਲ ਜੋਸ਼ ਵਿਚ ਕਿਹਾ। ਉਹਦੇ ਜ਼ੋਰ ਨਾਲ ਹੱਥ ਮਾਰਨ ਨਾਲ ਬੁਰਕੇ ਦਾ ਪਰਦਾ ਕੁਝ ਉੱਡਿਆ ਤੇ ਕਾਲੇ ਬੁਰਕੇ ਵਿਚੋਂ ਚੰਨ ਵਰਗਾ ਮੁੱਖੜਾ ਨਜ਼ਰ ਪਿਆ। ਇਹ ਵੇਖਦਿਆਂ ਹੀ ਨਾਸਿਰ ਖ਼ਾਂ ਤਾਂ ਉਥੇ ਹੀ ਢੇਰੀ ਹੋ ਗਿਆ। ਉਹਨੇ ਇਸ ਤਰ੍ਹਾਂ ਦਾ ਹੁਸਨ ਪਹਿਲਾਂ ਨਹੀਂ ਸੀ ਦੇਖਿਆ।

"ਬਿਲਕੁਲ ਠੀਕ," ਯਾਰ ਮੁਹੰਮਦ ਖ਼ਾਨ ਨੇ ਕਿਹਾ, "ਜੇ ਸੰਤ ਨੂੰ ਲਿਆ ਕੇ ਮੇਰੇ ਸਾਹਮਣੇ ਪੇਸ਼ ਕਰ ਦੇਵੇਂ ਤਾਂ ਮੈਂ ਤੇਰੇ ਪਿਉ ਨੂੰ ਸਿਰਫ਼ ਛੱਡ ਹੀ ਨਹੀਂ ਦਿਆਂਗਾ, ਸਗੋਂ ਬਹੁਤ ਵੱਡੀ ਪਦਵੀ 'ਤੇ ਲਾ ਦਿਆਂਗਾ।"

"ਰੱਬ ਨੇ ਚਾਹਿਆ ਤਾਂ ਮੈਂ ਕੱਲ੍ਹ ਦਿਨ ਚੜ੍ਹਨ ਤੋਂ ਪਹਿਲਾਂ ਸੰਤ ਨੂੰ ਲੈ ਕੇ ਆਵਾਂਗੀ," ਬਸ਼ੀਰਾਂ ਨੇ ਕਿਹਾ ਤੇ ਵਾਪਸ ਪਰਤ ਗਈ।

"ਮਾਮਲਾ ਜ਼ਰਾ ਗੁੰਝਲਦਾਰ ਏ," ਨਾਸਿਰ ਖ਼ਾਂ ਨੇ ਹੁਣ ਜ਼ਬਾਨ ਖੋਲ੍ਹੀ ਤੇ ਕਿਹਾ, "ਇਕ ਪਾਸੇ ਤਾਂ ਇਉਂ ਜਾਪਦਾ ਏ ਕਿ ਉਮਰ ਹਯਾਤ ਖ਼ਾਨ ਪੂਰੀ ਤਰ੍ਹਾਂ ਨਿਰਦੋਸ਼ ਏ ਪਰ ਨਾਲ ਹੀ ਸੰਤ ਨਾਲ ਇਹਨਾਂ ਦੀ ਇਤਨੀ ਸਾਂਝ ਏ ਕਿ ਬਸ਼ੀਰਾਂ ਪੂਰੇ ਵਿਸ਼ਵਾਸ ਨਾਲ ਕਹਿ ਗਈ ਏ ਕਿ ਉਹਨੂੰ ਲਿਆ ਸਕਦੀ ਏ।"

"ਲਿਆਏਗੀ ਪਿਉ ਦੇ ਸਿਰ 'ਚੋਂ," ਯਾਰ ਮੁਹੰਮਦ ਖ਼ਾਨ ਨੇ ਕਿਹਾ, "ਉਹ ਤਾਂ ਡੇਰਾ ਛੱਡ ਕੇ ਨੱਸ ਗਿਆ ਏ। ਇਹਨੂੰ ਕੋਈ ਨਹੀਂ ਮਿਲਣਾ। ਆਪੇ ਕੱਲ੍ਹ ਫਿਰ ਆਏਗੀ ਨਿਰਾਸ਼ ਹੋ ਕੇ।"

"ਮੈਂ ਸਮਝਦਾ ਹਾਂ ਕਿ ਸਾਨੂੰ ਉਮਰ ਹਯਾਤ ਖ਼ਾਨ ਨੂੰ ਛੱਡ ਦੇਣਾ ਚਾਹੀਦਾ ਹੈ," ਨਾਸਿਰ ਖ਼ਾਂ ਨੇ ਰਾਇ ਪ੍ਰਗਟ ਕੀਤਾ।

"ਮੈਂ ਮਾਮਲੇ ਦੀ ਤਹਿ ਤਕ ਪਹੁੰਚੇ ਬਿਨਾਂ ਛੱਡਣ ਲਈ ਤਿਆਰ ਨਹੀਂ," ਯਾਰ ਮੁਹੰਮਦ ਖ਼ਾਨ ਨੇ ਕਿਹਾ, "ਤੂੰ ਮੈਨੂੰ ਆਪਣੀ ਸਪੱਸ਼ਟ ਰਾਇ ਦੱਸ ਕਿ ਇਹ ਜਾਸੂਸ ਹੈ ਕਿ ਨਹੀਂ ?"

"ਮੈਂ ਕਲ੍ਹ ਦੱਸ ਦਿਆਂਗਾ," ਨਾਸਿਰ ਖ਼ਾਂ ਨੇ ਕਿਹਾ ਤੇ ਘੋੜੇ 'ਤੇ ਚੜ੍ਹ ਕੇ ਕਿਲ੍ਹੇ ਤੋਂ ਬਾਹਰ ਆ ਗਿਆ।

ਅਜੇ ਬਸ਼ੀਰਾਂ ਥੋੜ੍ਹੀ ਦੂਰ ਪੈਦਲ ਹੀ ਗਈ ਸੀ ਕਿ ਨਾਸਿਰ ਖ਼ਾਂ ਪਿਛੋਂ ਘੋੜੇ 'ਤੇ ਪਹੁੰਚ ਗਿਆ। ਜਾਂਦਿਆਂ ਆਵਾਜ਼ ਦੇ ਕੇ ਉਹਨੂੰ ਖੜਾ ਕਰ ਲਿਆ ਤੇ ਆਪ ਘੋੜੇ ਤੋਂ ਉਤਰ ਕੇ ਕਿਹਾ, "ਤੂੰ ਗ਼ਲਤ ਸ਼ਰਤ ਲਾ ਆਈ ਏਂ, ਇਸ ਤਰ੍ਹਾਂ ਉਮਰ ਹਯਾਤ ਖ਼ਾਨ ਬਚ ਨਹੀਂ ਸਕੇਗਾ।"

"ਕਿਉਂ ?" ਬਸ਼ੀਰਾਂ ਨੇ ਪੁੱਛਿਆ।"

"ਸੰਤ ਤੈਨੂੰ ਨਹੀਂ ਲੱਭਣਾ।"

"ਮਿਲੇਗਾ, ਜ਼ਰੂਰ ਮਿਲੇਗਾ," ਬਸ਼ੀਰਾਂ ਨੇ ਬੜੇ ਭਰੋਸੇ ਨਾਲ ਕਿਹਾ।

"ਜੇ ਮਿਲ ਪਿਆ ਤਾਂ ਉਸ ਆਉਣਾ ਨਹੀਂ। ਉਹ ਸਿਖ ਏ ਜਾਂ ਸਿੱਖਾਂ ਦਾ ਜਾਸੂਸ ਏ," ਨਾਸਿਰ ਖ਼ਾਂ ਨੇ ਕਿਹਾ।

"ਕੁਝ ਵੀ ਹੋਵੇ ਮੈਂ ਉਹਨੂੰ ਲਿਆ ਕੇ ਸਾਹ ਲਵਾਂਗੀ," ਬਸ਼ੀਰਾਂ ਨੇ ਕਿਹਾ।

"ਜੇ ਮੇਰੀ ਗੱਲ ਮੰਨੇ ਤਾਂ ਮੈਂ ਉਮਰ ਹਯਾਤ ਖ਼ਾਨ ਨੂੰ ਰਾਤ ਤੋਂ ਪਹਿਲਾਂ ਛੁਡਾ ਸਕਦਾ ਹਾਂ," ਇਹ ਕਹਿ ਕੇ ਨਾਸਿਰ ਖ਼ਾਂ ਨੇ ਉਹਦੀ ਬਾਂਹ ਫੜ ਲਈ ਤੇ ਪਿਆਰ-ਨਸ਼ੇ ਭਰੀਆਂ ਅੱਖਾਂ ਨਾਲ ਉਸ ਵੱਲ ਦੇਖਿਆ। ਬਸ਼ੀਰਾਂ ਨੇ ਝਟਕਾ ਦੇ ਕੇ ਬਾਂਹ ਛੁਡਾ ਲਈ ਤੇ ਫਿਰ ਬੁਰਕੇ ਦੇ ਅੰਦਰ ਕਰਕੇ ਬੋਲੀ, "ਮੇਰੀ ਇੱਜ਼ਤ ਦੇ ਬਦਲੇ ਅੱਬਾ ਨੂੰ ਛੁਡਾਣਾ ਚਾਹੁੰਦਾ ਏਂ, ਇਉਂ ਕਰਨਾ ਨਾ ਅੱਬਾ ਪਸੰਦ ਕਰੇਗਾ ਤੇ ਨਾ ਮੈਂ।"

"ਬਸ਼ੀਰਾਂ ਮੇਰੀ ਤਾਕਤ ਬਹੁਤ ਏ, ਮੈਂ ਬਹੁਤ ਕੁਝ ਕਰ ਸਕਦਾ ਹਾਂ," ਨਾਸਿਰ ਖ਼ਾਂ ਨੇ ਕਿਹਾ।

"ਮੈਨੂੰ ਪਤਾ ਏ ਪਰ ਮੈਨੂੰ ਇਹ ਗੱਲ ਪਰਵਾਨ ਨਹੀਂ," ਬਸ਼ੀਰਾਂ ਨੇ ਕਿਹਾ ਤੇ ਟੁਰ ਪਈ।

"ਬਸ਼ੀਰਾਂ ਇਹ ਸੌਦਾ ਮਹਿੰਗਾ ਪਵੇਗਾ," ਨਾਸਿਰ ਖ਼ਾਂ ਨੇ ਧਮਕੀ ਦਿੱਤੀ।

"ਉਹ ਜਾਣੇ, ਜ਼ਿੰਦਗੀ ਵਿਚ ਸਭ ਕੁਝ ਸੌਖਾ ਹੀ ਨਹੀਂ ਮਿਲਦਾ, ਕਿਸੇ ਲਈ ਦੁੱਖ ਵੀ ਝਲਣੇ ਪੈਂਦੇ ਹਨ," ਬਸ਼ੀਰਾਂ ਨੇ ਕਿਹਾ ਤੇ ਫਿਰ ਬਿਨਾਂ ਪਿਛਾਂਹ ਦੇਖੇ ਉਹ ਝਟ-ਪਟ ਸੜਕ ਪਾਰ ਕਰ ਕੇ ਇਕ ਮਹੱਲ ਵਿਚ ਦਾਖ਼ਲ ਹੋ ਗਈ।

10

ਬਸ਼ੀਰਾਂ ਘਰ ਆਈ ਤਾਂ ਉਹਦੀ ਮਾਂ ਦਰਵਾਜ਼ੇ ਵਿਚ ਖਲੋਤੀ ਉਹਦੀ ਉਡੀਕ ਕਰ ਰਹੀ ਸੀ। ਕਈ ਵਾਰ ਉਸ ਨੇ ਗਲੀ ਦੇ ਸਿਰੇ ਤਕ ਜਾ ਕੇ ਦੂਰ ਤਕ ਨਜ਼ਰ ਮਾਰੀ ਪਰ ਬਸ਼ੀਰਾਂ ਨਾ ਮੁੜੀ। ਜਿਉਂ ਜਿਉਂ ਬਸ਼ੀਰਾਂ ਨੂੰ ਦੇਰ ਹੁੰਦੀ ਗਈ ਉਹਦੀ ਮਾਂ ਦੇ ਦਿਲ ਵਿਚ ਅਨੇਕ ਕਿਸਮ ਦੇ ਖ਼ਿਆਲ ਆਉਂਦੇ ਰਹੇ। ਉਸ ਸਾਰਾ ਯਤਨ ਕੀਤਾ ਕਿ ਉਹ ਬੁਰਕਾ ਪਾ ਕੇ ਕਿਲ੍ਹੇ ਤਕ ਜਾਵੇ ਪਰ ਅੱਗੇ ਉਹ ਕਦੇ ਘਰੋਂ ਬਾਹਰ ਨਹੀਂ ਸੀ ਨਿਕਲੀ, ਇਸ ਲਈ ਉਹਦੇ ਵਾਸਤੇ ਕਿਲ੍ਹੇ ਵਲ ਜਾਣਾ ਔਖਾ ਸੀ, ਦੂਜੇ ਉਹਦਾ ਦਿਲ ਬੜਾ ਕਮਜ਼ੋਰ ਸੀ ਤੇ ਉਹ ਖ਼ਿਆਲ ਕਰਦੀ ਸੀ ਕਿ ਬਸ਼ੀਰਾਂ ਦੇ ਅੱਬਾ ਨੂੰ ਜੇਲ੍ਹ ਦੀਆਂ ਕੋਠੜੀਆਂ ਵਿਚ ਦੇਖ ਕੇ ਸਹਾਰ ਨਹੀਂ ਸਕੇਗੀ।

ਬਸ਼ੀਰਾਂ ਘਰ ਆਈ ਤਾਂ ਮਾਂ ਨੇ ਦੇਖਿਆ ਕਿ ਬਸ਼ੀਰਾਂ ਦੇ ਚਿਹਰੇ 'ਤੇ ਉਸ ਤਰ੍ਹਾਂ ਦੀ ਘਬਰਾਹਟ ਨਹੀਂ ਜਿਸ ਤਰ੍ਹਾਂ ਦੀ ਉਸ ਨੇ ਜਾਣ ਸਮੇਂ ਦੇਖੀ ਸੀ। ਬਸ਼ੀਰਾਂ ਨੇ ਚਿਹਰੇ 'ਤੇ ਬਣਾਉਟੀ ਜਿਹੀ ਮੁਸਕਰਾਹਟ ਲਿਆਉਂਦਿਆਂ ਕਿਹਾ, "ਕੁਝ ਵੀ ਗੱਲ ਨਹੀਂ। ਯਾਰ

ਮੁਹੰਮਦ ਖ਼ਾਨ ਕਹਿੰਦਾ ਸੀ ਕਿ ਤੁਸੀਂ ਸੰਤ ਨੂੰ ਕਿਉਂ ਨਹੀਂ ਲਿਆਂਦਾ। ਇਤਨਾ ਕਰਾਮਾਤੀ ਸੰਤ ਛੇਤੀ ਲਿਆਓ, ਅੱਬਾ ਕਿਧਰੇ ਕਹਿ ਬੈਠਾ ਕਿ ਨਹੀਂ ਉਹ ਨਹੀਂ ਆ ਸਕਦਾ। ਇਸ 'ਤੇ ਉਸ ਨੂੰ ਗੁੱਸਾ ਚੜ੍ਹ ਗਿਆ ਤੇ ਉਹਨੇ ਕਿਲ੍ਹੇ ਵਿਚ ਹੀ ਰੋਕ ਲਿਆ ਏ। ਮੈਂ ਕਹਿ ਆਈ ਹਾਂ ਕਿ ਮੈਂ ਉਸ ਸੰਤ ਨੂੰ ਲਿਆ ਕੇ ਸਾਹਮਣੇ ਕਰ ਦਿਆਂਗੀ। ਕੱਲ੍ਹ ਸਵੇਰੇ ਸੰਤ ਆ ਜਾਏਗਾ ਤੇ ਅੱਬਾ ਘਰ ਪਹੁੰਚ ਜਾਏਗਾ।"

"ਮੇਰੇ ਤਾਂ ਧੀਏ ਸਾਹ ਹੀ ਸੁੱਕੇ ਰਹੇ ਨੇ। ਮੈਂ ਘੜੀ-ਮੁੜੀ ਸੋਚਦੀ ਸਾਂ ਜਾ-ਜਾਂਦੀਏ ਕਿਹੜੀ ਮੁਸੀਬਤ ਵਿਚ ਫਸ ਗਏ ਨੇ। ਹੁਣੇ ਇਬਰਾਹੀਮ ਦੀ ਤੀਵੀਂ ਇਥੋਂ ਲੰਘੀ ਏ, ਉਹ ਤਾਂ ਕਹਿੰਦੀ ਸੀ, ਕਿ ਜਾਸੂਸ ਹੋਣ ਦਾ ਇਲਜ਼ਾਮ ਲੱਗਾ ਏ," ਬਸ਼ੀਰਾਂ ਦੀ ਮਾਂ ਨੇ ਕਿਹਾ। ਪਰ ਬਸ਼ੀਰਾਂ ਦੀਆਂ ਗੱਲਾਂ ਦਾ ਅਸਰ ਹੋ ਗਿਆ ਸੀ, ਤੇ ਹੁਣ ਉਸਦੇ ਚਿਹਰੇ 'ਤੇ ਉਹ ਘਬਰਾਹਟ ਨਹੀਂ ਸੀ ਜੋ ਪਹਿਲਾਂ ਸੀ। ਬਸ਼ੀਰਾਂ ਨੇ ਵੀ ਜਾਣ-ਬੁੱਝ ਕੇ ਇਸ ਤਰ੍ਹਾਂ ਕਿਹਾ ਸੀ ਤਾਕਿ ਉਹ ਬਹੁਤਾ ਫ਼ਿਕਰ ਨਾ ਕਰੇ। ਉਹਨੂੰ ਪਤਾ ਸੀ ਕਿ ਜੇ ਉਸ ਸਾਰੀ ਗੱਲ ਠੀਕ ਕਰ ਕੇ ਦੱਸ ਦਿੱਤੀ ਤਾਂ ਹੁਣੇ ਉਹਨੇ ਰੋਣ ਲੱਗ ਪੈਣਾ ਏ ਤੇ ਨਾਲ ਹੀ ਉਹਨੂੰ ਗਸ਼ੀ ਪੈ ਜਾਣੀ ਏ। ਫਿਰ ਸਾਂਭਣਾ ਔਖਾ ਹੋ ਜਾਏਗਾ। ਜੇ ਇਸ ਤਰ੍ਹਾਂ ਨਾ ਹੋਇਆ ਤਾਂ ਉਹਨੇ ਨੌਸ਼ਹਿਰੇ ਨਹੀਂ ਜਾਣ ਦੇਣਾ। ਇਸ ਲਈ ਬਸ਼ੀਰਾਂ ਨੇ ਸਾਰੀ ਗੱਲ ਨੂੰ ਹੀ ਬਦਲ ਕੇ ਦੱਸਿਆ ਤੇ ਆਪਣੀ ਚਿੰਤਾ ਨੂੰ ਬਣਾਉਟੀ ਮੁਸਕਰਾਹਟ ਤੇ ਹਾਸੇ ਥੱਲੇ ਲੁਕਾਈ ਰੱਖਿਆ। ਮਾਂ ਦੀ ਗੱਲ ਸੁਣ ਕੇ ਬਸ਼ੀਰਾਂ ਨੇ ਕਿਹਾ, "ਸਾਰੇ ਹੀ ਇਹੋ ਕਹਿੰਦੇ ਪਏ ਨੇ। ਮੈਂ ਜਦੋਂ ਕਿਲ੍ਹੇ ਪੁੱਜੀ ਤਾਂ ਵੱਡੇ ਦਰਵਾਜ਼ੇ ਦੇ ਪਹਿਰੇਦਾਰ ਨੇ ਵੀ ਇਹੀ ਦੱਸਿਆ ਪਰ ਜਦ ਮੈਂ ਹਾਕਮ ਨਾਲ ਜਾ ਕੇ ਗੱਲ ਕੀਤੀ ਤਾਂ ਉਸ ਸਾਫ਼ ਕਿਹਾ ਕਿ ਅਜਿਹਾ ਕੋਈ ਇਲਜ਼ਾਮ ਨਹੀਂ। ਉਹ ਤਾਂ ਚਾਹੁੰਦਾ ਏ ਨਜੂਮੀ ਸੰਤ ਉਹਨੂੰ ਮਿਲਾਇਆ ਜਾਏ। ਅੱਬਾ ਦੇ ਮਨ ਵਿਚ ਪਤਾ ਨਹੀਂ ਉਸ ਸਮੇਂ ਕੀ ਖ਼ਿਆਲ ਆਇਆ ਕਿ ਉਹਨੇ ਤੁਰੰਤ ਇਨਕਾਰ ਕਰ ਕੇ ਹਾਕਮ ਨੂੰ ਨਾਰਾਜ਼ ਕਰ ਲਿਆ। ਅਸਲ ਗੱਲ ਇਹ ਵੇ ਕਿ ਅੱਬਾ ਸਾਡਾ ਵੀ ਮਨ-ਮਰਜ਼ੀ ਦਾ ਮਾਲਕ ਏ, ਮੌਕਾ ਦੇਖ ਕੇ ਗੱਲ ਘੱਟ ਹੀ ਕਰਨ ਦਾ ਯਤਨ ਕਰਦਾ ਏ। ਜੇ ਮੌਕੇ ਅਨੁਸਾਰ ਚਲਦਾ ਤਾਂ ਹੁਣ ਨੂੰ ਕਦੋਂ ਦਾ ਫ਼ੌਜਦਾਰ ਲੱਗਾ ਹੁੰਦਾ ਕਿਧਰੇ।"

"ਫਿਰ ਹੁਣ ਸੰਤ ਨੂੰ ਲਿਆਉਣਾ ਪਵੇਗਾ?" ਬਸ਼ੀਰਾਂ ਦੀ ਮਾਂ ਨੇ ਪੁੱਛਿਆ।

"ਹੋਰ ਕੀ, ਇਸ ਤੋਂ ਸਿਵਾਏ ਹੋਰ ਚਾਰਾ ਹੀ ਕੋਈ ਨਹੀਂ," ਬਸ਼ੀਰਾਂ ਬੋਲੀ।

"ਹੁਣ ਤੇਰਾ ਭਰਾ ਅਕਬਰ ਵੀ ਇਥੇ ਨਹੀਂ! ਉਹ ਕਾਬਲ ਗਿਆ ਏ ਜੇ ਇਥੇ ਹੁੰਦਾ ਤਾਂ ਉਹਨੂੰ ਭੇਜ ਦੇਂਦੇ ਤੇ ਉਹ ਜਾ ਕੇ ਸੰਤ ਨੂੰ ਲੈ ਆਉਂਦਾ," ਮਾਂ ਨੇ ਕਿਹਾ।

"ਮੈਂ ਚਲੀ ਜਾਂਦੀ ਹਾਂ, ਵੀਰ ਨੂੰ ਉਡੀਕਣ ਦੀ ਹੁਣ ਕਾਹਦੀ ਲੋੜ ਏ। ਅਜੇ ਦਿਨ ਨਹੀਂ ਡੁੱਬਾ ਤੇ ਮੈਂ ਦਿਨ ਡੁੱਬਣ ਤੱਕ ਨੌਸ਼ਹਿਰੇ ਨੇੜੇ ਪਹੁੰਚ ਜਾਣਾ ਏ। ਰਾਤ

ਚਾਨਣੀ ਏ ਤੇ ਮੈਂ ਰਾਤ ਨੂੰ ਡੇਰੇ ਪਹੁੰਚ ਜਾਣਾ ਏ," ਬਸ਼ੀਰਾਂ ਨੇ ਸਾਰਾ ਪ੍ਰੋਗਰਾਮ ਬਣਾ ਕੇ ਮਾਂ ਨੂੰ ਪੇਸ਼ ਕਰ ਦਿੱਤਾ।

"ਮੇਰਾ ਜੀ ਨਹੀਂ ਕਰਦਾ ਕਿ ਤੈਨੂੰ ਭੇਜਾਂ। ਸ਼ਾਮਾਂ ਵੇਲੇ ਜਵਾਨ ਕੁੜੀ ਨੂੰ ਘਰੋਂ ਭੇਜਣਾ ਕੋਈ ਸਿਆਣਪ ਨਹੀਂ ਤੇ ਦੂਜਾ ਤੈਨੂੰ ਭੇਜ ਕੇ ਮੈਂ ਇਕੱਲੀ ਕਿਵੇਂ ਰਵ੍ਹਾਂਗੀ," ਮਾਂ ਨੇ ਡਰ ਨਾਲ ਆਪਣੇ ਦੋਵੇਂ ਹੱਥ ਛਾਤੀ 'ਤੇ ਰੱਖਦਿਆਂ ਕਿਹਾ।

"ਜੇ ਮੈਂ ਨਾ ਜਾਵਾਂ ਤਾਂ ਫਿਰ ਹੋਰ ਕੌਣ ਜਾਏ?" ਬਸ਼ੀਰਾਂ ਨੇ ਮਾਂ 'ਤੇ ਸਵਾਲ ਕੀਤਾ।

"ਕਿਸੇ ਨੌਕਰ ਨੂੰ ਭੇਜ ਦਿੰਦੇ ਹਾਂ, ਉਥੇ ਕਰਨਾ ਕੀ ਏ, ਜਾ ਕੇ ਸੰਤ ਨੂੰ ਸੱਦ ਹੀ ਲਿਆਉਣਾ ਏ।" ਮਾਂ ਨੇ ਕਿਹਾ।

"ਨਹੀਂ, ਇਹ ਕੰਮ ਨੌਕਰਾਂ ਦਾ ਨਹੀਂ। ਉਹਨੇ ਨੌਕਰਾਂ ਨਾਲ ਨਹੀਂ ਆਉਣਾ। ਮੈਨੂੰ ਪੱਕਾ ਯਕੀਨ ਏ ਕਿ ਜਦ ਤਕ ਮੈਂ ਨਾ ਜਾਵਾਂ ਜਾਂ ਵੀਰਾ ਨਾ ਜਾਏ, ਉਹ ਨਹੀਂ ਆਏਗਾ," ਬਸ਼ੀਰਾਂ ਨੇ ਰਾਇ ਦਿੱਤੀ।

"ਉਹ ਤਾਂ ਆਪ ਕਹਿੰਦਾ ਸੀ, ਕਿ ਮੈਂ ਪਿਸ਼ੌਰ ਆਵਾਂਗਾ," ਮਾਂ ਨੇ ਫਿਰ ਕਿਹਾ।

"ਮੈਂ ਆਪ ਜਾਨੀ ਆਂ," ਬਸ਼ੀਰਾਂ ਨੇ ਕਿਹਾ, "ਘੋੜਾ ਲੈ ਲੈਂਦੀ ਆਂ ਅੱਬਾ ਵਾਲਾ, ਸੜਕ ਸਿੱਧੀ ਜਾਂਦੀ ਏ, ਘੋੜੇ 'ਤੇ ਭੱਜੇ ਜਾਂਦਿਆਂ ਕਿਸ ਰਾਹ ਰੋਕਣਾ ਏ। ਨਾਲੇ ਤੁਸੀਂ ਕੁੜੀਆਂ ਨੂੰ ਨਿਰਾ ਕਮਜ਼ੋਰ ਨਾ ਸਮਝੀ ਜਾਓ। ਮੈਂ ਆਪਣੀ ਰਾਖੀ ਆਪ ਕਰਨਾ ਜਾਣਦੀ ਆਂ।"

ਬਸ਼ੀਰਾਂ ਨੇ ਨੌਕਰ ਨੂੰ ਅਵਾਜ਼ ਦਿੱਤੀ ਤੇ ਉਹਨੂੰ ਉਮਰ ਹਯਾਤ ਖ਼ਾਨ ਵਾਲਾ ਚਿੱਟਾ ਘੋੜਾ ਤੁਰੰਤ ਤਿਆਰ ਕਰ ਕੇ ਲਿਆਉਣ ਲਈ ਕਿਹਾ। ਬਸ਼ੀਰਾਂ ਅੰਦਰ ਚਲੀ ਗਈ ਤੇ ਜਾ ਕੇ ਜ਼ਨਾਨਾ ਕਪੜੇ ਲਾਹ ਦਿੱਤੇ ਤੇ ਉਹਦੀ ਥਾਂ ਅਕਬਰ ਦੇ ਕਪੜੇ ਪਾ ਕੇ ਮਰਦਾਵੇਂ ਭੇਸ ਵਿਚ ਘੋੜੇ 'ਤੇ ਸਵਾਰ ਹੋ ਕੇ ਟੁਰ ਪਈ।

ਬਸ਼ੀਰਾਂ ਨੇ ਘੋੜਾ ਸਰਪੱਟ ਛੱਡ ਦਿੱਤਾ। ਉਹ ਘੋੜ-ਸਵਾਰੀ ਦੀ ਬਹੁਤ ਸ਼ੌਕੀਨ ਸੀ ਤੇ ਨਿੱਕੇ ਹੁੰਦਿਆਂ ਹੀ ਉਸ ਨੇ ਘੋੜ-ਸਵਾਰੀ ਸਿਖ ਲਈ ਸੀ। ਭਾਵੇਂ ਪਠਾਣ ਮਾਪੇ ਆਮ ਤੌਰ 'ਤੇ ਕੁੜੀਆਂ ਨੂੰ ਇਸ ਤਰ੍ਹਾਂ ਦੇ ਕੰਮਾਂ ਵਿਚ ਨਹੀਂ ਸਨ ਪੈਣ ਦਿੰਦੇ ਪਰ ਉਮਰ ਹਯਾਤ ਖ਼ਾਨ ਨੇ ਬਸ਼ੀਰਾਂ ਦੇ ਬਹੁਤ ਜ਼ੋਰ ਦੇਣ 'ਤੇ ਉਹਨੂੰ ਆਗਿਆ ਦੇ ਦਿੱਤੀ ਸੀ। ਉਹ ਸਿਖਲਾਈ ਬਸ਼ੀਰਾਂ ਦੇ ਅੱਜ ਕੰਮ ਆਈ।

ਅਜੇ ਪਿਸ਼ੌਰ ਤੋਂ ਥੋੜ੍ਹੀ ਦੂਰ ਹੀ ਗਈ ਸੀ ਕਿ ਦਿਨ ਡੁੱਬ ਗਿਆ। ਜਿਉਂ ਜਿਉਂ ਪੱਛਮ ਵਿਚ ਡੁਬਦੇ ਸੂਰਜ ਦੀ ਲਾਲੀ ਘਟਦੀ ਜਾ ਰਹੀ ਸੀ, ਬਸ਼ੀਰਾਂ ਦਾ ਘੋੜਾ ਓਨਾ ਹੀ ਤੇਜ਼ ਹੁੰਦਾ ਜਾ ਰਿਹਾ ਸੀ। ਕੱਚੇ ਰਾਹ 'ਤੇ ਦੂਰ ਤਕ ਸਿਵਾਏ ਘੱਟਾ-ਮਿੱਟੀ ਦੇ ਹੋਰ

ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਦੂਰੋਂ ਇਉਂ ਜਾਪਦਾ ਸੀ ਜਿਵੇਂ ਘੱਟਾ ਉਡਦਾ ਆ ਰਿਹਾ ਹੈ। ਬਹੁਤ ਨੇੜੇ ਤੋਂ ਹੀ ਪਛਾਣ ਹੋ ਸਕਦੀ ਸੀ ਕਿ ਇਹ ਕੋਈ ਘੋੜਾ ਆ ਰਿਹਾ ਹੈ। ਘੋੜ-ਸਵਾਰ ਨੂੰ ਗਹੁ ਨਾਲ ਦੇਖਣ ਦਾ ਤਾਂ ਸਵਾਲ ਹੀ ਨਹੀਂ ਸੀ। ਇਸ ਗੱਲ ਦੀ ਬਸ਼ੀਰਾਂ ਨੂੰ ਵੀ ਤਸੱਲੀ ਸੀ ਕਿ ਉਸ ਨੂੰ ਕੋਈ ਪਛਾਣ ਨਹੀਂ ਸਕੇਗਾ। ਦੂਰੋਂ ਉਹ ਪੂਰਾ ਮਰਦ ਜਾਪਦੀ ਸੀ, ਪਰ ਬਹੁਤ ਨੇੜੇ ਹੋ ਕੇ ਉਸਦੇ ਸਰੀਰ ਨੂੰ ਬਹੁਤ ਧਿਆਨ ਨਾਲ ਦੇਖਣ 'ਤੇ ਵੀ ਕੋਈ ਵਿਰਲਾ ਹੀ ਪਛਾਣ ਸਕਦਾ ਸੀ।

ਰਾਹ ਵਿਚ ਸੜਕ ਦੇ ਦੋਵੇਂ ਪਾਸੇ ਵੱਡੇ ਵੱਡੇ ਰੁੱਖ ਆ ਗਏ, ਜਿਨ੍ਹਾਂ ਦੇ ਟਾਹਣਾ ਨੇ ਸੜਕ 'ਤੇ ਝੁਕ ਕੇ ਛੱਤ ਪਾਈ ਹੋਈ ਸੀ। ਇਸ ਥਾਂ ਰੁੱਖ ਇਤਨੇ ਵੱਡੇ ਵੱਡੇ ਸਨ ਕਿ ਉਹਨਾਂ ਦੇ ਪੱਤਿਆਂ ਵਿਚੋਂ ਦਿਨ ਨੂੰ ਸੂਰਜ ਦਾ ਚਾਨਣ ਵੀ ਨਹੀਂ ਸੀ ਲੰਘ ਸਕਦਾ। ਰਾਤ ਨੂੰ ਚੰਨ ਦੀ ਚਾਨਣੀ ਦੇ ਲੰਘ ਜਾਣ ਦਾ ਤਾਂ ਕੋਈ ਸਵਾਲ ਹੀ ਨਹੀਂ ਸੀ। ਜਦ ਬਸ਼ੀਰਾਂ ਦਾ ਘੋੜਾ ਉਥੇ ਪੁੱਜਾ ਤਾਂ ਹਨੇਰਾ ਦੇਖ ਕੇ ਬਸ਼ੀਰਾਂ ਕੁਝ ਝਕੀ ਪਰ ਘੋੜਾ ਉਸਦਾ ਉਸੇ ਤਰ੍ਹਾਂ ਸਰਪੱਟ ਭੱਜਾ ਜਾਂਦਾ ਰਿਹਾ।

ਰੁੱਖਾਂ ਦੇ ਵਿਚਕਾਰ ਕਰਕੇ ਇਕ ਥਾਂ ਬਹੁਤ ਸਾਰੇ ਛਾਪੇ ਰੱਖ ਕੇ ਸੜਕ ਰੁਕੀ ਪਈ ਸੀ। ਬਸ਼ੀਰਾਂ ਦਾ ਘੋੜਾ ਰੁਕ ਗਿਆ। ਉਹਨੇ ਸੁਣਿਆ ਹੋਇਆ ਸੀ ਕਿ ਜਦ ਚੋਰਾਂ ਡਾਕੂਆਂ ਜਾਂ ਰਾਹਮਾਰਾਂ ਨੇ ਕਿਸੇ ਨੂੰ ਲੁੱਟਣਾ ਹੋਵੇ ਤਾਂ ਉਹ ਇਸ ਤਰ੍ਹਾਂ ਰਾਹ ਰੋਕ ਲਿਆ ਕਰਦੇ ਹਨ। ਇਸ ਲਈ ਉਹ ਡਰ ਗਈ ਪਰ ਦਲੇਰੀ ਕਰਕੇ ਉਸ ਘੋੜਾ ਰੁੱਖਾਂ ਦੇ ਵਿਚੋਂ ਨਿਕਲਦੇ ਇਕ ਤੰਗ ਜਿਹੇ ਰਾਹ ਵੱਲ ਮੋੜ ਲਿਆ। ਅਜੇ ਉਹ ਦੋ-ਚਾਰ ਕਦਮ ਹੀ ਗਈ ਸੀ ਕਿ ਠਾਹ ਕਰਕੇ ਗੋਲੀ ਚੱਲਣ ਦੀ ਆਵਾਜ਼ ਆਈ। ਉਸ ਨੇ ਘੋੜੇ ਦੀਆਂ ਵਾਗਾਂ ਖਿੱਚ ਕੇ ਘੋੜਾ ਖੜਾ ਕਰ ਲਿਆ ਤੇ ਚਾਰ-ਚੁਫੇਰੇ ਧਿਆਨ ਨਾਲ ਦੇਖਿਆ। ਉਹਨੂੰ ਸਮਝ ਨਾ ਆ ਸਕੀ ਕਿ ਇਹ ਆਵਾਜ਼ ਕਿਸ ਪਾਸਿਓਂ ਆ ਰਹੀ ਹੈ।

ਝੱਟ ਹੀ ਕੁਝ ਆਦਮੀ ਰੁੱਖਾਂ ਉਹਲਿਓਂ ਸਾਹਮਣੇ ਆ ਗਏ। ਦੋ ਨੇ ਬੰਦੂਕਾਂ ਸਿੱਧੀਆਂ ਕੀਤੀਆਂ ਹੋਈਆਂ ਸਨ ਤੇ ਬਾਕੀਆਂ ਕੋਲ ਨਿਰੀਆਂ ਡਾਂਗਾਂ ਸਨ। ਜਦ ਉਸ ਨੇ ਪਿੱਛੇ ਨਜ਼ਰ ਮਾਰੀ ਤਾਂ ਉਧਰ ਵੀ ਦੋ ਆਦਮੀ ਖੜੇ ਸਨ। ਹੁਣ ਉਹ ਸਾਰਿਆਂ ਪਾਸਿਆਂ ਤੋਂ ਘਿਰੀ ਹੋਈ ਸੀ।

ਇਕ ਬੰਦੂਕ ਵਾਲੇ ਨੇ ਕੁਝ ਕਦਮ ਹੋਰ ਪੁੱਟੇ ਤੇ ਨੇੜੇ ਹੋ ਕੇ ਕਿਹਾ, "ਘੋੜੇ ਤੋਂ ਉਤਰ ਆ।"

"ਕਿਉਂ ?" ਬਸ਼ੀਰਾਂ ਨੇ ਕਿਹਾ।

"ਇਹ ਫਿਰ ਦੱਸਦੇ ਹਾਂ, ਪਹਿਲਾਂ ਥੱਲੇ ਉਤਰ," ਉਸ ਨੇ ਗਰਜਵੀਂ ਆਵਾਜ਼ ਵਿਚ ਕਿਹਾ। ਬਸ਼ੀਰਾਂ ਆਪਣੇ ਕਪੜੇ ਸਾਂਭਣ ਲੱਗੀ ਤਾਂ ਉਸ ਫਿਰ ਕਿਹਾ, "ਕੋਈ

ਹਥਿਆਰ ਕੱਢਣ ਦਾ ਯਤਨ ਕੀਤਾ ਤਾਂ ਗੋਲੀ ਸੀਨਾ ਪਾਰ ਕਰ ਜਾਏਗੀ। ਭਲਾ ਏਸੇ ਵਿਚ ਏ ਕਿ ਤੂੰ ਥੱਲੇ ਉਤਰ ਆ।"

ਬਸ਼ੀਰਾਂ ਘੋੜੇ 'ਤੋਂ ਥੱਲੇ ਉਤਰੀ। ਹੁਣ ਉਹਦਾ ਸਾਰਾ ਸਰੀਰ ਡਰ ਨਾਲ ਕੰਬ ਰਿਹਾ ਸੀ ਤੇ ਉਹਦੀਆਂ ਲੱਤਾਂ ਵਿਚ ਇਤਨੀ ਵੀ ਸ਼ਕਤੀ ਨਹੀਂ ਸੀ ਕਿ ਉਹ ਆਪਣੇ ਪੈਰਾਂ 'ਤੇ ਖੜੀ ਹੋ ਸਕੇ। ਘੋੜੇ ਨਾਲ ਢਾਸਣਾ ਲਾ ਕੇ ਬਸ਼ੀਰਾਂ ਨੇ ਕਿਹਾ, "ਮੇਰੇ ਪਾਸ ਕੁਝ ਨਹੀਂ ਜੋ ਤੁਸੀਂ ਚਾਹੁੰਦੇ ਹੋ।"

"ਅੱਗੇ ਹੋ ਕੇ ਝਟ-ਪਟ ਇਹਦੀ ਤਲਾਸ਼ੀ ਲਓ," ਬੰਦੂਕ ਵਾਲੇ ਨੇ ਦੋ ਡਾਂਗਾਂ ਵਾਲਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ।

"ਮੈਂ ਸੱਚ ਕਹਿ ਰਿਹਾ ਹਾਂ ਕਿ ਮੇਰੇ ਪਾਸ ਕੁਝ ਨਹੀਂ। ਤੁਸੀਂ ਮੇਰੀ ਤਲਾਸ਼ੀ ਕਿਉਂ ਲੈਂਦੇ ਹੋ ? ਜੇ ਕੁਝ ਵੀ ਮੇਰੇ ਕੋਲ ਹੁੰਦਾ ਤਾਂ ਉਹ ਮੈਂ ਆਪੇ ਕੱਢ ਕੇ ਦੇ ਦੇਣਾ ਸੀ," ਬਸ਼ੀਰਾਂ ਨੇ ਕਿਹਾ। ਉਹਨੂੰ ਡਰ ਸੀ ਕਿ ਜੇ ਇਹ ਮੇਰੀ ਤਲਾਸ਼ੀ ਲੈਣ ਲੱਗੇ ਤਾਂ ਕਿਧਰੇ ਇਹ ਭੇਦ ਨਾ ਖੁਲ੍ਹ ਜਾਏ ਕਿ ਮੈਂ ਜ਼ਨਾਨੀ ਹਾਂ। ਜੇ ਇਹ ਪਤਾ ਲੱਗ ਗਿਆ ਤਾਂ ਫਿਰ ਸਰੀਰ ਵੀ ਨਹੀਂ ਬਚ ਸਕੇਗਾ। ਉਂਝ ਤਾਂ ਭਾਵੇਂ ਇਹ ਘੋੜਾ ਖੋਹ ਕੇ ਸ਼ਾਇਦ ਛੱਡ ਹੀ ਦੇਣ।

ਇਕ ਆਦਮੀ ਤਲਾਸ਼ੀ ਲੈਣ ਲਈ ਅੱਗੇ ਵਧਿਆ ਤਾਂ ਬਸ਼ੀਰਾਂ ਥੋੜ੍ਹੀ ਜਿਹੀ ਪਿੱਛੇ ਹਟੀ। ਆਦਮੀ ਹੋਰ ਅੱਗੇ ਵਧਿਆ ਤੇ ਬਸ਼ੀਰਾਂ ਘੋੜੇ ਦੀ ਗਰਦਨ ਤੋਂ ਹੱਥ ਚੁੱਕ ਕੇ ਦੂਜੇ ਪਾਸੇ ਹੋ ਗਈ। ਬੰਦੂਕ ਵਾਲੇ ਨੇ ਗੁੱਸੇ ਨਾਲ ਕਿਹਾ, "ਕੀ ਵੇਖਦਾ ਪਿਆ ਏਂ ਧਰ ਡਾਂਗ ਇਹਦੇ ਸਿਰ ਵਿਚ। ਇਸ ਤਰ੍ਹਾਂ ਸਿੱਧੀ ਹੱਥੀਂ ਇਸ ਤਲਾਸ਼ੀ ਨਹੀਂ ਦੇਣੀ। ਦੋ ਆਦਮੀ ਝਪਟ ਕੇ ਪਏ ਤੇ ਉਹਨਾਂ ਬਸ਼ੀਰਾਂ ਨੂੰ ਫੜ ਲਿਆ। ਬਸ਼ੀਰਾਂ ਦੀ ਚੀਕ ਨਿਕਲ ਗਈ ਤੇ ਨਾਲ ਹੀ ਉਹਦੇ ਮੂੰਹੋਂ ਨਿਕਲ ਗਿਆ, "ਬਚਾਓ, ਹਾਏ ਮੈਂ ਮਰ ਗਈ।"

"ਹੈਂ ਇਹ ਜ਼ਨਾਨੀ ਏ ?" ਬੰਦੂਕ ਵਾਲੇ ਨੇ ਤੁਰਤ ਹੀ ਉਸਦੀ ਚੀਕ ਤੋਂ ਪਿਛੋਂ ਕਿਹਾ। ਅਸਲ ਵਿਚ ਪਹਿਲਾਂ ਹੀ ਉਹ ਆਵਾਜ਼ ਤੋਂ ਅਨੁਭਵ ਕਰ ਰਿਹਾ ਸੀ ਕਿ ਇਹ ਮਰਦਾਵੀਂ ਨਹੀਂ। ਇੰਨੀ ਬਾਰੀਕ ਆਵਾਜ਼ ਕਿਸੇ ਮਰਦ ਦੀ ਘੱਟ ਹੀ ਹੁੰਦੀ ਏ। ਹੁਣ ਜਦੋਂ ਇਹਦੇ ਮੂੰਹੋਂ 'ਹਾਏ ਮੈਂ ਮਰ ਗਈ' ਸ਼ਬਦ ਨਿਕਲੇ ਤਾਂ ਉਸ ਨੂੰ ਹੋਰ ਸ਼ੱਕ ਪੈ ਗਿਆ ਤੇ ਉਸ ਕਿਹਾ, "ਇਹ ਸਚਮੁਚ ਜ਼ਨਾਨੀ ਜੇ," ਇਹਨੂੰ ਝਪਟ ਕੇ ਫੜਨ ਵਾਲੇ ਇਕ ਆਦਮੀ ਨੇ ਕਿਹਾ।

ਬਸ਼ੀਰਾਂ ਚੀਕ ਮਾਰਨ ਪਿਛੋਂ ਇਤਨੀ ਸਖ਼ਤ ਘਬਰਾ ਗਈ ਕਿ ਉਹ ਬੇਹੋਸ਼ ਹੋ ਗਈ। ਉਸਦਾ ਸਰੀਰ ਇਕ-ਦਮ ਸਿਥਲ ਹੋ ਕੇ ਡਿੱਗ ਪਿਆ। ਸਾਰੇ ਡਾਕੂ ਉਹਦੇ ਆਲੇ-ਦੁਆਲੇ ਆ ਗਏ ਤੇ ਇਕ ਨੇ ਝਟ-ਪਟ ਮਸ਼ਾਲ ਬਾਲ ਲਈ। ਹਨੇਰਾ ਇਸ ਸਮੇਂ ਇਤਨਾ ਸੀ ਕਿ ਸਰੀਰ ਪੂਰੀ ਤਰ੍ਹਾਂ ਸਪੱਸ਼ਟ ਰੂਪ ਵਿਚ ਨਜ਼ਰ ਨਹੀਂ ਸੀ ਆਉਂਦਾ।

ਦੋ ਆਦਮੀਆਂ ਨੇ ਉਸਦੀ ਤਲਾਸ਼ੀ ਲਈ ਤੇ ਉੱਪਰ ਪਾਏ ਮਰਦਾਵੇਂ ਕੱਪੜਿਆਂ

ਦੇ ਹੇਠਾਂ ਜ਼ਨਾਨੇ ਕਪੜੇ ਸਨ। ਫਿਰ ਮੁਖੀ ਬੰਦੂਕ ਵਾਲੇ ਨੂੰ ਪੁੱਛਿਆ, "ਹੁਣ ਕੀ ਕੀਤਾ ਜਾਏ। ਇਸ ਕੋਲ ਤਾਂ ਕੁਝ ਵੀ ਨਹੀਂ।"

"ਇਸਦਾ ਘੋੜਾ ਲੈ ਲਓ ਤੇ ਇਹਨੂੰ ਚੁੱਕ ਕੇ ਘੋੜੇ 'ਤੇ ਸੁੱਟ ਲਓ। ਆਪਣੇ ਡੇਰੇ ਚੱਲ ਕੇ ਇਸ ਬਾਰੇ ਫ਼ੈਸਲਾ ਕਰਾਂਗੇ। ਜ਼ਨਾਨੀ ਕਾਬੂ ਆਈ ਹੱਥੋਂ ਨਹੀਂ ਜਾਣ ਦੇਣੀ ਚਾਹੀਦੀ," ਬੰਦੂਕ ਵਾਲਾ ਮੁਖੀ ਬੋਲਿਆ।

ਦੋ ਆਦਮੀਆਂ ਨੇ ਚੁੱਕ ਕੇ ਉਹਨੂੰ ਘੋੜੇ 'ਤੇ ਉਲਟਾ ਪਾ ਦਿੱਤਾ। ਇਕ ਪਾਸੇ ਉਸ ਦਾ ਸਿਰ ਲਟਕਣ ਲੱਗ ਪਿਆ ਤੇ ਦੂਜੇ ਪਾਸੇ ਲੱਤਾਂ। ਇਕ ਆਦਮੀ ਘੋੜੇ 'ਤੇ ਚੜ੍ਹ ਬੈਠਾ ਤੇ ਬਾਕੀਆਂ ਨੇ ਆਸੇ-ਪਾਸੇ ਹੋ ਕੇ ਆਸਰਾ ਦੇ ਕੇ ਟੁਰਨਾ ਸ਼ੁਰੂ ਕਰ ਦਿੱਤਾ ਪਰ ਇਸ ਤਰ੍ਹਾਂ ਸਾਰੇ ਥੱਕ ਗਏ। ਅਖ਼ੀਰ ਇਕ ਆਦਮੀ ਨੇ ਕਿਹਾ, "ਇਸ ਨਾਲੋਂ ਤਾਂ ਚੰਗਾ ਏ ਕਿ ਇਹਨੂੰ ਵਾਰੀ ਵਾਰੀ ਅਸੀਂ ਹੀ ਚੁੱਕੀ ਚਲੀਏ।"

"ਜਵਾਨ ਜ਼ਨਾਨੀ ਦੀ ਇਤਨੀ ਭਾਰੀ ਲੋਥ ਕੋਈ ਚੁੱਕੀ ਜਾਣੀ ਏਂ," ਦੂਜੇ ਨੇ ਕਿਹਾ।

"ਮੈਂ ਚੁਕਦਾ ਹਾਂ," ਪਹਿਲੇ ਨੇ ਕਿਹਾ ਤੇ ਬਸ਼ੀਰਾਂ ਦੇ ਬੇਹੋਸ਼ ਪਏ ਸਰੀਰ ਨੂੰ ਚੁੱਕ ਲਿਆ। ਅਜੇ ਰੁੱਖਾਂ ਦਾ ਝੁੰਡ ਮੁੱਕਾ ਨਹੀਂ ਸੀ ਕਿ ਪਿਛਲੇ ਪਾਸਿਓਂ ਬੰਦੂਕ ਚੱਲਣ ਦੀ ਅਵਾਜ਼ ਆਈ ਤੇ ਉਹ ਆਦਮੀ ਜੋ ਉਸਨੂੰ ਚੁੱਕੀ ਜਾ ਰਿਹਾ ਸੀ, ਬਸ਼ੀਰਾਂ ਸਮੇਤ ਸੜਕ 'ਤੇ ਮੂੰਹ ਪਰਨੇ ਜਾ ਡਿੱਗਾ। ਗੋਲੀ ਉਸ ਦੇ ਸਿਰ ਵਿਚ ਲੱਗੀ ਸੀ ਤੇ ਉਹ ਮਗ਼ਜ਼ ਦੇ ਵਿਚੋਂ ਲੰਘਦੀ ਮੱਥੇ 'ਚੋਂ ਪਾਰ ਹੋ ਗਈ ਸੀ।

ਡਾਕੂਆਂ ਵਿਚ ਘਬਰਾਹਟ ਮੱਚ ਗਈ। ਬੰਦੂਕਾਂ ਵਾਲਿਆਂ ਨੇ ਬੰਦੂਕਾਂ ਸਿੱਧੀਆਂ ਕੀਤੀਆਂ ਪਰ ਮਾਰਨ ਕਿਸ ਨੂੰ, ਕੋਈ ਆਦਮੀ ਸਾਹਮਣੇ ਨਜ਼ਰ ਨਹੀਂ ਸੀ ਆ ਰਿਹਾ। ਅਜੇ ਉਹ ਰੁੱਖਾਂ ਦੇ ਉਹਲੇ ਹੋ ਕੇ ਬਚਣ ਲਈ ਟੁਰਨ ਹੀ ਲੱਗੇ ਸਨ ਕਿ ਇਕ ਹੋਰ ਗੋਲੀ ਚੱਲੀ ਤੇ ਬੰਦੂਕ ਵਾਲਾ ਮੁਖੀ ਦੂਜਾ ਸਾਹ ਨਾ ਲੈ ਸਕਿਆ, ਕਿਉਂਕਿ ਗੋਲੀ ਉਹਦੇ ਦਿਲ ਨੂੰ ਪਾਰ ਕਰ ਗਈ ਸੀ।

ਉਹਦੇ ਡਿੱਗਣ ਦੀ ਦੇਰ ਸੀ ਕਿ ਬਾਕੀ ਸਾਰੇ ਭੱਜ ਉੱਠੇ। ਪਿਛੋਂ ਜ਼ੋਰ ਦੀ ਲਲਕਾਰਵੀਂ ਆਵਾਜ਼ ਆਈ, "ਹੁਣ ਜਾਇਆ ਜੇ ਨਾ ਕਿਧਰੇ। ਪਿਉ ਦੇ ਪੁੱਤਰ ਹੋ ਤਾਂ ਠਹਿਰੋ ਇਥੇ।"

ਉਂਝ ਕੋਈ ਜੇਕਰ ਇਸ ਤਰ੍ਹਾਂ ਲਲਕਾਰਦਾ ਤਾਂ ਇਹ ਡਾਕੂ ਉਹਦੀ ਜ਼ਬਾਨ ਖਿੱਚ ਲੈਂਦੇ ਪਰ ਹੁਣ ਉਹ ਇਤਨੇ ਘਬਰਾਏ ਹੋਏ ਸਨ ਕਿ ਉਹਨਾਂ ਪਿਛੇ ਮੁੜ ਕੇ ਵੀ ਨਾ ਦੇਖਿਆ। ਬੰਦੂਕ ਵਾਲਾ ਦੂਜਾ ਤਾਂ ਇਤਨਾ ਡਰਿਆ ਕਿ ਉਹ ਹੱਥੋਂ ਬੰਦੂਕ ਛੱਡ ਕੇ ਹੀ ਭੱਜ ਗਿਆ।

ਹਮਲਾ ਕਰਨ ਵਾਲੇ ਚਾਰ ਆਦਮੀ ਸਨ, ਜਿਨ੍ਹਾਂ ਮੜਾਸੇ ਮਾਰੇ ਹੋਏ ਸਨ ਤੇ ਕੱਪੜੇ ਨਾਲ ਉਹਨਾਂ ਨੇ ਚਿਹਰੇ ਢੱਕੇ ਹੋਏ ਸਨ। ਕੇਵਲ ਦੇਖਣ ਲਈ ਉਹਨਾਂ ਅੱਖਾਂ ਤੋਂ ਆਪਣਾ ਮੂੰਹ ਕੁਝ ਨੰਗਾ ਕੀਤਾ ਹੋਇਆ ਸੀ। ਉਹ ਅੱਗੇ ਆ ਗਏ ਤੇ ਉਹਨਾਂ ਅੱਗ ਬਾਲ ਕੇ ਦੇਖਿਆ ਤਾਂ ਦੋ ਆਦਮੀ ਮੋਏ ਪਏ ਸਨ ਤੇ ਇਕ ਜਣਾ ਬਿਲਕੁਲ ਠੀਕ ਸੀ, ਪਰ ਉਹ ਉਂਝ ਬੇਹੋਸ਼ ਸੀ। ਉਹਨਾਂ ਹੱਥ ਫੜ ਕੇ ਨਬਜ਼ ਦੇਖੀ ਤਾਂ ਤਿੰਨਾਂ ਵਿਚੋਂ ਸਿਰਫ਼ ਇਕ ਦੀ ਨਬਜ਼ ਚੱਲ ਰਹੀ ਸੀ। ਉਹਦੇ ਨੇੜੇ ਕਰਕੇ ਰੋਸ਼ਨੀ ਵਿਚ ਉਹਨੂੰ ਦੇਖ ਕੇ ਇਕ ਨੇ ਕਿਹਾ, "ਇਹੀ ਜ਼ਨਾਨੀ ਜੇ ਜਿਸ ਦੀਆਂ ਚੀਕਾਂ ਨਿਕਲਦੀਆਂ ਸਨ।"

"ਪਰ ਮਰਦਾਵੇਂ ਕੱਪੜਿਆਂ ਵਿਚ ਕਿਵੇਂ," ਦੂਜੇ ਨੇ ਹੈਰਾਨੀ ਨਾਲ ਕਿਹਾ।

ਇਹਦੇ ਵਿਚ ਵੀ ਕੋਈ ਰਾਜ਼ ਹੋਣਾ ਏ ਇਹਨੂੰ ਆਪਣੇ ਡੇਰੇ ਲੈ ਚੱਲੀਏ," ਤੀਜੇ ਨੇ ਕਿਹਾ।

"ਸਾਡਾ ਹੁਣ ਇਥੇ ਠਹਿਰਨਾ ਠੀਕ ਨਹੀਂ," ਇਕ ਹੋਰ ਨੇ ਕਿਹਾ।

"ਚਲੋ ਇਹਨੂੰ ਚੁੱਕੋ," ਉਹਨਾਂ ਵਿਚੋਂ ਇਕ ਨੇ ਕਿਹਾ। ਜਿਵੇਂ ਪਹਿਲੇ ਆਦਮੀ ਉਹਨੂੰ ਚੁੱਕ ਕੇ ਲਿਜਾ ਰਹੇ ਸਨ, ਇਸੇ ਤਰ੍ਹਾਂ ਇਹਨਾਂ ਚੁੱਕਿਆ ਤੇ ਰੁੱਖਾਂ ਵਿਚੋਂ ਲੈ ਕੇ ਬਾਹਰ ਆ ਗਏ। ਅੱਗੋਂ ਘੋੜੇ 'ਤੇ ਬਿਠਾ ਕੇ ਇਕ ਆਦਮੀ ਡੇਰੇ ਲੈ ਆਇਆ।

ਇਹਨਾਂ ਦਾ ਡੇਰਾ ਕੋਈ ਵਸੋਂ ਵਾਲੀ ਥਾਂ ਨਹੀਂ ਸੀ। ਇਕ ਜੰਗਲ ਦੇ ਵਿਚਕਾਰ ਕਰਕੇ ਕੁਝ ਰੁੱਖ ਤੇ ਝਾੜੀਆਂ ਸਾਫ਼ ਕਰ ਕੇ ਥਾਂ ਬਣਾਈ ਹੋਈ ਸੀ ਤੇ ਕੱਖਾਂ-ਕਾਨਿਆਂ ਨਾਲ ਇਕ ਝੁੱਗੀ ਜਿਹੀ ਛੱਤੀ ਹੋਈ ਸੀ। ਇਥੇ ਸ਼ਾਇਦ ਇਨ੍ਹਾਂ ਤੋਂ ਬਿਨਾ ਕਦੇ ਕੋਈ ਮਨੁੱਖ ਨਹੀਂ ਸੀ ਆਇਆ।

ਬਸ਼ੀਰਾਂ ਦੇ ਮੂੰਹ 'ਤੇ ਪਾਣੀ ਦੇ ਛਿੱਟੇ ਮਾਰੇ ਗਏ। ਉਹਨੂੰ ਕੁਝ ਚਿਰ ਪਿਛੋਂ ਹੋਸ਼ ਆਈ ਪਰ ਜਦ ਉਸਨੇ ਅੱਖ ਪੁੱਟ ਕੇ ਦੇਖਿਆ ਤਾਂ ਉਹਦੇ ਆਸੇ-ਪਾਸੇ ਆਦਮੀ ਖੜੇ ਸਨ ਉਹ ਫਿਰ ਘਬਰਾ ਗਈ ਤੇ ਉਹਨੂੰ ਦੰਦਣ ਪੈ ਗਈ।

ਫਿਰ ਝੱਟ ਪਿਛੋਂ ਠੀਕ ਹੋਈ ਤਾਂ ਉਸ ਸਮੇਂ ਝੁੱਗੀ ਵਿਚ ਕੋਈ ਨਹੀਂ ਸੀ। ਸ਼ਾਇਦ ਜਾਣ-ਬੁੱਝ ਕੇ ਸਾਰੇ ਅੱਖੋਂ ਉਹਲੇ ਹੋ ਗਏ ਸਨ ਤਾਕਿ ਉਹ ਹੋਸ਼ ਵਿਚ ਆ ਜਾਏ। ਬਸ਼ੀਰਾਂ ਉੱਠ ਬੈਠੀ, ਉਹਨੂੰ ਕੋਈ ਸੱਟ ਨਹੀਂ ਸੀ ਵੱਜੀ ਤੇ ਨਾ ਹੀ ਕੋਈ ਹੋਰ ਨੁਕਸਾਨ ਹੋਇਆ ਸੀ, ਇਸ ਲਈ ਹੋਸ਼ ਆਉਂਦਿਆਂ ਹੀ ਉਹ ਇਸ ਤਰ੍ਹਾਂ ਉੱਠ ਕੇ ਬੈਠ ਗਈ ਜਿਵੇਂ ਮਨੁੱਖ ਨੀਂਦਰ ਤੋਂ ਉਠਦਾ ਹੈ।

ਚਾਰੇ ਪਾਸੇ ਨਜ਼ਰ ਮਾਰੀ ਤਾਂ ਇਕ ਕੱਖਾਂ ਦੀ ਝੁੱਗੀ ਦੇਖ ਕੇ ਉਹ ਬੜੀ ਹੈਰਾਨ ਰਹਿ ਗਈ। ਸੋਚ 'ਤੇ ਜ਼ੋਰ ਪਾਇਆ ਤੇ ਉਹਨੂੰ ਯਾਦ ਆਇਆ ਕਿ ਸੜਕ 'ਤੇ ਜਾਂਦਿਆਂ ਉਹਨੂੰ ਡਾਕੂਆਂ ਨੇ ਘੇਰ ਲਿਆ ਸੀ ਅਤੇ ਉਹਦੀ ਜ਼ਬਰਦਸਤੀ ਤਲਾਸ਼ੀ ਲੈਣ ਦਾ

ਯਤਨ ਕੀਤਾ ਸੀ। ਉਹਨੂੰ ਯਕੀਨ ਹੋ ਗਿਆ ਕਿ ਉਹ ਇਸ ਸਮੇਂ ਡਾਕੂਆਂ ਦੇ ਡੇਰੇ 'ਤੇ ਹੈ। ਉਹਨੇ ਧਿਆਨ ਨਾਲ ਬਾਹਰ ਝਾਤੀ ਮਾਰੀ ਪਰ ਕੋਈ ਨਜ਼ਰ ਨਾ ਆਇਆ। ਉਹਨੇ ਮਨ ਵਿਚ ਸੋਚਿਆ ਕਿ ਇਸ ਵੇਲੇ ਉੱਠ ਕੇ ਟੁਰ ਜਾਣਾ ਚਾਹੀਦਾ ਹੈ। ਝੱਟ ਇਸ ਮਾਮਲੇ 'ਤੇ ਵਿਚਾਰ ਕਰ ਕੇ ਅਖ਼ੀਰ ਉਸ ਇਹੀ ਸੋਚਿਆ ਕਿ ਇਸ ਸਮੇਂ ਕੋਈ ਵੀ ਡਾਕੂ ਇਥੇ ਨਹੀਂ, ਇਸ ਲਈ ਉਹ ਜ਼ਰੂਰ ਕਿਧਰੇ ਡਾਕਾ ਮਾਰਨ ਗਏ ਹੋਣਗੇ, ਕਿਉਂ ਨਾ ਉਹ ਹੰਭਲਾ ਮਾਰ ਕੇ ਇੱਥੋਂ ਨਿਕਲ ਜਾਏ।

ਬਸ਼ੀਰਾਂ ਉੱਠੀ ਅਤੇ ਝੁੱਗੀ ਤੋਂ ਬਾਹਰ ਆ ਗਈ। ਉਸ ਸਾਰੇ ਪਾਸੇ ਫਿਰ ਕੇ ਦੇਖਿਆ ਪਰ ਕੋਈ ਆਦਮੀ ਨਾ ਦਿਸਿਆ। ਉਸ ਮੈਦਾਨ ਦਾ ਚੱਕਰ ਲਾਇਆ ਪਰ ਉਹਨੂੰ ਬਾਹਰ ਨਿਕਲਣ ਦਾ ਕੋਈ ਰਾਹ ਨਾ ਦਿਸਿਆ। ਉਹ ਹੈਰਾਨ ਸੀ ਕਿ ਸਾਰੇ ਪਾਸੇ ਤਾਂ ਕੰਡਿਆਂ ਵਾਲੀਆਂ ਝਾੜੀਆਂ ਹਨ, ਇਥੇ ਆਉਣ ਦਾ ਰਾਹ ਕਿਹੜਾ ਹੈ। ਆਖ਼ਰ ਕੋਈ ਰਾਹ ਤਾਂ ਜ਼ਰੂਰ ਹੋਏਗਾ ਜਿਸ ਤੋਂ ਇਹ ਆਉਂਦੇ-ਜਾਂਦੇ ਹੋਣਗੇ। ਚੱਕਰ ਲਾ ਕੇ ਉਹ ਫਿਰ ਝੁੱਗੀ ਕੋਲ ਆ ਗਈ।

ਆਦਮੀਆਂ ਦੇ ਗੱਲਾਂ ਕਰਨ ਦੀ ਅਵਾਜ਼ ਆਈ ਅਤੇ ਫਿਰ ਰੁੱਖਾਂ ਵਿਚੋਂ ਪੈਰਾਂ ਦੇ ਖੜਾਕ ਤੋਂ ਉਹਨੂੰ ਪਤਾ ਲਗ ਗਿਆ ਕਿ ਕੋਈ ਆ ਰਿਹਾ ਹੈ। ਉਹ ਡਰ ਕੇ ਝੱਟ ਝੁੱਗੀ ਵਿਚ ਵੜ ਗਈ ਤੇ ਆਪਣੀ ਪਹਿਲੀ ਥਾਂ 'ਤੇ ਹੀ ਜਾ ਬੈਠੀ। ਉਹਨੇ ਆਪਣੇ ਸਾਰੇ ਸਰੀਰ ਵੱਲ ਝਾਤੀ ਮਾਰੀ ਕਿ ਇਸ ਭੇਸ ਵਿਚੋਂ ਉਹਦਾ ਫ਼ਰਕ ਤਾਂ ਨਹੀਂ ਪਿਆ। ਡਰ ਤੇ ਖ਼ਤਰੇ ਨਾਲ ਉਹਦਾ ਦਿਲ ਜ਼ੋਰ ਨਾਲ ਧੜਕਣ ਲੱਗ ਪਿਆ ਤੇ ਇਹ ਕਮਜ਼ੋਰੀ ਉਹਦਾ ਮੂੰਹ ਵੀ ਛੁਪਾਣ ਤੋਂ ਅਸਮੱਰਥ ਸੀ।

ਝੁੱਗੀ ਵਿਚ ਹੀ ਪਿਛਲੇ ਪਾਸਿਓਂ ਪਏ ਸੁੱਕੇ ਹੋਏ ਛਾਪੇ ਹਿੱਲੇ ਤੇ ਝੱਟ ਹੀ ਉਹਨਾਂ ਨੂੰ ਇਕ ਪਾਸੇ ਕਰਕੇ ਚਾਰੇ ਆਦਮੀ ਅੰਦਰ ਆ ਗਏ। ਉਹਨਾਂ ਵਿਚੋਂ ਇਕ ਨੇ ਮੁਸਕਰਾਂਦਿਆਂ ਕਿਹਾ, "ਬੜਾ ਜ਼ੋਰ ਲਾਇਆ ਭੱਜਣ ਦਾ ਪਰ ਰਾਹ ਨਹੀਂ ਲੱਭਾ। ਹੁਣ ਪਤਾ ਲੱਗਾ ਏ ਕਿ ਨਹੀਂ ਕਿ ਦਰਵਾਜ਼ਾ ਬਾਹਰ ਨਹੀਂ ਝੁੱਗੀ ਦੇ ਵਿਚ ਈ ਸੀ।"

ਬਸ਼ੀਰਾਂ ਨੇ ਅੱਖਾਂ ਨੀਵੀਆਂ ਪਾ ਲਈਆਂ। ਡਰ ਨਾਲ ਉਹਦਾ ਸਾਰਾ ਸਰੀਰ ਕੰਬ ਰਿਹਾ ਸੀ। ਇਕ ਹੋਰ ਆਦਮੀ ਨੇ ਕਿਹਾ, "ਹੁਣ ਘਬਰਾਉਣ ਦੀ ਲੋੜ ਨਹੀਂ। ਤੂੰ ਡਾਕੂਆਂ ਦੇ ਵੱਸ ਵਿਚ ਨਹੀਂ, ਉਹਨਾਂ ਤੋਂ ਡਾਹਢੇ ਆਦਮੀਆਂ ਪਾਸ ਏਂ।"

"ਤੁਸੀਂ ਡਾਕੂ ਨਹੀਂ?" ਬਸ਼ੀਰਾਂ ਨੇ ਪੁੱਛਿਆ।

"ਨਹੀਂ।"

"ਫਿਰ ਮੈਨੂੰ ਰਾਹ ਵਿਚ ਰੋਕ ਕੇ ਲੁੱਟਣ ਦਾ ਯਤਨ ਕਿਉਂ ਕੀਤਾ ਜੇ?" ਬਸ਼ੀਰਾਂ ਨੇ ਕਿਹਾ।

"ਤੈਨੂੰ ਭੁਲੇਖਾ ਏ। ਅਸੀਂ ਤੈਨੂੰ ਘੇਰਿਆ ਨਹੀਂ। ਤੈਨੂੰ ਘੇਰਨ ਵਾਲੇ ਹੋਰ ਸਨ। ਅਸੀਂ ਉਹਨਾਂ ਤੋਂ ਛੁਡਵਾਇਆ ਏ," ਇਕ ਨੇ ਕਿਹਾ।

"ਉਹ ਕਿਵੇਂ ?" ਬਸ਼ੀਰਾਂ ਨੇ ਹੈਰਾਨੀ ਨਾਲ ਪੁੱਛਿਆ।

"ਪਹਿਲਾਂ ਇਹ ਚੀਜ਼ਾਂ ਖਾ ਲੈ ਫਿਰ ਦੱਸਾਂਗੇ," ਇਕ ਨੇ ਉਹਦੇ ਅੱਗੇ ਕੁਝ ਖਜੂਰਾਂ ਤੇ ਹੋਰ ਸੁੱਕਾ ਮੇਵਾ ਰਖਦਿਆਂ ਕਿਹਾ, "ਖਾ ਲੈ, ਝਕਣ ਦੀ ਲੋੜ ਨਹੀਂ।"

11

ਬਸ਼ੀਰਾਂ ਬੜੀ ਹੈਰਾਨ ਸੀ ਕਿ ਇਹ ਕੌਣ ਹਨ। ਜੇਕਰ ਡਾਕੂ ਨਹੀਂ ਤਾਂ ਇਥੇ ਜੰਗਲ ਵਿਚ ਕੀ ਕਰਦੇ ਹਨ। ਸ਼ਕਲ-ਸੂਰਤ ਤਾਂ ਇਹਨਾਂ ਦੀ ਪਠਾਣਾਂ ਵਰਗੀ ਨਹੀਂ ਪਰ ਬੋਲਣ ਵਿਚ ਇਹ ਨਿਰੋਲ ਪਠਾਣੀ ਬੋਲ ਲੈਂਦੇ ਨੇ। ਇਹਨਾਂ ਸਾਰਿਆਂ ਦੇ ਚਿਹਰੇ ਦਬਦਬੇ ਵਾਲੇ ਪ੍ਰਤੀਤ ਹੋ ਰਹੇ ਹਨ ਤੇ ਇਹ ਕੋਈ ਗਰੀਬ ਟੱਪਰੀ-ਵਾਸ ਵੀ ਨਹੀਂ। ਅਖ਼ੀਰ ਉਹਦਾ ਧਿਆਨ ਝੁੱਗੀ ਵਿਚ ਟੰਗੀ ਇਕ ਵੱਡੀ ਕ੍ਰਿਪਾਨ ਵੱਲ ਚਲਾ ਗਿਆ। ਇਸ ਤੋਂ ਉਹਨੂੰ ਸ਼ੱਕ ਪਿਆ ਕਿ ਇਹ ਸਿਖ ਹੋਣਗੇ ਕਿਉਂਕਿ ਉਹਨੇ ਸੁਣਿਆ ਹੋਇਆ ਸੀ ਕਿ ਸਿਖ ਆਪਣੇ ਪਾਸ ਵੱਡੀ ਤਲਵਾਰ ਰਖਦੇ ਹਨ। ਉਹਨਾਂ ਦੇ ਚਿਹਰਿਆਂ ਵਲ ਉਸ ਫਿਰ ਧਿਆਨ ਨਾਲ ਦੇਖਿਆ। ਸਿਰ 'ਤੇ ਵਾਲ ਤੇ ਦਾਹੜੀਆਂ ਸਾਰਿਆਂ ਦੀਆਂ ਪੂਰੀਆਂ ਸਨ। ਉਸ ਨੇ ਫਲ ਖਾਂਦਿਆਂ ਦੋ-ਚਾਰ ਵਾਰ ਉਹਨਾਂ ਵੱਲ ਝਾਤੀ ਮਾਰੀ ਤੇ ਅਖ਼ੀਰ ਕਿਹਾ, "ਤੁਸੀਂ ਕੌਣ ਹੁੰਦੇ ਹੋ?"

"ਬੰਦੇ!" ਇਕ ਨੇ ਹੱਸਦਿਆਂ ਉੱਤਰ ਦਿਤਾ।

"ਬੰਦੇ ਤਾਂ ਸਾਰੇ ਹੀ ਹੁੰਦੇ ਨੇ। ਮੇਰਾ ਮਤਲਬ ਤਾਂ ਹੋਰ ਸੀ," ਬਸ਼ੀਰਾਂ ਨੇ ਕਿਹਾ।

"ਤੁਹਾਡਾ ਮਤਲਬ ਸੀ ਕਿ ਸਾਡੇ ਵਿਚ ਜ਼ਨਾਨੀਆਂ ਕਿੰਨੀਆਂ ਨੇ ਤੇ ਬੰਦੇ ਕਿੰਨੇ?" ਦੂਜੇ ਨੇ ਖਾਸ ਤੱਕਣੀ ਨਾਲ ਦੇਖਦਿਆਂ ਪੁੱਛਿਆ।

"ਉਹ ਤਾਂ ਮੈਨੂੰ ਨਜ਼ਰ ਆ ਈ ਰਿਹਾ ਏ," ਬਸ਼ੀਰਾਂ ਬੋਲੀ। ਅਜੇ ਉਹ ਵਾਕ ਅੱਗੇ ਟੋਰਨ ਹੀ ਲੱਗੀ ਸੀ ਕਿ ਇਕ ਹੋਰ ਬੋਲ ਪਿਆ, "ਨਹੀਂ ਕਈ ਵਾਰ ਨਜ਼ਰ ਕੁਝ ਆਉਂਦਾ ਏ, ਅਸਲੀਅਤ ਕੁਝ ਹੋਰ ਹੁੰਦੀ ਏ।"

ਬਸ਼ੀਰਾਂ ਨੂੰ ਹੁਣ ਖੁੜਕ ਗਈ ਕਿ ਇਹ ਤਾਂ ਇਸ਼ਾਰਾ ਹੀ ਉਸ ਵੱਲ ਕੀਤਾ ਜਾ ਰਿਹਾ ਹੈ। ਉਹ ਸ਼ਰਮਾ ਗਈ ਪਰ ਆਪਣੀ ਕਮਜ਼ੋਰੀ 'ਤੇ ਤੁਰਤ ਕਾਬੂ ਪਾ ਲਿਆ

ਤੇ ਕਿਹਾ, "ਮੈਂ ਤਾਂ ਇਹ ਪੁੱਛਣਾ ਚਾਹੁੰਦੀ ਸਾਂ ਕਿ ਤੁਸੀਂ ਕੰਮ ਕੀ ਕਰਦੇ ਹੋ ? ਇਥੇ ਜੰਗਲ ਵਿਚ ਰਹਿਣ ਦਾ ਕੀ ਕਾਰਨ ਹੈ। ਤੁਸੀਂ ਮੈਨੂੰ ਪਠਾਣ ਵੀ ਨਜ਼ਰ ਨਹੀਂ ਆ ਰਹੇ। ਇਸ ਲਈ ਤੁਹਾਡੇ ਬਾਰੇ ਮਨ ਵਿਚ ਸਵਾਲ ਉੱਠੇ ਹਨ।"

"ਪਹਿਲਾਂ ਇਹ ਦੱਸ ਕਿ ਤੂੰ ਪੁੱਛਣਾ 'ਚਾਹੁੰਦਾ ਏਂ' ਕਿ 'ਚਾਹੁੰਦੀ ਏਂ', ਤੇਰੀ ਗੱਲ ਕੁਝ ਹੋਰ ਦੱਸ ਰਹੀ ਏ ਪਰ ਕੱਪੜੇ ਹੋਰ," ਇਕ ਨੇ ਉਹਦੀ ਗੱਲ ਫੜ ਲਈ ਤੇ ਝੱਟ ਹੀ ਸਵਾਲ ਕਰ ਦਿੱਤਾ। ਬਸ਼ੀਰਾਂ ਨੂੰ ਵੀ ਅਹਿਸਾਸ ਹੋਇਆ ਕਿ ਉਹ ਤਾਂ ਕਾਹਲ ਵਿਚ ਗੱਲਾਂ ਕਰਦੀ ਆਪਣੀ ਆਦਤ ਅਨੁਸਾਰ 'ਚਾਹੁੰਦੀ ਹਾਂ' ਕਹਿ ਗਈ ਹੈ। ਹੁਣ ਵੀ ਉਸ ਨੇ ਮੌਕਾ ਸੰਭਾਲਣ ਦਾ ਯਤਨ ਕੀਤਾ ਤੇ ਕਿਹਾ, "ਜਿਵੇਂ ਮਰਜ਼ੀ ਸਮਝ ਲਓ, ਕੀ ਫ਼ਰਕ ਪੈਂਦਾ ਏ।"

"ਨਹੀਂ, ਫ਼ਰਕ ਤਾਂ ਬਹੁਤ ਏ, ਤੇਰੇ ਲਈ ਨਾ ਸਹੀ, ਘੱਟੋ-ਘੱਟ ਸਾਡੇ ਲਈ ਤਾਂ ਬਹੁਤ ਫ਼ਰਕ ਏ," ਉਸੇ ਆਦਮੀ ਨੇ ਕਿਹਾ।

"ਮੇਰੀ ਨਜ਼ਰ ਵਿਚ ਤਾਂ ਕੋਈ ਫ਼ਰਕ ਨਹੀਂ। ਜ਼ਨਾਨੀ ਹੋਵੇ ਜਾਂ ਮਰਦ ਹੈ ਤਾਂ ਸਾਰੇ ਹੀ ਮਨੁੱਖ," ਬਸ਼ੀਰਾਂ ਨੇ ਕਿਹਾ।

"ਬਹੁਤ ਫ਼ਰਕ ਏ। ਹੁਣ ਤੇਰੀ ਮਿਸਾਲ ਹੀ ਲੈ ਲਓ, ਤੂੰ ਜ਼ਨਾਨੀ ਏਂ," ਅਜੇ ਉਸ ਅੱਗੇ ਬੋਲਣਾ ਹੀ ਸੀ ਕਿ ਇਹ ਵਾਕ ਸੁਣਦਿਆਂ ਬਸ਼ੀਰਾਂ ਇਕ-ਦਮ ਠਠੰਬਰ ਗਈ। ਉਸਨੇ ਸਿਰ ਨੀਵਾਂ ਕਰ ਲਿਆ ਤੇ ਆਦਮੀ ਬੋਲਦਾ ਗਿਆ, "ਤੂੰ ਸਮਝਦੀ ਏਂ ਕਿ ਸਾਨੂੰ ਪਤਾ ਨਹੀਂ ਲੱਗਾ। ਜੇ ਸਾਨੂੰ ਇਹ ਵੀ ਪਤਾ ਨਾ ਲੱਗਾ ਤਾਂ ਅਸੀਂ ਫਿਰ ਆਪਣਾ ਕੰਮ ਕੀ ਕਰਨਾ ਏ ?"

"ਤੁਹਾਨੂੰ ਇਹ ਕਿਵੇਂ ਪਤਾ ਲੱਗਾ ?" ਬਸ਼ੀਰਾਂ ਨੇ ਕਿਹਾ। ਹੁਣ ਉਹਦਾ ਝਾਕਾ ਵੀ ਉਤਰ ਗਿਆ। ਉਹ ਸਮਝ ਗਈ ਕਿ ਇਹ ਮੇਰੀ ਅਸਲੀਅਤ ਨੂੰ ਜਾਣਦੇ ਹਨ।

"ਸਾਨੂੰ ਤੇਰਾ ਨਾਂ ਵੀ ਪਤਾ ਏ," ਇਕ ਆਦਮੀ ਬੋਲ ਪਿਆ।

"ਹੈਂ, ਇਹ ਕਿਵੇਂ ਹੋ ਸਕਦਾ ਏ ?" ਬਸ਼ੀਰਾਂ ਨੇ ਬੜੀ ਹੈਰਾਨੀ ਨਾਲ ਪੁੱਛਿਆ।

"ਤੂੰ ਬਸ਼ੀਰਾਂ ਏਂ ਤੇ ਤੇਰੇ ਪਿਤਾ ਦਾ ਨਾਂ ਉਮਰ ਹਯਾਤ ਖ਼ਾਨ ਏ," ਇਕ ਹੋਰ ਬੋਲ ਪਿਆ ਜੋ ਇਹਨਾਂ ਵਿਚੋਂ ਸਭ ਤੋਂ ਵੱਧ ਰੋਹਬ ਵਾਲਾ ਆਦਮੀ ਜਾਪਦਾ ਸੀ।

"ਤਾਂ ਤੁਸੀਂ ਨਾਸਿਰ ਖ਼ਾਂ ਦੇ ਆਦਮੀ ਹੋ। ਉਸ ਦੇ ਕਹਿਣ 'ਤੇ ਹੀ ਮੈਨੂੰ ਫੜਿਆ ਜੇ," ਬਸ਼ੀਰਾਂ ਨੇ ਇਕ-ਦਮ ਆਪਣਾ ਸ਼ੱਕ ਪ੍ਰਗਟ ਕਰ ਦਿੱਤਾ।

"ਨਾਸਿਰ ਖ਼ਾਂ ਕੌਣ ਏ ?" ਉਸੇ ਆਦਮੀ ਨੇ ਪੁੱਛਿਆ ਜਿਸ ਨੇ ਬਸ਼ੀਰਾਂ ਦਾ ਨਾਂ ਦੱਸਿਆ ਸੀ।

"ਕਿਵੇਂ ਗੱਲਾਂ ਕਰਦੇ ਹੋ ? ਜਿਵੇਂ ਤੁਸੀਂ ਜਾਣਦੇ ਹੀ ਨਹੀਂ," ਬਸ਼ੀਰਾਂ ਨੇ ਕਿਹਾ।

"ਸੱਚ, ਅਸੀਂ ਨਹੀਂ ਜਾਣਦੇ। ਸਾਨੂੰ ਪੁੱਛਣ ਦੀ ਕੀ ਲੋੜ ਸੀ ?" ਮਰਦ ਨੇ ਕਿਹਾ।

"ਇਹਦਾ ਮਤਲਬ ਏ ਕਿ ਤੁਸੀਂ ਨਾਸਿਰ ਖ਼ਾ ਦੇ ਆਦਮੀ ਨਹੀਂ," ਬਸ਼ੀਰਾਂ ਨੇ ਹੈਰਾਨ ਹੋ ਕੇ ਕਿਹਾ ਤੇ ਫਿਰ ਗਹੁ ਨਾਲ ਉਸ ਵੱਲ ਦੇਖ ਕੇ ਪੁੱਛਿਆ, "ਪਰ ਤੁਸੀ ਆਪਣੇ ਬਾਰੇ ਕੁਝ ਵੀ ਦੱਸਣ ਦਾ ਯਤਨ ਨਹੀਂ ਕਰਦੇ। ਮੈਨੂੰ ਪਹਿਲਾਂ ਦੱਸੋ ਕਿ ਤੁਸੀ ਕੌਣ ਹੋ ? ਮੈਂ ਜਿੰਨੀ ਵਾਰ ਵੀ ਇਹ ਸਵਾਲ ਕੀਤਾ ਏ ਤੁਸੀਂ ਮੈਨੂੰ ਟਾਲ ਦੇਂਦੇ ਹੋ ਤੇ ਗੱਲ ਨੂੰ ਹੋਰ ਪਾਸੇ ਲੈ ਜਾਂਦੇ ਹੋ। ਮੈਂ ਤਾਂ ਹੁਣ ਤੁਹਾਡੀ ਕੈਦ ਵਿਚ ਹਾਂ। ਅਜੇ ਵੀ ਇਤਨਾ ਡਰਦੇ ਪਏ ਹੋ ਕਿ ਆਪਣੇ ਬਾਰੇ ਕੁਝ ਵੀ ਨਹੀਂ ਦੱਸਦੇ।"

"ਅਸੀਂ ਸਿਖ ਹਾਂ," ਹੁਣ ਸਿੰਘ ਨੇ ਗੱਲ ਸਾਫ਼ ਕਰ ਦਿੱਤੀ। ਸਿਖ ਦਾ ਨਾਂ ਸੁਣਦਿਆਂ ਹੀ ਬਸ਼ੀਰਾਂ ਦੇ ਸਾਰੇ ਸਰੀਰ ਵਿਚ ਕੰਬਣੀ ਜਿਹੀ ਛਿੜ ਗਈ। ਸਿੰਘ ਨੇ ਪੁੱਛਿਆ, "ਕਿਉਂ, ਸਿਖ ਦਾ ਨਾਂ ਸੁਣ ਕੇ ਡਰ ਗਈ ਏਂ ?"

"ਤੁਸੀਂ ਇਥੇ ਜਾਸੂਸੀ ਕਰਨ ਆਏ ਹੋ ?" ਬਸ਼ੀਰਾਂ ਨੇ ਕਿਹਾ।

"ਹਾਂ ਜਾਸੂਸੀ ਕਰਨ ਆਏ ਹਾਂ," ਸਿੰਘ ਨੇ ਉੱਤਰ ਦਿੱਤਾ, "ਅੱਜ ਤਕ ਸਿੰਘਾਂ ਨੇ ਇਸ ਇਲਾਕੇ ਵਿਚ ਆ ਕੇ ਕਿਸੇ ਨੂੰ ਨਹੀਂ ਸੀ ਦੱਸਿਆ ਕਿ ਉਹ ਸਿਖ ਹਨ। ਵੱਖ ਵੱਖ ਭੇਸ ਧਾਰ ਕੇ ਉਹ ਇਲਾਕੇ ਵਿਚ ਫਿਰਦੇ ਰਹੇ ਹਨ। ਕਦੀ ਸਾਧੂ ਬਣ ਕੇ ਫਿਰਦੇ ਰਹੇ ਤੇ ਕਦੀ ਸੂਫ਼ੀ ਫ਼ਕੀਰ ਬਣ ਕੇ ਚੱਕਰ ਲਾਂਦੇ ਰਹੇ। ਕਈ ਵਾਰ ਮਰਹੱਟੇ ਬਣ ਕੇ ਵਪਾਰੀਆਂ ਦੇ ਰੂਪ ਵਿਚ ਆਏ ਤੇ ਕਦੇ ਪਾਗਲਾਂ ਦਾ ਰੂਪ ਧਾਰ ਕੇ ਫਿਰਦੇ ਰਹੇ। ਬਹੁਤੀ ਦੇਰ ਇਹ ਇਕੋ ਭੇਸ ਨਹੀਂ ਸਨ ਧਾਰਦੇ ਤਾਕਿ ਕਿਧਰੇ ਸ਼ੱਕ ਨਾ ਪੈ ਜਾਏ। ਸਰੀਰਕ ਬਣਾਵਟ ਵਿਚ ਇਹ ਇਤਨੇ ਮਾਹਿਰ ਸਨ ਕਿ ਜਦ ਇਕ ਭੇਸ ਕਰਦੇ ਤਾਂ ਉੱਕਾ ਪਛਾਣ ਨਾ ਰਹਿੰਦੀ। ਇਕ ਵਾਰੀ ਅੱਖਾਂ ਸਿੱਧੀਆਂ ਹੁੰਦੀਆਂ ਦੂਜੀ ਵਾਰ ਭੈਂਗ ਮਾਰਨ ਲੱਗ ਪੈਂਦੇ। ਇਕ ਵਾਰ ਜ਼ਬਾਨ ਠੀਕ ਹੁੰਦੀ ਤਾਂ ਦੂਜੀ ਵਾਰ ਥਥਲਾ ਕੇ ਗੱਲਾਂ ਕਰਨ ਲੱਗ ਪੈਂਦੇ। ਇਕ ਭੇਸ ਵਿਚ ਹਿੰਦੀ ਬੋਲਦੇ ਤੇ ਦੂਜੇ ਭੇਸ ਵਿਚ ਪਸ਼ਤੋ ਵਿਚ ਗੱਲਾਂ ਕਰਨ ਲੱਗ ਪੈਂਦੇ। ਇਹੀ ਬਣਤਰ ਇਹਨਾਂ ਨੂੰ ਅੱਜ ਤਕ ਪਠਾਣੀ ਇਲਾਕੇ ਵਿਚ ਬਚਾਈ ਫਿਰਦੀ ਸੀ।

"ਕੀ ਮੈਂ ਤੁਹਾਡਾ ਨਾਂ ਪੁੱਛ ਸਕਦੀ ਹਾਂ ?" ਬਸ਼ੀਰਾਂ ਨੇ ਕਿਹਾ।

"ਹਾਂ ਪੁੱਛ ਸਕਦੀ ਏਂ, ਮੇਰਾ ਨਾਂ ਭਾਗ ਸਿੰਘ ਏ," ਸਿੰਘ ਨੇ ਦੱਸਿਆ।

"ਅੱਛਾ, ਤੁਸੀਂ ਸ. ਭਾਗ ਸਿੰਘ ਹੋ ਜਿਹਨਾਂ ਦੀ ਅਗਵਾਈ ਵਿਚ ਇਥੇ ਜਾਸੂਸੀ ਦਾ ਸਾਰਾ ਕੰਮ ਹੋ ਰਿਹਾ ਏ ?" ਬਸ਼ੀਰਾਂ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਬਿਲਕੁਲ ਮੈਂ ਹਾਂ, ਪਰ ਤੂੰ ਇੰਨੀ ਹੈਰਾਨ ਕਿਉਂ ਹੋ ਰਹੀ ਏਂ ?" ਭਾਗ ਸਿੰਘ ਨੇ ਪੁੱਛਿਆ।

"ਹੈਰਾਨ ਕਿਉਂ ਨਾ ਹੋਵਾਂ ? ਗੱਲ ਹੀ ਹੈਰਾਨੀ ਵਾਲੀ ਹੈ। ਤੁਸੀਂ ਬੜੇ ਚਲਾਕ ਹੋ, ਜਿਹੜੇ ਬੇਗਾਨੇ ਦੇਸ਼ ਵਿਚ ਆ ਕੇ ਇੰਨੀ ਹੁਸ਼ਿਆਰੀ ਨਾਲ ਕੰਮ ਕਰ ਰਹੇ ਹੋ। ਮੈਨੂੰ ਇਹ ਦੱਸੋ ਕਿ ਤੁਸੀਂ ਮੈਨੂੰ ਕਿਵੇਂ ਜਾਣਦੇ ਹੋ ? ਮੇਰਾ ਤੇ ਮੇਰੇ ਅੱਬਾ ਦਾ ਨਾਂ ਤੁਹਾਨੂੰ ਕਿਵੇਂ ਪਤਾ ਏ ?" ਬਸ਼ੀਰਾਂ ਨੇ ਪੁੱਛਿਆ।

"ਇਹਦੇ ਵਿਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ। ਮੈਂ ਉਨ੍ਹਾਂ ਸਾਰੇ ਆਦਮੀਆਂ ਨੂੰ ਜਾਣਦਾ ਹਾਂ ਜੋ ਸਿੱਖਾਂ ਵਿਰੁੱਧ ਲੜਨ ਦੀਆਂ ਤਿਆਰੀ ਕਰ ਰਹੇ ਹਨ," ਭਾਗ ਸਿੰਘ ਨੇ ਕਿਹਾ।

"ਪਰ ਮੈਂ ਤਾਂ ਸਿੱਖਾਂ ਵਿਰੁੱਧ ਕੁਝ ਨਹੀਂ ਕਰ ਰਹੀ। ਘਰੋਂ ਬਾਹਰ ਵੀ ਸ਼ਾਇਦ ਹੀ ਕਿਧਰੇ ਮੈਂ ਨਿਕਲੀ ਹੋਵਾਂ, ਪਰ ਫਿਰ ਵੀ ਮੇਰਾ ਨਾਂ ਤੁਹਾਨੂੰ ਕਿਵੇਂ ਪਤਾ ਹੈ ?" ਬਸ਼ੀਰਾਂ ਨੇ ਪੁੱਛਿਆ।

"ਤੁਹਾਡੇ ਟੱਬਰ ਨਾਲ ਸਾਡੀ ਖ਼ਾਸ ਸਾਂਝ ਹੈ। ਮੈਂ ਤੇਰੇ ਭਰਾ ਅਕਬਰ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਹਾਂ," ਭਾਗ ਸਿੰਘ ਨੇ ਕਿਹਾ।

"ਮੈਂ ਇਕ ਗੱਲ ਪੁੱਛਾਂ ? ਠੀਕ ਠੀਕ ਦੱਸ ਦਿਓਗੇ ?" ਬਸ਼ੀਰਾਂ ਨੇ ਬੜੇ ਧਿਆਨ ਨਾਲ ਭਾਗ ਸਿੰਘ ਵੱਲ ਦੇਖ ਕੇ ਕਿਹਾ।

"ਜ਼ਰੂਰ ਦੱਸਾਂਗਾ, ਜੇ ਦੱਸਣ ਵਾਲੀ ਹੋਈ," ਭਾਗ ਸਿੰਘ ਨੇ ਮੁਸਕਰਾਂਦਿਆਂ ਉੱਤਰ ਦਿੱਤਾ।

"ਤੁਹਾਡੇ ਕੁਝ ਆਦਮੀ ਸਾਧੂਆਂ ਦੇ ਭੇਸ ਵਿਚ ਫਿਰਦੇ ਹਨ ?" ਬਸ਼ੀਰਾਂ ਨੇ ਪੁੱਛਿਆ।

"ਹਾਂ, ਸਾਡੇ ਕਈ ਆਦਮੀ ਇਉਂ ਹੀ ਫਿਰ ਲੈਂਦੇ ਹਨ। ਅਸੀਂ ਸਾਰੇ ਸਾਧੂ ਹੀ ਹਾਂ, ਹੋਰ ਕੌਣ ਹਾਂ ? ਤੂੰ ਨਹੀਂ ਸਿੱਖਾਂ ਨੂੰ ਜਾਣਦੀ, ਇਹ ਸੰਤ ਵੀ ਹੁੰਦੇ ਹਨ ਤੇ ਸਿਪਾਹੀ ਵੀ," ਭਾਗ ਸਿੰਘ ਨੇ ਕਿਹਾ।

"ਤੁਸੀਂ ਬੜੇ ਹੁਸ਼ਿਆਰ ਹੋ। ਮੇਰੀ ਗੱਲ ਦਾ ਉੱਤਰ ਦੇਂਦਿਆਂ ਉਹ ਸਾਰਾ ਕੁਝ ਖਾ ਜਾਂਦੇ ਹੋ ਜੋ ਮੈਂ ਪੁੱਛਣਾ ਚਾਹੁੰਦੀ ਹਾਂ। ਮੈਂ ਤੁਹਾਡੀ ਸਾਰੀ ਕੌਮ ਬਾਰੇ ਗੱਲ ਨਹੀਂ ਕਰ ਰਹੀ, ਮੈਂ ਤਾਂ ਸਿਰਫ਼ ਉਹਨਾਂ ਆਦਮੀਆਂ ਬਾਰੇ ਪੁੱਛ ਰਹੀ ਹਾਂ, ਜੋ ਤੁਸੀਂ ਜਾਸੂਸੀ ਕਰਨ ਲਈ ਛੱਡੇ ਹੋਏ ਹਨ," ਬਸ਼ੀਰਾਂ ਨੇ ਕਿਹਾ।

"ਝੱਲੀ ਏਂ ਤੂੰ ਬਸ਼ੀਰਾਂ, ਤੂੰ ਕੀ ਸਮਝਦੀ ਏਂ ਕਿ ਮੈਂ ਗੱਲਾਂ ਗੱਲਾਂ ਵਿਚ ਤੈਨੂੰ ਸਭ ਕੁਝ ਦੱਸ ਦਿਆਂਗਾ; ਇਹ ਤੈਨੂੰ ਭੁਲੇਖਾ ਏ, ਸਾਨੂੰ ਫਸਾਣਾ ਬਹੁਤ ਔਖਾ ਏ," ਭਾਗ ਸਿੰਘ ਨੇ ਕਿਹਾ।

"ਨਹੀਂ, ਮੈਂ ਤੁਹਾਡੇ ਭੇਦ ਨਹੀਂ ਲੈਣ ਆਈ। ਜੇ ਇਹ ਗੱਲ ਹੁੰਦੀ ਤਾਂ ਮੈਂ ਇਥੇ

ਆਪ ਆਉਂਦੀ। ਹੁਣ ਤਾਂ ਤੁਸੀਂ ਮੈਨੂੰ ਲਿਆਏ ਹੋ। ਜੇ ਮੈਂ ਤੁਹਾਨੂੰ ਫਸਾਣਾ ਹੁੰਦਾ ਤਾਂ ਜ਼ਨਾਨੇ ਭੇਸ ਵਿਚ ਆਉਂਦੀ। ਉਹ ਵਧੇਰੇ ਚੰਗਾ ਤਰੀਕਾ ਸੀ। ਬਸ਼ੀਰਾਂ ਨੇ ਇਉਂ ਸ਼ੱਕ ਦੂਰ ਕਰਨ ਦਾ ਯਤਨ ਕੀਤਾ ਪਰ ਭਾਗ ਸਿੰਘ ਦਾ ਸ਼ੱਕ ਹੋਰ ਵਧਦਾ ਰਿਹਾ ਤੇ ਉਸ ਕੁਝ ਤਲਖ਼ੀ ਵਿਚ ਕਿਹਾ, "ਤੂੰ ਜਾਸੂਸੀ ਕਰਨ ਆਈ ਏਂ। ਜਿਵੇਂ ਅਸੀਂ ਭੇਸ ਬਦਲੇ ਹੋਏ ਨੇ ਉਵੇਂ ਤੂੰ ਭੇਸ ਬਦਲ ਕੇ ਫਿਰਦੀ ਪਈ ਸੈਂ। ਜੇ ਇਹ ਗੱਲ ਨਾ ਹੋਵੇ ਤਾਂ ਤੂੰ ਇੰਨੀ ਬਰੀਕੀ ਵਿਚ ਜਾ ਕੇ ਕਿਉਂ ਸਵਾਲ ਪੁੱਛੇ ?"

"ਇਹ ਵੀ ਤੁਹਾਨੂੰ ਭੁਲੇਖਾ ਏ ਕਿ ਭੇਸ ਬਦਲ ਕੇ ਕੁਝ ਸੂਹ ਕਢਦੀ ਫਿਰਦੀ ਸਾਂ। ਮੈਂ ਤਾਂ ਬਿਪਤਾ ਦੀ ਮਾਰੀ ਇਕ ਜ਼ਰੂਰੀ ਕੰਮ ਜਾ ਰਹੀ ਸਾਂ," ਬਸ਼ੀਰਾਂ ਨੇ ਕਿਹਾ।

ਅਜੇ ਉਹ ਅੱਗੋਂ ਬੋਲਣ ਹੀ ਲੱਗੀ ਸੀ ਕਿ ਭਾਗ ਸਿੰਘ ਨੇ ਉਸੇ ਵੇਲੇ ਪੁੱਛਿਆ, "ਤੇਰੇ 'ਤੇ ਕੀ ਬਿਪਤਾ ਆ ਪਈ ਏ, ਹੁਣ ਤਾਂ ਤੁਸੀਂ ਪਿਸ਼ੌਰ ਚਲੇ ਗਏ ਹੋ, ਜਿੱਥੇ ਨਿਰੀਆਂ ਮੌਜਾਂ ਹੀ ਮੌਜਾਂ ਨੇ। ਜਦ ਤਕ ਸਿੱਖਾਂ ਦਾ ਡਰ ਬਣਿਆ ਹੋਇਆ ਏ, ਉਦੋਂ ਤਕ ਪਿਸ਼ੌਰ ਦੇ ਹਾਕਮ ਨੂੰ ਵੀ ਤੁਹਾਡੇ ਨਾਲ ਗਰਜ਼ ਏ।"

"ਸਵਾਹ ਮੌਜਾਂ ਨੇ, ਅਸੀਂ ਤਾਂ ਪਿਸ਼ੌਰ ਜਾ ਕੇ ਦੁਖੀ ਹੋ ਗਏ ਹਾਂ," ਬਸ਼ੀਰਾਂ ਨੇ ਕਿਹਾ।

"ਕਿਉਂ ?"

"ਅੱਬਾ ਨੂੰ ਹਾਕਮ ਨੇ ਕੈਦ ਕਰ ਲਿਆ ਏ," ਬਸ਼ੀਰਾਂ ਨੇ ਦੱਸਿਆ।

"ਸੱਚੀਂ! ਇਹ ਕਦੋਂ ਦੀ ਗੱਲ ਏ। ਸਾਨੂੰ ਤਾਂ ਅਜੇ ਤਕ ਪਤਾ ਨਹੀਂ ਲੱਗਾ, ਇਹੋ ਜਿਹੀ ਗੱਲ ਤਾਂ ਛੁਪੀ ਨਹੀਂ ਸੀ ਰਹਿਣੀ ਚਾਹੀਦੀ। ਹੱਦ ਹੋ ਗਈ। ਯਾਰ ਮੁਹੰਮਦ ਖ਼ਾਨ ਨੇ ਇਹ ਗੱਲ ਚੁੱਕ ਵਿਚ ਆ ਕੇ ਕੀਤੀ ਹੋਣੀ ਏਂ। ਕਿਉਂ ਕੀ ਗੱਲ ਹੋਈ ਏ ? ਉਹਨੇ ਕੈਦ ਕਿਉਂ ਕਰ ਲਿਆ ਏ ?" ਹੈਰਾਨ ਹੋ ਕੇ ਭਾਗ ਸਿੰਘ ਨੇ ਪੁੱਛਿਆ।

"ਜਦੋਂ ਅਸੀਂ ਨੌਸ਼ਹਿਰੇ ਰਹਿੰਦੇ ਸਾਂ ਤਾਂ ਇਕ ਦਿਨ ਮੈਂ ਦਰਿਆ ਲੰਡੇ ਵਿਚ ਡੁੱਬ ਗਈ ਸਾਂ। ਮੈਨੂੰ ਇਕ ਸਾਧੂ ਨੇ ਬਚਾਇਆ ਤੇ ਘਰ ਛੱਡ ਗਿਆ। ਫਿਰ ਵੀ ਉਹ ਸਾਨੂੰ ਕਈ ਵਾਰ ਘਰ ਮਿਲਣ ਆਉਂਦਾ ਰਿਹਾ ਤੇ ਹੁਣ ਉਹ ਸਾਰੇ ਕਹਿੰਦੇ ਹਨ ਕਿ ਉਹ ਸਾਧੂ ਤਾਂ ਸਿੱਖਾਂ ਦਾ ਜਾਸੂਸ ਸੀ। ਬੱਸ ਉਹ ਪੁਆੜਾ ਸਾਡੇ ਗਲ ਪੈ ਗਿਆ ਏ," ਬਸ਼ੀਰਾਂ ਨੇ ਭਾਗ ਸਿੰਘ ਨੂੰ ਸਾਰੀ ਗੱਲ ਦੱਸ ਦਿੱਤੀ।

"ਇਹਦਾ ਮਤਲਬ ਏ ਕਿ ਤੇਰੇ ਪਿਓ 'ਤੇ ਜਾਸੂਸੀ ਦਾ ਇਲਜ਼ਾਮ ਲੱਗਾ ਏ। ਫਿਰ ਹੁਣ ਤੂੰ ਕਿੱਧਰ ਚੱਲੀ ਸੈਂ ?" ਭਾਗ ਸਿੰਘ ਨੇ ਪੁੱਛਿਆ।

"ਮੈਂ ਉਸੇ ਸਾਧੂ ਨੂੰ ਮਿਲਣ ਚੱਲੀ ਸਾਂ। ਮੈਨੂੰ ਤਾਂ ਨਹੀਂ ਜਾਪਦਾ ਕਿ ਉਹ ਜਾਸੂਸ ਏ। ਯਾਰ ਮੁਹੰਮਦ ਖ਼ਾਨ ਕਹਿੰਦਾ ਸੀ ਕਿ ਜੇ ਮੈਂ ਉਸ ਸਾਧੂ ਨੂੰ ਲੈ ਆਵਾਂ ਤਾਂ ਉਹ

ਮੇਰੇ ਅੱਬਾ ਨੂੰ ਛੱਡ ਦੇਵੇਗਾ," ਬਸ਼ੀਰਾਂ ਨੇ ਕਿਹਾ।

"ਪਰ ਤੂੰ ਮਰਦਾਵਾਂ ਭੇਸ ਕਿਉਂ ਧਾਰਿਆ ? ਇਹ ਗੁੰਝਲ ਤਾਂ ਤੂੰ ਅਜੇ ਤਕ ਨਹੀਂ ਖੋਲ੍ਹੀ," ਭਾਗ ਸਿੰਘ ਨੇ ਪੁੱਛਿਆ।

"ਇਸੇ ਗੱਲੋਂ ਡਰਦੀ ਨੇ ਭੇਸ ਬਦਲਿਆ ਸੀ ਕਿ ਇਕੱਲੀ ਜ਼ਨਾਨੀ ਜਾਂਦੀ ਦੇਖ ਕੇ ਕੋਈ ਮੇਰੇ 'ਤੇ ਹਮਲਾ ਨਾ ਕਰ ਦੇਵੇ। ਮਰਦ ਦੇ ਭੇਸ ਵਿਚ ਫਿਰਨਾ ਜ਼ਰਾ ਸੌਖਾ ਹੁੰਦਾ ਏ। ਪਰ ਮੇਰੇ ਲਈ ਤਾਂ ਫਿਰ ਉਹੋ ਹੀ ਬਿਪਤਾ ਆ ਖੜੀ ਹੋਈ ਏ," ਬਸ਼ੀਰਾਂ ਦਾ ਚਿਹਰਾ ਜ਼ਰਾ ਮੁਰਝਾ ਗਿਆ। ਇਕ ਠੰਢਾ ਸਾਹ ਭਰ ਕੇ ਉਸ ਨੇ ਆਪਣੀਆਂ ਅੱਖਾਂ ਨੂੰ ਮਲਣਾ ਸ਼ੁਰੂ ਕਰ ਦਿੱਤਾ।

"ਤੂੰ ਕਿਹੜੇ ਸਾਧੂ ਨੂੰ ਮਿਲਣਾ ਏਂ ? ਉਹ ਜਿਹੜਾ ਨੌਸ਼ਹਿਰੇ ਦੇ ਬਾਹਰਵਾਰ ਲੁੰਡੇ ਦਰਿਆ ਦੇ ਕੰਢੇ 'ਤੇ ਰਹਿੰਦਾ ਏ ?" ਭਾਗ ਸਿੰਘ ਨੇ ਦੂਸਰਾ ਸਵਾਲ ਕੀਤਾ।

"ਹਾਂ, ਉਸੇ ਨੂੰ ਈ। ਤੁਸੀਂ ਉਸ ਨੂੰ ਜਾਣਦੇ ਹੋ ?" ਬਸ਼ੀਰਾਂ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਬੜੀ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਤੈਨੂੰ ਪਹਿਲਾਂ ਦੱਸਿਆ ਏ ਕਿ ਇਸ ਇਲਾਕੇ ਵਿਚ ਮੈਂ ਹਰ ਇਕ ਨੂੰ ਜਾਣਦਾ ਹਾਂ। ਜੇ ਘਰ ਦੀ ਚਾਰ-ਦੀਵਾਰੀ ਵਿਚ ਰਹਿਣ ਵਾਲੀ ਤੇਰੇ ਵਰਗੀ ਕੁੜੀ ਦਾ ਨਾਂ ਮੈਨੂੰ ਪਤਾ ਏ ਤਾਂ ਰੜੇ ਮੈਦਾਨ ਵਿਚ ਬੈਠੇ ਸਾਧੂ ਨੂੰ ਮੈਂ ਕਿਵੇਂ ਨਾ ਜਾਣਦਾ ਹੋਵਾਂਗਾ ?" ਭਾਗ ਸਿੰਘ ਨੇ ਕਿਹਾ।

"ਫਿਰ ਮੈਂ ਇਕ ਗੱਲ ਪੁੱਛਾਂ ?" ਬਸ਼ੀਰਾਂ ਨੇ ਤਰਲੇ ਭਰੇ ਲਹਿਜੇ ਵਿਚ ਕਿਹਾ।

"ਅਜੇ ਕਸਰ ਰਹਿ ਗਈ ਏ," ਭਾਗ ਸਿੰਘ ਮੁਸਕਰਾਂਦਿਆਂ ਬੋਲਿਆ, "ਹਾਂ, ਪੁੱਛ ਲੈ ਜੋ ਕੁਝ ਪੁੱਛਣਾ ਚਾਹੁੰਦੀ ਏਂ।"

"ਉਸ ਸਾਧੂ ਬਾਰੇ ਜੋ ਕੁਝ ਜਾਣਦੇ ਹੋ ਮੈਨੂੰ ਦੱਸੋ," ਬਸ਼ੀਰਾਂ ਨੇ ਕਿਹਾ।

"ਮੈਂ ਤਾਂ ਉਹਦਾ ਸਾਰਾ ਮੁੱਢ-ਪਾਂਦ ਜਾਣਦਾ ਹਾਂ। ਤੂੰ ਜਿਹੜੀ ਗੱਲ ਜ਼ਰੂਰੀ ਸਮਝਦੀ ਏਂ ਪੁੱਛ ਲੈ। ਮੈਨੂੰ ਤਾਂ ਇਹ ਵੀ ਪਤਾ ਏ ਕਿ ਉਹ ਜੰਮਿਆ ਕਿੱਥੇ ਤੇ ਕਿਵੇਂ ਖੇਡ ਕੇ ਵੱਡਾ ਹੋਇਆ," ਭਾਗ ਸਿੰਘ ਨੇ ਕਿਹਾ।

"ਮੈਂ ਤਾਂ ਸਿਰਫ਼ ਇਹ ਪੁੱਛਣਾ ਚਾਹੁੰਦੀ ਹਾਂ ਕਿ ਉਹ ਵੀ ਤੁਹਾਡਾ ਜਾਸੂਸ ਏ, ਜਾਂ ਨਹੀਂ," ਬਸ਼ੀਰਾਂ ਨੇ ਪੁੱਛਿਆ।

"ਤੇਰਾ ਆਪਣਾ ਕੀ ਖ਼ਿਆਲ ਏ ?" ਭਾਗ ਸਿੰਘ ਨੇ ਪੁੱਛਿਆ।

"ਸੱਚੀ ਗੱਲ ਤਾਂ ਇਹ ਹੈ ਕਿ ਪਹਿਲਾਂ ਤਾਂ ਮੇਰਾ ਇਹ ਵਿਚਾਰ ਸੀ ਕਿ ਉਹ ਜਾਸੂਸ ਨਹੀਂ ਹੋ ਸਕਦਾ, ਕਿਉਂਕਿ ਮੈਂ ਸਿਖ ਨਹੀਂ ਦੇਖੇ ਸਨ। ਪਰ ਹੁਣ ਤੁਹਾਡੀਆਂ ਸ਼ਕਲਾਂ ਦੇਖ ਕੇ ਯਕੀਨ ਹੋ ਗਿਆ ਏ ਕਿ ਉਹ ਵੀ ਸਿਖ ਹੀ ਹੋਵੇਗਾ। ਉਹਦੀ ਸ਼ਕਲ

ਤਾਂ ਬਿਲਕੁਲ ਤੁਹਾਡੇ ਨਾਲ ਮਿਲਦੀ ਏ। ਜਦੋਂ ਉਹਦੀਆਂ ਗੱਲਾਂ ਤੇ ਵਤੀਰਾ ਯਾਦ ਆਉਂਦਾ ਏ ਤਾਂ ਦਿਲ ਨਹੀ ਮੰਨਦਾ ਕਿ ਉਹ ਜਾਸੂਸ ਏ। ਇਸ ਦੁਚਿੱਤੀ ਨੂੰ ਦੂਰ ਕਰਨ ਲਈ ਤਾਂ ਤੁਹਾਡੇ ਕੋਲੋਂ ਪੁੱਛ ਰਹੀ ਆਂ," ਬਸ਼ੀਰਾਂ ਨੇ ਸਾਫ਼ ਸਾਫ਼ ਕਿਹਾ।

"ਤੂੰ ਠੀਕ ਬੁੱਝਿਆ ਏ," ਭਾਗ ਸਿੰਘ ਨੇ ਕਿਹਾ, "ਉਹ ਸਿਖ ਏ ਅਤੇ ਤੂੰ ਸੁਣ ਕੇ ਹੈਰਾਨ ਹੋਏਂਗੀ ਕਿ ਉਹ ਜਾਸੂਸ ਏ।"

"ਵੇਖਿਆ ? ਫਿਰ ਮੈਂ ਪਤਾ ਕਰ ਲਿਆ ਏ ਕਿ ਨਹੀਂ ਸਾਰਾ ਕੁਝ ! ਤੁਸੀਂ ਹੁਣੇ ਪਏ ਕਹਿੰਦੇ ਸੀ ਕਿ ਕੋਈ ਨਹੀ ਤੁਹਾਡੇ ਕੋਲੋਂ ਭੇਦ ਲੈ ਸਕਦਾ," ਬਸ਼ੀਰਾਂ ਨੇ ਬੜੇ ਵਿਅੰਗ ਨਾਲ ਤੇ ਦਿਲਚਸਪੀ ਪੈਦਾ ਕਰਨ ਲਈ ਕਿਹਾ।

"ਤੈਨੂੰ ਕੁਝ ਵੀ ਪਤਾ ਨਹੀਂ ਲੱਗਾ," ਭਾਗ ਸਿੰਘ ਨੇ ਮੁਸਕਰਾਂਦਿਆਂ ਕਿਹਾ, "ਮੈਂ ਤੈਨੂੰ ਉਹੀ ਗੱਲ ਦੱਸੀ ਏ ਜੋ ਸਾਡੇ ਲਈ ਕੋਈ ਖ਼ਤਰਾ ਪੈਦਾ ਨਹੀਂ ਕਰ ਸਕਦੀ।"

"ਕਿਉਂ ? ਹੁਣ ਉਹ ਸਾਧੂ ਕਾਬੂ ਨਹੀਂ ਆ ਸਕੇਗਾ ? ਤੁਸਾਂ ਮੇਰੇ 'ਤੇ ਬੜਾ ਇਤਬਾਰ ਕੀਤਾ ਏ।"

"ਤੂੰ ਸੁਣ ਕੇ ਹੈਰਾਨ ਹੋਵੇਂਗੀ ਕਿ ਉਹ ਸਾਧੂ ਹੁਣ ਇਥੇ ਨਹੀਂ, ਸਗੋਂ ਉਹ ਤਾਂ ਵਾਪਸ ਪੰਜਾਬ ਟੁਰ ਗਿਆ ਏ।"

"ਹੈਂ, ਉਹ ਪੰਜਾਬ ਟੁਰ ਗਿਆ ਏ ? ਫਿਰ ਸਾਡਾ ਤਾਂ ਬੇੜਾ ਗ਼ਰਕ ਹੋ ਗਿਆ। ਮੈਂ ਤਾਂ ਪਿਸ਼ੌਰ ਇਹ ਕਹਿ ਕੇ ਆਈ ਹਾਂ ਕਿ ਉਹਨੂੰ ਜ਼ਰੂਰ ਲਿਆਵਾਂਗੀ," ਇਹ ਕਹਿ ਕੇ ਬਸ਼ੀਰਾਂ ਦਾ ਰੋਣ ਨਿਕਲ ਗਿਆ ਤੇ ਉਸ ਸਿਸਕੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ।

"ਬੱਸ ਏਨਾ ਹੀ ਦਿਲ ਹੈ। ਰੋਣ ਨਾਲ ਵੀ ਕਦੇ ਮਸਲੇ ਹੱਲ ਹੋਏ ਹਨ ? ਜੇ ਰੋਇਆਂ ਕੁਝ ਬਣਦਾ ਈ ਤਾਂ ਲੈ ਅਸੀਂ ਵੀ ਨਾਲ ਰੋਣ ਬਹਿ ਜਾਂਦੇ ਹਾਂ," ਭਾਗ ਸਿੰਘ ਨੇ ਹੱਸਦਿਆਂ ਕਿਹਾ।

"ਆਹੋ ਜੀ, ਜੀਹਦੇ ਭਾਅ ਦੀ ਬਣੀ ਹੋਵੇ ਉਹਨੂੰ ਪਤਾ ਹੁੰਦਾ ਏ। ਤੁਸੀਂ ਤਾਂ ਖ਼ੁਸ਼ ਹੋ ਕਿ ਤੁਹਾਡਾ ਬੰਦਾ ਘਰ ਟੁਰ ਗਿਆ ਏ," ਬਸ਼ੀਰਾਂ ਨੇ ਕੁੜਤੇ ਨਾਲ ਅੱਖਾਂ ਪੂੰਝਦਿਆਂ ਕਿਹਾ।

"ਮੈਂ ਤਾਂ ਐਵੇਂ ਹੱਸਦਾ ਪਿਆ ਸਾਂ, ਜਾਣਾ ਕਿੱਥੇ ਵੇ ਉਸ ਆਦਮੀ ਨੇ, ਇਥੇ ਹੀ ਕਿਧਰੇ ਤੁਰਿਆ ਫਿਰਦਾ ਹੋਣਾ ਏਂ ?" ਭਾਗ ਸਿੰਘ ਨੇ ਕਿਹਾ।

"ਮੈਨੂੰ ਤੁਹਾਡੀ ਗੱਲ ਦੀ ਸਮਝ ਨਹੀਂ ਆਈ। ਤੁਸਾਂ ਪਹਿਲਾਂ ਗ਼ਲਤ ਕਿਹਾ ਸੀ ਜਾਂ ਹੁਣ ਗ਼ਲਤ ਕਹਿ ਰਹੇ ਹੋ ?" ਬਸ਼ੀਰਾਂ ਨੇ ਪੁੱਛਿਆ।

"ਪਹਿਲਾਂ ਗ਼ਲਤ ਕਿਹਾ ਸੀ," ਭਾਗ ਸਿੰਘ ਨੇ ਕਿਹਾ, "ਉਹਨੇ ਜਾਣਾ ਕਿੱਥੇ ਵੇ, ਹੋਰ ਦੋ-ਚਾਰ ਦਿਨ ਤਕ ਇਥੇ ਆ ਜਾਵੇਗਾ।"

"ਉਹਦੇ ਆਉਣ ਦਾ ਸਾਨੂੰ ਕੀ ਫ਼ਾਇਦਾ ? ਮੈਨੂੰ ਤਾਂ ਸੰਤ ਨਾਲ ਕੰਮ ਸੀ, ਜਾਸੂਸ ਨਾਲ ਨਹੀਂ," ਬਸ਼ੀਰਾਂ ਨੇ ਕਿਹਾ, "ਜੇ ਉਹ ਸੱਚੀ-ਮੁੱਚੀ ਸੰਤ ਹੁੰਦਾ ਤਾਂ ਉਹਨੇ ਮੇਰੇ ਨਾਲ ਪਿਸ਼ੌਰ ਤੁਰ ਪੈਣਾ ਸੀ ਪਰ ਹੁਣ ਕੀ ਬਣ ਸਕਦਾ ਏ !" ਬਸ਼ੀਰਾਂ ਨੇ ਹਉਕਾ ਲੈ ਕੇ ਕਿਹਾ।

"ਕਿਉਂ ਜਾਸੂਸ ਨਹੀਂ ਪਿਸ਼ੌਰ ਜਾ ਸਕਦਾ ? ਤੂੰ ਕੀ ਸਮਝਦੀ ਏਂ ਉਥੇ ਸਾਡਾ ਕੋਈ ਬੰਦਾ ਨਹੀਂ ? ਅਸੀਂ ਉਥੇ ਵੀ ਅਜਿਹਾ ਪ੍ਰਬੰਧ ਕੀਤਾ ਹੋਇਆ ਏ ਕਿ ਸਾਨੂੰ ਝਟ-ਪਟ ਦੀਆਂ ਖ਼ਬਰਾਂ ਆ ਰਹੀਆਂ ਨੇ। ਮੈਂ ਅੱਗੇ ਹੀ ਹੈਰਾਨ ਸਾਂ ਕਿ ਸਾਨੂੰ ਉਮਰ ਹਯਾਤ ਖ਼ਾਨ ਦੇ ਕੈਦ ਹੋਣ ਦੀ ਖ਼ਬਰ ਕਿਉਂ ਨਹੀਂ ਆਈ। ਹੋ ਸਕਦਾ ਏ ਸਾਡਾ ਬੰਦਾ ਕਿਤੇ ਬੀਮਾਰ ਹੋ ਗਿਆ ਹੋਵੇ," ਭਾਗ ਸਿੰਘ ਨੇ ਕਿਹਾ।

"ਇਹ ਵੀ ਹੋ ਸਕਦਾ ਏ ਕਿ ਉਹ ਕਿਧਰੇ ਕਾਬੂ ਆ ਗਿਆ ਹੋਵੇ," ਕੋਲ ਬੈਠਾ ਇਕ ਸਿੰਘ ਬੋਲ ਪਿਆ।

"ਨਹੀਂ, ਉਹ ਕਾਬੂ ਨਹੀਂ ਆ ਸਕਦਾ ਪਰ ਉਥੇ ਇਕੱਲਾ ਆਦਮੀ ਤਾਂ ਨਹੀਂ, ਤਿੰਨ-ਚਾਰ ਆਦਮੀ ਨੇ," ਭਾਗ ਸਿੰਘ ਨੇ ਦੱਸਿਆ।

"ਅਸਲ ਗੱਲ ਏ ਕਿ ਅੱਬਾ ਦੀ ਅਜੇ ਬਕਾਇਦਾ ਗ੍ਰਿਫ਼ਤਾਰੀ ਨਹੀਂ ਹੋਈ। ਉਥ ਹੀ ਕਿਲ੍ਹੇ ਵਿਚ ਰੱਖਿਆ ਹੋਇਆ ਏ, ਇਸ ਲਈ ਅਜੇ ਬਾਹਰ ਬਹੁਤਿਆਂ ਨੂੰ ਪਤਾ ਨਹੀਂ," ਬਸ਼ੀਰਾਂ ਨੇ ਦੱਸਿਆ।

ਅਜੇ ਉਹ ਇਹ ਗੱਲਾਂ ਕਰ ਹੀ ਰਹੇ ਸਨ ਕਿ ਉਤੋਂ ਇਕ ਪੂਰਬੀਆ ਆ ਗਿਆ, ਜਿਸ ਨੇ ਲਾਂਗੜ ਵਾਲੀ ਧੋਤੀ ਬੰਨ੍ਹੀ ਹੋਈ ਸੀ। ਇਹ ਯਾਰ ਮੁਹੰਮਦ ਖ਼ਾਨ ਦੇ ਬਾਗ਼ ਦਾ ਮਾਲੀ ਸੀ। ਉਹਦੇ ਆਉਂਦਿਆਂ ਸਾਰੇ ਉੱਠ ਖੜੇ ਹੋਏ ਤੇ ਫ਼ਤਹਿ ਬੁਲਾ ਕੇ ਤੇ ਗਲਵੱਕੜੀ ਪਾ ਕੇ ਮਿਲੇ। ਬਸ਼ੀਰਾਂ ਸਮਝ ਗਈ ਕਿ ਇਹ ਵੀ ਕੋਈ ਸਿਖ ਜਾਸੂਸ ਏ। ਉਹ ਬੈਠ ਗਿਆ ਤੇ ਭਾਗ ਸਿੰਘ ਨੇ ਬਸ਼ੀਰਾਂ ਵੱਲ ਉਂਗਲ ਕਰਦਿਆਂ ਕਿਹਾ, "ਚਤਰ ਸਿੰਘ, ਇਹਨਾਂ ਨੂੰ ਨਹੀਂ ਜਾਣਦਾ ?"

"ਨਹੀਂ, ਮੈਂ ਤਾਂ ਨਹੀਂ ਜਾਣਦਾ," ਹੈਰਾਨ ਹੋ ਕੇ ਚਤਰ ਸਿੰਘ ਨੇ ਕਿਹਾ।

"ਇਹ ਉਮਰ ਹਯਾਤ ਖ਼ਾਨ ਦੀ ਲੜਕੀ ਏ," ਭਾਗ ਸਿੰਘ ਨੇ ਦੱਸਿਆ।

"ਹੈਂ, ਇਹ ਇਥੇ ਕਿਵੇਂ ਆ ਗਈ ?" ਬੜੀ ਹੈਰਾਨੀ ਨਾਲ ਚਤਰ ਸਿੰਘ ਨੇ ਪ੍ਰਸ਼ਨ ਕੀਤਾ।

"ਬੱਸ ਤੂੰ ਪੁੱਛ ਕੁਝ ਨਾ। ਇਹ ਵੀ ਅਕਾਲ ਪੁਰਖ ਦੀ ਖੇਡ ਏ। ਤੇਰੇ ਨਾਲੋਂ ਪਹਿਲਾਂ ਇਸ ਆ ਕੇ ਦੱਸ ਦਿੱਤਾ ਏ ਕਿ ਉਮਰ ਹਯਾਤ ਖ਼ਾਨ ਨੂੰ ਕੈਦ ਕਰ ਲਿਆ ਗਿਆ ਏ," ਭਾਗ ਸਿੰਘ ਨੇ ਕਿਹਾ।

"ਪਰ ਮੈਨੂੰ ਵੀ ਤਾਂ ਇਹ ਦੱਸੋ ਕਿ ਇਹ ਕੌਣ ਨੇ ?" ਬਸ਼ੀਰਾਂ ਨੇ ਹੈਰਾਨੀ ਨਾਲ ਪੁੱਛਿਆ।

ਇਹਨਾਂ ਦਾ ਨਾਂ ਚਤਰ ਸਿੰਘ ਏ," ਭਾਗ ਸਿੰਘ ਨੇ ਕਿਹਾ।

"ਇਹ ਤਾਂ ਮੈਨੂੰ ਪਤਾ ਲੱਗ ਗਿਆ, ਪਰ ਇਹ ਵੀ ਦੱਸੋ ਕਿ ਹੈਨ ਕੌਣ, ਰਹਿੰਦੇ ਕਿੱਥੇ ਹਨ ?" ਬਸ਼ੀਰਾਂ ਨੇ ਪੁੱਛਿਆ।

"ਇਹ ਮਾਲੀ ਨੇ ਅਤੇ ਪਿਸ਼ੌਰ ਵਿਚ ਰਹਿੰਦੇ ਹਨ। ਹੁਣੇ ਅਸੀਂ ਇਹਨਾਂ ਬਾਰੇ ਹੀ ਗੱਲਾਂ ਕਰ ਰਹੇ ਸਾਂ ਕਿ ਇਹਨਾਂ ਖ਼ਬਰ ਕਿਉਂ ਨਾ ਦਿੱਤੀ," ਭਾਗ ਸਿੰਘ ਨੇ ਦੱਸਿਆ।

"ਮੈਂ ਪਤਾ ਤਾਂ ਕਾਫ਼ੀ ਚਿਰ ਪਹਿਲਾਂ ਦੇ ਦੇਣਾ ਸੀ, ਪਰ ਜਿਸ ਨੂੰ ਭੇਜਣਾ ਸੀ, ਉਸਨੂੰ ਸੱਟਾਂ ਲੱਗ ਗਈਆਂ ਸਨ ਤੇ ਉਹ ਆ ਨਹੀਂ ਸੀ ਸਕਦਾ। ਇਸੇ ਲਈ ਆਪ ਆਇਆ ਹਾਂ," ਚਤਰ ਸਿੰਘ ਨੇ ਦੱਸਿਆ।

"ਮੇਰੀ ਗੱਲ ਵਿਚੇ ਰਹਿ ਗਈ," ਬਸ਼ੀਰਾਂ ਨੇ ਕਿਹਾ।

"ਕਿਹੜੀ ?"

"ਉਹੀ ਸੰਤ ਵਾਲੀ।"

"ਹਾਂ, ਦੱਸ ਕੀ ਚਾਹੁੰਦੀ ਏਂ ?" ਭਾਗ ਸਿੰਘ ਨੇ ਪੁੱਛਿਆ।

"ਸੰਤ ਨੂੰ ਜਿਵੇਂ ਵੀ ਹੋਵੇ ਪਿਸ਼ੌਰ ਭੇਜੋ ਨਹੀਂ ਤਾਂ ਅਸੀਂ ਨਹੀਂ ਬਚ ਸਕਦੇ," ਬਸ਼ੀਰਾਂ ਨੇ ਤਰਲੇ ਨਾਲ ਕਿਹਾ।

"ਮੈਂ ਪੁੱਛਾਂਗਾ ਜੇ ਉਹ ਜਾਣ ਲਈ ਤਿਆਰ ਹੋਇਆ, ਪਰ ਜੇ ਉਸਨੂੰ ਫੜ ਲਿਆ ਗਿਆ ਤਾਂ ਕੀ ਬਣੇਗਾ ? ਉਹਨੂੰ ਫਿਰ ਕੌਣ ਛੁਡਾਏਗਾ ?" ਭਾਗ ਸਿੰਘ ਨੇ ਪੁੱਛਿਆ।

"ਉਹਨੂੰ ਮੈਂ ਛੁਡਾਵਾਂਗੀ," ਬਸ਼ੀਰਾਂ ਨੇ ਕਿਹਾ।

"ਵਾਹ! ਪਿਓ ਨੂੰ ਛੁਡਾ ਨਹੀਂ ਸਕਦੀ ਪਰ ਸੰਤ ਨੂੰ ਛੁਡਾਏਗੀ," ਭਾਗ ਸਿੰਘ ਨੇ ਮਖ਼ੌਲ ਨਾਲ ਕਿਹਾ।

"ਉਹ ਗੱਲ ਹੋਰ ਏ," ਬਸ਼ੀਰਾਂ ਨੇ ਕਿਹਾ, "ਅੱਬਾ ਬਾਹਰ ਹੋਵੇ ਤਾਂ ਉਹ ਕਈ ਤਰੀਕੇ ਵਰਤ ਸਕਦਾ ਏ। ਚਲੋ, ਇੰਜ ਕਰੋ ਕਿ ਜੇ ਸੰਤ ਨਹੀਂ ਜਾ ਸਕਦਾ ਤਾਂ ਇਕ ਹੋਰ ਕੰਮ ਕਰ ਦਿਓ," ਬਸ਼ੀਰਾਂ ਨੇ ਕਿਹਾ।

"ਹਾਂ ਉਹ ਵੀ ਦੱਸ ਦੇ," ਭਾਗ ਸਿੰਘ ਨੇ ਕਿਹਾ, "ਅਸੀਂ ਉਹ ਵੀ ਸੁਣ ਤਾਂ ਲਈਏ।"

"ਬੈਰਮ ਖ਼ਾਂ ਦਾ ਪਤਾ ਨਹੀਂ ਲੱਗ ਰਿਹਾ, ਉਹਦਾ ਪਤਾ ਕਰ ਦਿਓ," ਬਸ਼ੀਰਾਂ ਨੇ ਕਿਹਾ।

"ਉਹਦਾ ਤਾਂ ਸਾਨੂੰ ਪਤਾ ਏ।"

"ਕਿੱਥੇ ਐ ?" ਬਸ਼ੀਰਾਂ ਬੋਲੀ।

"ਉਹ ਤਾਂ ਅਟਕ ਦੇ ਕਿਲ੍ਹੇ ਵਿਚ ਏ," ਭਾਗ ਸਿੰਘ ਨੇ ਦੱਸਿਆ, "ਪਰ ਉਹ ਨਹੀਂ ਆ ਸਕਦਾ।"

"ਇਹ ਕੀ ਚਾਹੁੰਦੀ ਏ ?" ਚਤਰ ਸਿੰਘ ਨੇ ਪੁਛਿਆ।

"ਇਹ ਚਾਹੁੰਦੀ ਏ ਕਿ ਇਹਦਾ ਪਿਓ ਛੁਡਾ ਲਿਆ ਜਾਏ," ਭਾਗ ਸਿੰਘ ਨੇ ਦੱਸਿਆ।

"ਬੱਸ ਇਹੀ ਗੱਲ ਏ ?" ਚਤਰ ਸਿੰਘ ਨੇ ਸਿਰ ਮਾਰ ਕੇ ਇਉਂ ਗੱਲ ਕੀਤੀ ਜਿਵੇਂ ਇਹ ਕੋਈ ਔਖਾ ਕੰਮ ਨਹੀਂ।

"ਤੂੰ ਕੁਝ ਕਰ ਸਕਦਾ ਏਂ ?" ਭਾਗ ਸਿੰਘ ਨੇ ਉਹਨੂੰ ਪੁੱਛਿਆ।

"ਜੇ ਤੁਸੀਂ ਹੁਕਮ ਦਿਓ ਤਾਂ ਮੈਂ ਉਹਨੂੰ ਛੁਡਾ ਦਿਆਂਗਾ," ਚਤਰ ਸਿੰਘ ਨੇ ਕਿਹਾ।

"ਜ਼ਰੂਰ ਯਤਨ ਕਰੋ," ਭਾਗ ਸਿੰਘ ਨੇ ਕਿਹਾ ਅਤੇ ਫਿਰ ਬਸ਼ੀਰਾਂ ਨੂੰ ਸੰਬੋਧਨ ਕਰ ਕੇ ਕਿਹਾ, "ਤੂੰ ਇਹਦੇ ਨਾਲ ਹੀ ਪਿਸ਼ੌਰ ਟੁਰ ਜਾ, ਪਰ ਇਕ ਗੱਲ ਯਾਦ ਰੱਖੀਂ ਕਿ ਜੇਕਰ ਸਾਡੇ ਬਾਰੇ ਜਾਂ ਚਤਰ ਸਿੰਘ ਬਾਰੇ ਤੂੰ ਕੋਈ ਭੇਦ ਕੱਢਿਆ ਤਾਂ ਸਾਡੇ ਤੋਂ ਵੱਧ ਮਾੜਾ ਕੋਈ ਨਹੀਂ ਹੋਵੇਗਾ। ਸਾਡੇ ਵਿਚੋਂ ਇਕ ਅੱਧ ਤਾਂ ਕਿਸੇ ਸਮੇਂ ਫੜਿਆ ਜਾ ਸਕਦਾ ਹੈ, ਪਰ ਸਾਰੇ ਕਦੇ ਕਾਬੂ ਨਹੀਂ ਆਉਣੇ।"

"ਮੈਂ ਕਿਸੇ ਨੂੰ ਕਿਉਂ ਦੱਸਾਂਗੀ। ਮੇਰੇ ਦਿਲ ਵਿਚ ਤਾਂ ਤੁਹਾਡੇ ਲਈ ਰੱਬ ਜਿੰਨਾ ਪਿਆਰ ਸਤਿਕਾਰ ਏ। ਤੁਸੀਂ ਸਿਖ ਲੋਕ ਤਾਂ ਬਹੁਤ ਚੰਗੇ ਹੋ। ਜੇ ਕਦੇ ਮੈਂ ਕਿਸੇ ਹੋਰ ਦੁਸ਼ਮਨ ਦੇ ਕਾਬੂ ਆਈ ਹੁੰਦੀ ਤਾਂ ਕਦੇ ਇਸ ਤਰ੍ਹਾਂ ਨਾ ਛਡਦਾ, ਪਰ ਤੁਹਾਡਾ ਇਖਲਾਕ ਏ ਕਿ ਤੁਸੀਂ ਨਾ ਕੇਵਲ ਮੈਨੂੰ ਛੱਡ ਰਹੇ ਹੋ, ਸਗੋਂ ਮੇਰੀ ਮਦਦ ਵੀ ਕਰ ਰਹੇ ਹੋ। ਮੈਂ ਯਕੀਨ ਦਵਾਂਦੀ ਹਾਂ ਕਿ ਮੈਂ ਤੇ ਮੇਰਾ ਅੱਬਾ ਸਦਾ ਤੁਹਾਡੇ ਸ਼ੁਕਰਗੁਜ਼ਾਰ ਰਹਾਂਗੇ," ਬਸ਼ੀਰਾਂ ਨੇ ਕਿਹਾ।

ਭਾਗ ਸਿੰਘ ਤੇ ਚਤਰ ਸਿੰਘ ਨੇ ਇਕ ਪਾਸੇ ਜਾ ਕੇ ਕੁਝ ਗੱਲਾਂ ਕੀਤੀਆਂ ਤੇ ਫਿਰ ਵਾਪਸ ਆ ਕੇ ਚਤਰ ਸਿੰਘ ਨੇ ਕਿਹਾ, "ਚਲੋ ਜੀ, ਫਿਰ ਅਸੀਂ ਚੱਲੀਏ।"

"ਚੰਗਾ ਭਾਗ ਸਿੰਘ ਜੀ ਮੈਂ ਚੱਲਦੀ ਹਾਂ। ਤੁਸੀਂ ਕਦੇ ਪਿਸ਼ੌਰ ਦਰਸ਼ਨ ਦਿਓਗੇ ?" ਜਾਣ ਲੱਗਿਆਂ ਬਸ਼ੀਰਾਂ ਨੇ ਕਿਹਾ।

"ਯਤਨ ਕਰਾਂਗਾ," ਭਾਗ ਸਿੰਘ ਬੋਲਿਆ।

ਬਸ਼ੀਰਾਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਉਸ ਨੂੰ ਜੰਗਲ ਤੋਂ ਬਾਹਰ ਦੂਰ ਲਿਜਾ ਕੇ ਚਤਰ ਸਿੰਘ ਨੇ ਉਸ ਦੀਆਂ ਅੱਖਾਂ ਤੋਂ ਪੱਟੀ ਖੋਲ੍ਹ ਦਿੱਤੀ ਤੇ ਦੋਵੇਂ ਪਿਸ਼ੌਰ ਦੀ ਸੜਕੇ ਪੈ ਗਏ।

12

ਬਸ਼ੀਰਾਂ ਨੇ ਮਾਂ ਨੂੰ ਗੱਲ ਦੱਸੀ ਪਰ ਉਹਨੂੰ ਇਸ ਗੱਲ 'ਤੇ ਇਤਬਾਰ ਨਾ ਆਇਆ ਕਿ ਸਿਖ ਜਾਸੂਸ ਉਹਦੀ ਮਦਦ ਕਰ ਸਕਦੇ ਹਨ। ਉਹਨੇ ਸਗੋਂ ਹੋਰ ਖ਼ਤਰਾ ਮਹਿਸੂਸ ਕੀਤਾ ਕਿ ਕਿਧਰੇ ਇਹੀ ਗੱਲ ਨਾ ਹੋਵੇ ਕਿ ਸਾਰੀ ਗੱਲ ਦਾ ਭੇਦ ਖੁਲ੍ਹ ਜਾਏ ਤੇ ਜੇਕਰ ਅੱਗੋ ਸਿਰਫ਼ ਸ਼ੱਕ ਹੀ ਹੈ ਤਾਂ ਉਹ ਅਸਲੀਅਤ ਬਣ ਜਾਏ। ਉਸਨੇ ਬਸ਼ੀਰਾਂ ਨੂੰ ਕਿਹਾ, "ਭਾਵੇਂ ਕੁਝ ਹੋਵੇ ਮੈਂ ਨਹੀਂ ਚਾਹੁੰਦੀ ਕਿ ਕੋਈ ਸਿਖ ਜਾਸੂਸ ਸਾਡੇ ਘਰ ਆਵੇ, ਇਸ ਲਈ ਜੇਕਰ ਹੁਣ ਤੈਨੂੰ ਮਿਲਣ ਲਈ ਕੋਈ ਆਏ ਤਾਂ ਉਹਨੂੰ ਰੋਕ ਦੇਈਂ ਕਿ ਅਗੋਂ ਨਾ ਆਵੇ!"

"ਮਾਂ ਤੂੰ ਕਿਸ ਤਰ੍ਹਾਂ ਦੀਆਂ ਗੱਲਾਂ ਪਈ ਕਰਦੀ ਏਂ। ਉਹਨਾਂ ਦੀ ਮਦਦ ਬਿਨਾਂ ਹੁਣ ਅੱਬਾ ਨਹੀਂ ਛੁੱਟ ਸਕਦਾ," ਬਸ਼ੀਰਾਂ ਨੇ ਸਮਝਾਂਦਿਆਂ ਕਿਹਾ।

"ਨਹੀਂ ਬਈ, ਮੈਨੂੰ ਸਿੱਖਾਂ 'ਤੇ ਇਤਬਾਰ ਨਹੀਂ। ਉਹਨਾਂ ਬਾਰੇ ਸੁਣਿਆ ਏ ਕਿ ਉਹ ਬੜੇ ਚਲਾਕ ਨੇ। ਅੱਗੇ ਚਲਾਕੀ ਨਾਲ ਉਹਨਾਂ ਪੰਜਾਬ 'ਤੇ ਕਬਜ਼ਾ ਕੀਤਾ ਏ, ਨਾਲੇ ਉਹ ਹੈਨ ਵੀ ਕਾਫ਼ਰ। ਉਹਨਾਂ ਨਾਲ ਮੇਲ-ਜੋਲ ਰੱਖਣ ਵਾਲਾ ਮੁਸਲਮਾਨ ਵੀ ਕਾਫ਼ਰ ਹੋ ਜਾਂਦਾ ਏ," ਮਾਂ ਨੇ ਕਿਹਾ।

"ਇਹ ਤੈਨੂੰ ਵਹਿਮ ਏ ਕਿ ਉਹ ਕਾਫ਼ਰ ਨੇ। ਮੈਂ ਕਹਿਨੀ ਆਂ ਉਹ ਨਾਸਿਰ ਖ਼ਾਂ ਜਿਹੇ ਮੁਸਲਮਾਨਾਂ ਨਾਲੋਂ ਹਜ਼ਾਰਾਂ ਦਰਜੇ ਚੰਗੇ ਨੇ। ਵੇਖਿਆ ਨਹੀਂਓਂ ਕੱਲ੍ਹ ਉਹ ਚੌਰਾ ਮੈਨੂੰ ਕਹਿੰਦਾ ਕੀ ਸੀ। ਉਹ ਭਾਵੇਂ ਕੁਝ ਕਰਦਾ ਫਿਰੇ ਪਰ ਤੂੰ ਕਦੇ ਕਾਫ਼ਰ ਨਹੀਂ ਕਹੇਂਗੀ, ਪਰ ਜਿਨ੍ਹਾਂ ਵੈਰੀ ਦੀ ਲੜਕੀ ਕਬਜ਼ੇ ਵਿਚ ਹੋਣ ਦੇ ਬਾਵਜੂਦ ਇਕ ਵਾਰ ਵੀ ਮੈਲੀ ਅੱਖ ਨਾਲ ਨਹੀਂ ਦੇਖਿਆ, ਉਹਨਾਂ ਨੂੰ ਕਾਫ਼ਰ ਕਹਿੰਦੀ ਏਂ। ਕਦੇ ਸਿਖ ਦੇਖੇ ਵੀ ਨੇ ਕਿ ਬੱਸ ਸੁਣੀਆਂ-ਸੁਣਾਈਆਂ ਗੱਲਾਂ 'ਤੇ ਉਹਨਾਂ ਦੀ ਵਿਰੋਧਤਾ ਕਰਦੀ ਜਾ ਰਹੀ ਏਂ," ਬਸ਼ੀਰਾਂ ਨੇ ਕੁਝ ਗੁੱਸਾ ਮਹਿਸੂਸ ਕਰ ਕੇ ਮਾਂ ਦੀ ਗੱਲ ਦੇ ਉੱਤਰ ਵਿਚ ਚੰਗਾ ਝੱਟ ਬੋਲਦਿਆਂ ਲਾ ਦਿੱਤਾ।

"ਮੈਂ ਤਾਂ ਇਹੋ ਸਲਾਹ ਦਿਆਂਗੀ ਕਿ ਤੂੰ ਸਿੱਖਾਂ ਦੀ ਮਦਦ ਨਾ ਲੈ, ਨਹੀਂ ਤਾਂ ਨਵਾਂ ਪੁਆੜਾ ਗੱਲ ਆ ਪਏਗਾ," ਮਾਂ ਨੇ ਫਿਰ ਆਪਣੀ ਪਹਿਲੀ ਗੱਲ 'ਤੇ ਹੀ ਜ਼ੋਰ ਦੇਂਦਿਆਂ ਕਿਹਾ।

"ਫਿਰ ਹੋਰ ਤਰੀਕਾ ਦੱਸ?" ਬਸ਼ੀਰਾਂ ਨੇ ਖਿਝ ਕੇ ਕਿਹਾ, "ਜਿਥੋਂ ਤਕ ਅੱਬਾ ਦਾ ਸੰਬੰਧ ਏ, ਉਹ ਤਾਂ ਬਾਹਰ ਆ ਨਹੀਂ ਸਕਦਾ ਹੋਰ ਕਿਸੇ ਤਰ੍ਹਾਂ। ਜੇਕਰ ਨਿਰੀ ਯਾਰ ਮੁਹੰਮਦ ਖ਼ਾਨ ਦੀ ਗੱਲ ਹੁੰਦੀ ਤਾਂ ਉਹਦੇ ਤਰਲੇ ਕਰ ਲੈਂਦੇ ਜਾਂ ਕੋਈ ਰਾਹ ਲੱਭਦੇ, ਪਰ ਇਹ ਤਾਂ ਮੈਨੂੰ ਸਾਫ਼ ਪਿਆ ਦਿਸਦਾ ਏ ਕਿ ਨਾਸਿਰ ਖ਼ਾਂ ਨੇ ਪੂਰਾ ਵਾਹ ਲਾਣਾ

ਏ ਕਿ ਜਿਸ ਤਰ੍ਹਾਂ ਵੀ ਹੋਵੇ, ਅੱਬਾ ਫਸਿਆ ਰਹੇ।"

ਬਾਹਰਲਾ ਦਰਵਾਜ਼ਾ ਖੜਕਿਆ। ਬਸ਼ੀਰਾਂ ਦੀ ਮਾਂ ਉੱਠ ਕੇ ਬਾਹਰ ਚਲੀ ਗਈ ਤੇ ਝੱਟ ਪਿਛੋਂ ਹੀ ਉਸ ਵਾਪਸ ਆ ਕੇ ਕਿਹਾ, "ਬਾਹਰ ਤਾਂ ਨਾਸਿਰ ਖ਼ਾਂ ਆਇਆ ਏ। ਹੁਣ ਦੱਸ ਉਹਨੂੰ ਅੰਦਰ ਸੱਦਣਾ ਚਾਹੀਦਾ ਹੈ ਕਿ ਨਹੀਂ।"

"ਆਉਣ ਦੇ ਸੂ, ਫਿਰ ਸੁਣੀਂ ਉਹਦੀਆਂ ਗੱਲਾਂ, ਕਿੰਨਾ ਕੁ ਚੰਗਾ ਮੋਮਨ ਏ," ਬਸ਼ੀਰਾਂ ਨੇ ਵਿਅੰਗ ਨਾਲ ਉੱਤਰ ਦਿੱਤਾ।

ਨਾਸਿਰ ਖ਼ਾਂ ਆਪ ਦਰਵਾਜ਼ਾ ਖੋਲ੍ਹ ਕੇ ਅੰਦਰ ਆ ਗਿਆ।

ਬਸ਼ੀਰਾਂ ਦੀ ਮਾਂ ਨੇ ਕਿਹਾ, "ਤੁਹਾਨੂੰ ਇਸ ਤਰ੍ਹਾਂ ਨਹੀਂ ਸੀ ਆਣਾ ਚਾਹੀਦਾ।"

"ਮੈਂ ਸਮਝਦਾ ਹਾਂ ਕਿ ਮੈਂ ਗੁਸਤਾਖ਼ੀ ਕੀਤੀ ਏ ਪਰ ਕੀ ਕਰਦਾ, ਮੇਰੇ ਤੋਂ ਉਮਰ ਹਯਾਤ ਖ਼ਾਨ ਦੀ ਹਾਲਤ ਦੇਖੀ ਨਹੀਂ ਜਾਂਦੀ। ਇਤਨਾ ਵੱਡਾ ਸਰਦਾਰ ਤੇ ਉਹ ਕੈਦੀ ਬਣਿਆ ਰਹੇ, ਇਸ ਤੋਂ ਵੱਧ ਹੋਰ ਕੀ ਮਾੜੀ ਗੱਲ ਹੋ ਸਕਦੀ ਏ?" ਨਾਸਿਰ ਖ਼ਾਂ ਨੇ ਕਿਹਾ।

"ਜੇ ਤੈਨੂੰ ਇਤਨਾ ਹੀ ਖ਼ਿਆਲ ਏ ਤਾਂ ਛੁਡਾਣ ਦਾ ਯਤਨ ਕਰ। ਤੇਰੇ ਆਖੇ ਵਿਚ ਏ ਹਾਕਮ ਇਸ ਵੇਲੇ," ਬਸ਼ੀਰਾਂ ਦੀ ਮਾਂ ਨੇ ਕਿਹਾ।

"ਮੈਂ ਤਾਂ ਕੱਲ੍ਹ ਹੀ ਕਿਹਾ ਸੀ ਕਿ ਮੈਂ ਛੁਡਾ ਦਿਆਂਗਾ ਪਰ ਬਸ਼ੀਰਾਂ ਨੇ ਮੇਰੀ ਬੇਇਜ਼ਤੀ ਕਰ ਦਿੱਤੀ," ਨਾਸਿਰ ਖ਼ਾਂ ਨੇ ਕਿਹਾ।

"ਕਿਉਂ?" ਜਾਣ ਬੁੱਝ ਕੇ ਬਸ਼ੀਰਾਂ ਦੀ ਮਾਂ ਨੇ ਪੁੱਛਿਆ।

"ਇਹਨੂੰ ਪੁੱਛ ਲਓ," ਬਸ਼ੀਰਾਂ ਵੱਲ ਇਸ਼ਾਰਾ ਕਰ ਕੇ ਨਾਸਿਰ ਖ਼ਾਂ ਨੇ ਕਿਹਾ।

ਬਸ਼ੀਰਾਂ ਖੜੀ ਗੁੱਸੇ ਵਿਚ ਆਪਣੇ ਹੋਠਾਂ ਨੂੰ ਦੰਦਾਂ ਵਿਚ ਦੇ ਕੇ ਆਪਣਾ ਗੁੱਸਾ ਰੋਕਣ ਦਾ ਯਤਨ ਕਰ ਰਹੀ ਸੀ। ਉਹ ਚਾਹੁੰਦੀ ਸੀ ਕਿ ਵੱਟ ਕੇ ਇਕ ਚਪੇੜ ਨਾਸਿਰ ਖ਼ਾਂ ਦੇ ਮੂੰਹ 'ਤੇ ਮਾਰੇ ਪਰ ਇਸ ਵੇਲੇ ਹਾਲਾਤ ਇਸ ਲਈ ਠੀਕ ਨਹੀਂ ਸਨ, ਇਸ ਲਈ ਚੁੱਪ ਰਹੀ।

"ਕਿਉਂ, ਬਸ਼ੀਰਾਂ ਕੀ ਗੱਲ ਏ?" ਮਾਂ ਨੇ ਪੁੱਛਿਆ।

"ਇਹਨੂੰ ਹੀ ਪੁੱਛ ਲਓ," ਬਸ਼ੀਰਾਂ ਨੇ ਕਿਹਾ ਤੇ ਉੱਠ ਕੇ ਬਾਹਰਲੀ ਡਿਉਢੀ ਵਿਚ ਆ ਗਈ।

"ਚਾਚੀ, ਗੱਲ ਸਾਫ਼ ਏ ਕਿ ਬਸ਼ੀਰਾਂ ਦਾ ਰਿਸ਼ਤਾ ਕਰ ਦਿਓ ਤਾਂ ਹੁਣੇ ਚਾਚਾ ਬਾਹਰ ਆ ਸਕਦਾ ਏ," ਨਾਸਿਰ ਖ਼ਾਂ ਨੇ ਬਸ਼ੀਰਾਂ ਦੇ ਜਾਣ ਪਿਛੋਂ ਸਾਫ਼ ਸਾਫ਼ ਗੱਲ ਕਹਿ ਦਿੱਤੀ।

ਬਸ਼ੀਰਾਂ ਦੀ ਮਾਂ ਨੇ ਉਹਨੂੰ ਹੁਣੇ ਮੂੰਹ-ਫੱਟ ਜਵਾਬ ਦੇਣਾ ਯੋਗ ਨਾ ਸਮਝਿਆ ਤੇ ਟਾਲਣ ਲਈ ਕਹਿ ਦਿੱਤਾ, "ਇਹਦਾ ਭਰਾ ਕਾਬਲ ਗਿਆ ਹੋਇਆ ਏ, ਉਹ ਆ

ਲਵੇ ਤਾਂ ਮੈਂ ਉਹਦੇ ਨਾਲ ਗੱਲ ਕਰਾਂਗੀ," ਬਸ਼ੀਰਾਂ ਨੇ ਇਹ ਵਾਕ ਸੁਣਿਆ ਤਾਂ ਉਹਨੂੰ ਅੱਗ ਲੱਗ ਗਈ ਤੇ ਉਸ ਡਿਉਢੀ ਵਿਚੋਂ ਹੀ ਮਾਂ ਵੱਲ ਮੱਥੇ 'ਤੇ ਵੱਟ ਪਾ ਕੇ ਗੁੱਸੇ ਨਾਲ ਦੇਖਿਆ ਤੇ ਮਾਂ ਦੀਆਂ ਗੱਲਾਂ ਨਾਲ ਆਪਣੀ ਅਸੰਮਤੀ ਪ੍ਰਗਟ ਕਰ ਦਿੱਤੀ। ਉਹਦੀ ਮਾਂ 'ਤੇ ਉਸ ਰੋਸ ਦਾ ਕੋਈ ਅਸਰ ਨਾ ਹੋਇਆ ਤੇ ਉਸ ਫਿਰ ਕਿਹਾ, "ਸਾਨੂੰ ਤੇਰੇ ਨਾਲੋਂ ਚੰਗਾ ਹੋਰ ਕੌਣ ਹੋ ਸਕਦਾ ਏ ਪਰ ਤੈਨੂੰ ਪਤਾ ਏ ਕਿ ਇਹ ਰਿਸ਼ਤੇ ਕਰਨੇ ਮਰਦਾਂ ਦਾ ਕੰਮ ਏ। ਫਿਰ ਜੇਕਰ ਸਿਰ ਦਾ ਸਾਈਂ ਘਰ ਨਾ ਹੋਵੇ, ਜਵਾਨ ਪੁੱਤਰ ਦੇ ਹੁੰਦਿਆਂ ਮੈਂ ਆਪ ਕਿਧਰੇ ਹਾਂ ਕਿਵੇਂ ਕਰ ਸਕਦੀ ਹਾਂ।"

ਬਾਹਰਲਾ ਦਰਵਾਜ਼ਾ ਬੜੀ ਹੌਲੀ ਜਿਹੀ ਖੜਕਿਆ। ਦਰਵਾਜ਼ਿਆਂ ਵਿਚਕਾਰ ਪਈ ਵਿੱਥ ਵਿਚੋਂ ਬਸ਼ੀਰਾਂ ਨੇ ਦੇਖਿਆ ਤਾਂ ਯਾਰ ਮੁਹੰਮਦ ਖ਼ਾਨ ਦਾ ਮਾਲੀ ਬਾਹਰ ਖੜਾ ਸੀ। ਉਸ ਤੁਰਤ ਦਰਵਾਜ਼ਾ ਖੋਲ੍ਹ ਕੇ ਹੌਲੀ ਜਿਹਾ ਕਿਹਾ, "ਅੰਦਰ ਨਾਸਿਰ ਖ਼ਾਂ ਬੈਠਾ ਏ।"

"ਕੋਈ ਗੱਲ ਨਹੀਂ," ਮਾਲੀ ਨੇ ਕਿਹਾ, "ਮੈਂ ਤਰੀਕਾ ਸੋਚ ਆਇਆ ਹਾਂ।"

"ਕੀ ?" ਬਸ਼ੀਰਾਂ ਨੇ ਬੜੇ ਉਤਾਵਲੇ ਹੋ ਕੇ ਪੁੱਛਿਆ।

"ਤੂੰ ਜਾ ਕੇ ਉਹਨੂੰ ਕਹਿ ਕਿ ਰਾਤ ਨੂੰ ਉਹ ਸੂਰਜ ਡੁੱਬਣ ਤੋਂ ਅੱਧਾ ਘੰਟਾ ਪਿਛੋਂ ਆ ਕੇ ਤੈਨੂੰ ਮਿਲੇ। ਬਾਕੀ ਗੱਲ ਫਿਰ ਸਮਝਾ ਦਿਆਂਗਾ," ਮਾਲੀ ਨੇ ਕਿਹਾ।

ਇਹ ਮਾਲੀ ਉਹੀ ਚਤਰ ਸਿੰਘ ਸੀ, ਜੋ ਬਸ਼ੀਰਾਂ ਨੂੰ ਸ. ਭਾਗ ਸਿੰਘ ਦੇ ਟਿਕਾਣੇ 'ਤੇ ਮਿਲਿਆ ਸੀ ਤੇ ਜਿਸ ਦੇ ਨਾਲ ਹੀ ਬਸ਼ੀਰਾਂ ਵਾਪਸ ਪਿਸ਼ੌਰ ਆਈ ਸੀ।

"ਚੰਗਾ ਚਾਚੀ, ਫਿਰ ਮੈਂ ਚਲਦਾ ਹਾਂ," ਨਾਸਿਰ ਖ਼ਾਂ ਨੇ ਕਿਹਾ, "ਜੇ ਹੁਣ 'ਹਾਂ' ਕਰ ਦੇਂਦੀਓਂ ਤਾਂ ਮੈਂ ਕੋਸ਼ਿਸ਼ ਕਰ ਕੇ ਦੇਖ ਲੈਂਦਾ, ਹੁਣ ਅਕਬਰ ਖ਼ਾਂ ਦੇ ਆਉਣ ਤੱਕ ਉਡੀਕ ਕਰਨੀ ਪਵੇਗੀ।"

"ਤੈਨੂੰ ਸਾਡੇ 'ਤੇ ਇਤਬਾਰ ਨਹੀਂ ? ਸਿਰਫ਼ ਸੌਦਾ ਹੀ ਕਰਨਾ ਜਾਣਦਾ ਏਂ ਕਿ ਕੁਝ ਭਲਾ ਵੀ ਕਰ ਸਕਦਾ ਏਂ," ਬਸ਼ੀਰਾਂ ਦੀ ਮਾਂ ਨੇ ਤਨਜ਼ ਨਾਲ ਉਹਨੂੰ ਕਿਹਾ।

"ਇਹ ਗੱਲ ਨਹੀਂ ਚਾਚੀ," ਨਾਸਿਰ ਖ਼ਾਂ ਨੇ ਕਿਹਾ, "ਅਸਲ ਵਿਚ ਤੁਸੀਂ ਵੀ ਪੱਕੀ ਗੱਲ ਕੋਈ ਨਹੀਂ ਕਰਦੇ।"

"ਮੈਂ ਕੀ ਕਰਾਂ," ਬਸ਼ੀਰਾਂ ਦੀ ਮਾਂ ਨੇ ਬੜੇ ਦੁਖੀ ਜਿਹੇ ਤਰੀਕੇ ਨਾਲ ਕਿਹਾ, "ਅਸੀਂ ਸਾਰਿਆਂ ਪਾਸਿਆਂ ਤੋਂ ਫਸੇ ਪਏ ਹਾਂ।"

ਨਾਸਿਰ ਖ਼ਾਂ ਟੁਰਨ ਲੱਗਾ। ਡਿਉਢੀ ਵਿਚ ਚਤਰ ਸਿੰਘ ਨੂੰ ਖੜਾਕ ਸੁਣਿਆ ਤਾਂ ਉਹ ਡਿਉਢੀ ਵਿਚੋਂ ਕੋਠੇ ਨੂੰ ਚੜ੍ਹਦੀਆਂ ਪੌੜੀਆਂ ਰਾਹੀਂ ਉੱਪਰ ਚਲਿਆ ਗਿਆ। ਜਦ ਨਾਸਿਰ ਖ਼ਾਂ ਡਿਉਢੀ ਵਿਚ ਪੁੱਜਾ ਤਾਂ ਬਸ਼ੀਰਾਂ ਨੇ ਮੁਸਕਰਾ ਕੇ ਉਸ ਵੱਲ ਦੇਖਿਆ। ਨਾਸਿਰ ਖ਼ਾਂ ਦੇ ਕਦਮ ਰੁਕ ਗਏ। ਉਸ ਬਸ਼ੀਰਾਂ ਦੇ ਚਿਹਰੇ 'ਤੇ ਅੱਖਾਂ ਗੱਡਦਿਆਂ

ਪੁੱਛਿਆ, "ਕੀ ਗੱਲ ਏ ?"

"ਤੁਸੀਂ ਟੁਰ ਚੱਲੇ ਹੋ ?" ਬਸ਼ੀਰਾਂ ਨੇ ਪੁੱਛਿਆ।

"ਹਾਂ, ਕਿਉਂ ?"

"ਕੁਝ ਨਹੀਂ।"

"ਕੁਝ ਤਾਂ ਹੈ।"

"ਫਿਰ ਕਦੋਂ ਆਓਗੇ ?" ਬਸ਼ੀਰਾਂ ਨੇ ਸਵਾਲ ਕੀਤਾ। ਨਾਸਿਰ ਖ਼ਾਂ ਹੈਰਾਨ ਹੋ ਗਿਆ। ਬਸ਼ੀਰਾਂ ਨੇ ਕੱਲ੍ਹ ਜਿਸ ਤਰ੍ਹਾਂ ਕਿਲ੍ਹੇ ਦੇ ਬਾਹਰ ਵਰਤਾਉ ਕੀਤਾ ਸੀ ਤੇ ਛੱਟ ਪਹਿਲਾਂ ਬਸ਼ੀਰਾਂ ਜਿਸ ਤਰ੍ਹਾਂ ਕੁਰੱਖ਼ਤ ਢੰਗ ਨਾਲ ਬੋਲੀ ਸੀ ਹੁਣ ਉਹਦਾ ਵਤੀਰਾ ਬਿਲਕੁਲ ਉਲਟ ਸੀ। ਨਾਸਿਰ ਖ਼ਾਂ ਨੂੰ ਇਹ ਆਸ ਹੀ ਨਹੀਂ ਸੀ ਕਿ ਬਸ਼ੀਰਾਂ ਇਸ ਤਰ੍ਹਾਂ ਉਸ ਵੱਲ ਵਤੀਰਾ ਬਦਲ ਲਏਗੀ। ਉਸਨੇ ਸੋਚਿਆ ਕਿ ਸ਼ਾਇਦ ਕੱਲ੍ਹ ਉਸ ਇਹਦਾ ਭਾਵ ਹੀ ਨਾ ਸਮਝਿਆ ਹੋਏ ਤੇ ਕਿਸੇ ਭੁਲੇਖੇ ਵਿਚ ਹੀ ਸਖ਼ਤ ਰਹੀ ਹੋਵੇ ਤੇ ਹੁਣ ਮਾਂ ਨਾਲ ਮੇਰੀਆਂ ਗੱਲਾਂ ਤੋਂ ਇਹਨੂੰ ਅਸਲ ਗੱਲ ਦਾ ਪਤਾ ਲੱਗਾ ਹੋਵੇ। ਬਸ਼ੀਰਾਂ ਦਾ ਇਹ ਸਵਾਲ ਕਿ 'ਫਿਰ ਕਦੋਂ ਆਓਗੇ' ਉਹਦੇ ਕੰਨਾਂ ਵਿਚ ਗੂੰਜ ਰਿਹਾ ਸੀ। ਉਹਨੂੰ ਕੰਨਾਂ 'ਤੇ ਵੀ ਇਤਬਾਰ ਨਹੀਂ ਸੀ, ਪਰ ਜਦ ਬਸ਼ੀਰਾਂ ਨੇ ਦੂਜੀ ਵਾਰ ਫਿਰ ਆਪਣਾ ਸਵਾਲ ਦੁਹਰਾ ਦਿੱਤਾ ਤੇ ਉਸ ਛੱਟ ਕਿਹਾ, "ਜਦੋਂ ਹੁਕਮ ਕਰੋ, ਹਾਜ਼ਿਰ ਹੋ ਜਾਵਾਂਗਾ।"

"ਅੱਜ ਸ਼ਾਮ ਨੂੰ ਦਿਨ ਡੁੱਬਣ ਤੋਂ ਪਿਛੋਂ ਕਿਸੇ ਵੇਲੇ ਆਉਣਾ। ਮੈਂ ਡਿਉਢੀ ਵਿਚ ਹੀ ਤੁਹਾਡੀ ਉਡੀਕ ਕਰਾਂਗੀ। ਆਓਗੇ ਨਾ ?" ਬਸ਼ੀਰਾਂ ਨੇ ਬੜੇ ਅੰਦਾਜ਼ ਵਿਚ ਪੁੱਛਿਆ।

"ਮੈਂ ਜ਼ਰੂਰ ਆਵਾਂਗਾ," ਨਾਸਿਰ ਖ਼ਾਂ ਨੇ ਕਿਹਾ।

"ਭੁੱਲਣਾ ਨਹੀਂ। ਕਿਧਰੇ ਮੈਂ ਉਡੀਕਦੀ ਹੀ ਨਾ ਰਹਿ ਜਾਵਾਂ। ਫਿਰ ਤੁਹਾਨੂੰ ਕੁਝ ਹੋਰ ਜ਼ਰੂਰੀ ਗੱਲਾਂ ਦੱਸਾਂਗੀ," ਬਸ਼ੀਰਾਂ ਨੇ ਕਿਹਾ। ਨਾਸਿਰ ਖ਼ਾਂ ਨੇ ਮੁਸਕਰਾ ਕੇ ਦੇਖਿਆ ਤੇ ਚਲਾ ਗਿਆ।

"ਬਹੁਤ ਅੱਛਾ," ਸ. ਚਤਰ ਸਿੰਘ ਨੇ ਪੌੜੀਆਂ ਤੋਂ ਉਤਰ ਕੇ ਕਿਹਾ, "ਮੈਨੂੰ ਇਹ ਆਸ ਨਹੀਂ ਸੀ ਕਿ ਤੂੰ ਇਤਨੀ ਹੁਸ਼ਿਆਰੀ ਨਾਲ ਉਹਨੂੰ ਕਾਬੂ ਕਰ ਲਵੇਂਗੀ।"

"ਮੈਂ ਜਾਣਦੀ ਹਾਂ, ਮਰਦਾਂ ਦਾ ਕੀ ਏ, ਜ਼ਰਾ ਹੱਸ ਕੇ ਗੱਲ ਕਰੋ ਤੇ ਜੋ ਦਿਲ ਚਾਹੇ ਕਰਵਾ ਲਵੋ," ਬਸ਼ੀਰਾਂ ਨੇ ਕਿਹਾ।

"ਇਹ ਤੇਰਾ ਭੁਲੇਖਾ ਏ ਬਸ਼ੀਰਾਂ। ਨਾਸਿਰ ਖ਼ਾਂ ਵਰਗੇ ਹੀ ਕਾਬੂ ਆ ਸਕਦੇ ਨੇ। ਸਾਧੂ ਕਿਉਂ ਨਹੀਂ ਫਸਿਆ ? ਸ. ਭਾਗ ਸਿੰਘ 'ਤੇ ਕਿਉਂ ਅਸਰ ਨਹੀਂ ਹੋਇਆ, ਸਿਰਫ਼ ਇਸ ਲਈ ਕਿ ਉਹ ਅਜਿਹੇ ਬੰਦੇ ਨੇ ਜਿਨ੍ਹਾਂ ਦਾ ਸਵੈ-ਕਾਬੂ ਏ," ਚਤਰ ਸਿੰਘ ਨੇ ਕਿਹਾ।

ਬਸ਼ੀਰਾਂ ਦੀ ਮਾਂ ਵੀ ਅੰਦਰ ਆ ਗਈ। ਉਸ ਨੇ ਇਕ ਮਾਲੀ ਨੂੰ ਖੜੋਤੇ ਦੇਖਿਆ

ਤਾਂ ਹੈਰਾਨ ਰਹਿ ਗਈ। ਉਸ ਪੁੱਛਿਆ, "ਇਹ ਕੌਣ ਏ ?"

"ਇਹ ਚਤਰ ਸਿੰਘ ਹੋਰੀਂ ਨੇ ਜਿਨ੍ਹਾਂ ਮੈਨੂੰ ਬਚਾ ਕੇ ਲਿਆਂਦਾ ਸੀ। ਮੈਂ ਤੈਨੂੰ ਇਹਨਾਂ ਬਾਰੇ ਦੱਸਿਆ ਤਾਂ ਸੀ," ਬਸ਼ੀਰਾਂ ਨੇ ਕਿਹਾ।

"ਚਲੋ ਫਿਰ ਅੰਦਰ ਲੰਘ ਚਲੋ, ਇਥੇ ਖੜੇ ਰਹਿਣਾ ਠੀਕ ਨਹੀਂ।" ਮਾਂ ਨੇ ਕਿਹਾ ਤੇ ਆਪ ਅੰਦਰ ਨੂੰ ਟੁਰ ਪਈ। ਉਹਦੇ ਪਿੱਛੇ ਪਿੱਛੇ ਬਸ਼ੀਰਾਂ ਤੇ ਚਤਰ ਸਿੰਘ ਵੀ ਅੰਦਰ ਲੰਘ ਗਏ। ਫਿਰ ਉਹਦੀ ਮਾਂ ਜਾ ਕੇ ਡਿਉਢੀ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਆਈ।

ਚਤਰ ਸਿੰਘ ਨੇ ਕਿਹਾ, "ਮੈਂ ਸਾਰਾ ਪਤਾ ਕਰ ਆਇਆ ਹਾਂ। ਇਸ ਮਾਮਲੇ ਵਿਚ ਹੋਰ ਕਿਸੇ ਦਾ ਕਸੂਰ ਨਹੀਂ ਸਿਰਫ਼ ਨਾਸਿਰ ਖ਼ਾਂ ਹੀ ਸਾਰਾ ਜ਼ਿੰਮੇਵਾਰ ਹੈ। ਇਸ ਲਈ ਮੈਂ ਤੁਹਾਨੂੰ ਕਿਹਾ ਸੀ ਕਿ ਇਹਨੂੰ ਰਾਤ ਨੂੰ ਇਥੇ ਬੁਲਾਓ। ਹੁਣ ਬਸ਼ੀਰਾਂ ਤੂੰ ਜਾ ਕੇ ਯਾਰ ਮੁਹੰਮਦ ਖ਼ਾਨ ਨੂੰ ਕਹਿ ਕਿ ਤੂੰ ਉਸ ਸਾਧੂ ਨੂੰ ਨਾਲ ਲਿਆ ਰਹੀ ਸੈਂ ਤੇ ਰਾਹ ਵਿਚ ਤੈਨੂੰ ਨਾਸਿਰ ਖ਼ਾਂ ਮਿਲ ਪਿਆ ਸੀ, ਉਸ ਦੇ ਕਹਿਣ 'ਤੇ ਸਾਧੂ ਨੱਸ ਗਿਆ ਏ। ਨਾਸਿਰ ਖ਼ਾਂ ਨੇ ਉਸਨੂੰ ਦੱਸ ਦਿੱਤਾ ਸੀ ਕਿ ਤੈਨੂੰ ਜਾਸੂਸ ਹੋਣ ਦੇ ਦੋਸ਼ ਵਿਚ ਫੜਿਆ ਜਾ ਰਿਹਾ ਹੈ। ਫਿਰ ਤੈਨੂੰ ਯਾਰ ਮੁਹੰਮਦ ਖ਼ਾਨ ਪੁੱਛੇਗਾ ਕਿ ਨਾਸਿਰ ਖ਼ਾਂ ਨੇ ਅਜਿਹਾ ਕਿਉਂ ਕੀਤਾ ਏ ਤਾਂ ਉਹਨੂੰ ਦੱਸ ਦਈਂ ਕਿ ਉਹ ਮੈਨੂੰ ਮੇਰੀ ਮਰਜ਼ੀ ਦੇ ਵਿਰੁੱਧ ਵਿਆਹੁਣਾ ਚਾਹੁੰਦਾ ਹੈ ਤੇ ਸਾਡੀ ਮਜਬੂਰੀ ਦਾ ਨਾਜਾਇਜ਼ ਲਾਭ ਉਠਾਣ ਲਈ ਉਸ ਨੇ ਸਾਨੂੰ ਪੇਸ਼ਕਸ਼ ਕੀਤੀ ਹੈ ਕਿ ਜੇਕਰ ਅਸੀਂ ਵਿਆਹ ਲਈ ਮੰਨ ਜਾਈਏ ਤਾਂ ਉਹ ਮੇਰੇ ਅੱਬਾ ਨੂੰ ਛੁਡਾ ਦੇਵੇਗਾ।"

"ਫਿਰ ਕੀ ਬਣੇਗਾ ? ਇਸ ਨਾਲ ਸਾਡਾ ਮੰਤਵ ਤਾਂ ਹੱਲ ਨਹੀਂ ਹੁੰਦਾ," ਬਸ਼ੀਰਾਂ ਨੇ ਹੈਰਾਨੀ ਨਾਲ ਪੁੱਛਿਆ।

"ਅਜੇ ਮੇਰੀ ਗੱਲ ਤਾਂ ਸਾਰੀ ਸੁਣ ਲਓ," ਚਤਰ ਸਿੰਘ ਨੇ ਕਿਹਾ, "ਤੂੰ ਉਹਨੂੰ ਕਹੀਂ ਕਿ ਮੇਰੇ ਅੱਬਾ ਕਦੀ ਸਿੱਖਾਂ ਦੇ ਸਾਥੀ ਨਹੀਂ ਹੋ ਸਕਦੇ। ਇਹ ਸਾਰੀ ਸਾਜ਼ਿਸ਼ ਨਾਸਿਰ ਖ਼ਾਂ ਦੀ ਏ। ਉਹ ਕਹੇਗਾ ਕਿ ਇਹਦਾ ਕੀ ਸਬੂਤ ਏ ਤਾਂ ਉਹਨੂੰ ਕਹੀਂ ਕਿ ਚਲੋ ਸ਼ਾਮ ਨੂੰ ਚੱਲ ਕੇ ਅੱਖਾਂ ਨਾਲ ਦੇਖ ਲਓ ਉਹ ਕਿਵੇਂ ਗੱਲਾਂ ਕਰਦਾ ਏ ਤੇ ਸਾਡੇ ਘਰ ਦੇ ਚੱਕਰ ਕਿਉਂ ਕੱਟ ਰਿਹਾ ਏ ?"

"ਫਿਰ ਉਹ ਕਾਬੂ ਆ ਜਾਏਗਾ," ਬਸ਼ੀਰਾਂ ਨੇ ਕਿਹਾ, "ਪਰ ਅੱਬਾ ਨੂੰ ਛੁਡਾਣ ਲਈ ਸਾਨੂੰ ਕੁਝ ਹੋਰ ਕਰਨਾ ਪਵੇਗਾ।"

"ਤੈਨੂੰ ਨਹੀਂ ਪਤਾ, ਇਸ ਦਾ ਅਸਰ ਇਹ ਪਵੇਗਾ ਕਿ ਨਾਸਿਰ ਖ਼ਾਂ ਵਿਰੁੱਧ ਨਫ਼ਰਤ ਵਧ ਜਾਏਗੀ। ਹੋ ਸਕਦਾ ਏ ਕਿ ਉਹਨੂੰ ਜਵਾਬ ਹੀ ਹੋ ਜਾਏ। ਬਾਕੀ ਅਸਾਂ ਪ੍ਰਬੰਧ ਕਰ ਲਿਆ ਏ। ਫ਼ਰਜ਼ੀ ਦਸਖ਼ਤਾਂ ਨਾਲ ਇਕ ਚਿੱਠੀ ਨੌਸ਼ਹਿਰੇ ਤੋਂ ਅੱਜ ਪਿਸ਼ੌਰ ਪਹੁੰਚ ਜਾਵੇਗੀ ਜਿਸ ਵਿਚ ਅਸੀਂ ਦੱਸਾਂਗੇ ਕਿ ਉਮਰ ਹਯਾਤ ਖ਼ਾਨ ਦੀ ਗ੍ਰਿਫ਼ਤਾਰੀ ਨਾਲ

ਲੋਕਾਂ ਵਿਚ ਸਖ਼ਤ ਰੋਸ ਪ੍ਰਗਟ ਕੀਤਾ ਜਾ ਰਿਹਾ ਹੈ। ਇਸ ਲਈ ਉਹਨੂੰ ਛੱਡ ਦੇਣਾ ਚਾਹੀਦਾ ਹੈ," ਚਤਰ ਸਿੰਘ ਨੇ ਇਸ ਤਰ੍ਹਾਂ ਸਾਰੀ ਵਿਉਂਤ ਉਨ੍ਹਾਂ ਨੂੰ ਸਮਝਾਈ। ਫਿਰ ਉਸ ਨੇ ਬਸ਼ੀਰਾਂ ਦੀ ਮਾਂ ਨੂੰ ਸੰਬੋਧਨ ਕਰ ਕੇ ਕਿਹਾ, "ਤੁਸੀਂ ਹੁਣੇ ਜਾਓ ਤੇ ਯਾਰ ਮੁਹੰਮਦ ਖ਼ਾਨ ਦੀ ਬੇਗਮ ਨੂੰ ਮਿਲੋ। ਉਹਨੂੰ ਦੱਸੋ ਕਿ ਉਮਰ ਹਯਾਤ ਖ਼ਾਨ ਨੂੰ ਜਾਣ-ਬੁੱਝ ਕੇ ਨਾਸਿਰ ਖ਼ਾਂ ਨੇ ਫਸਾ ਦਿੱਤਾ ਏ ਤੇ ਉਹ ਇਸ ਤਰ੍ਹਾਂ ਦਬਾ ਪਾ ਕੇ ਬਸ਼ੀਰਾਂ ਦਾ ਡੋਲਾ ਲੈਣਾ ਚਾਹੁੰਦਾ ਹੈ। ਬੇਗਮ ਬੜੀ ਰਹਿਮ-ਦਿਲ ਜ਼ਨਾਨੀ ਏ। ਉਸਨੂੰ ਇਹ ਵੀ ਦੱਸ ਦੇਣਾ ਕਿ ਰਾਤ ਨੂੰ ਨਾਸਿਰ ਖ਼ਾਂ ਰੋਜ਼ ਹੀ ਆ ਜਾਂਦਾ ਏ ਤੇ ਸਾਨੂੰ ਧਮਕੀਆਂ ਦਿੰਦਾ ਏ। ਬਾਕੀ ਕੰਮ ਮੈਂ ਆਪ ਹੀ ਸੰਭਾਲ ਲਵਾਂਗਾ। ਤੁਸੀਂ ਚੱਲੋ ਤੇ ਮੈਂ ਵੀ ਪਹੁੰਚ ਜਾਵਾਂਗਾ।"

"ਪਰ ਮੈਂ ਤਾਂ ਕਦੇ ਘਰੋਂ ਬਾਹਰ ਨਹੀਂ ਗਈ," ਬਸ਼ੀਰਾਂ ਦੀ ਮਾਂ ਨੇ ਕਿਹਾ।

ਬਸ਼ੀਰਾਂ ਨੇ ਗੁੱਸੇ ਵਿਚ ਕਿਹਾ, "ਤੁਸੀਂ ਸਾਰੀ ਉਮਰ ਘਰੋਂ ਹੀ ਨਹੀਂ ਨਿਕਲਣਾ," ਮਾਂ ਉਹਦੀ ਗੱਲ ਨੂੰ ਫੇਰ ਨਾ ਟੋਕ ਸਕੀ ਤੇ ਝੱਟ ਤਿਆਰ ਹੋ ਕੇ ਟੁਰ ਪਈ। ਉਹਨਾਂ ਤੋਂ ਪਹਿਲਾਂ ਹੀ ਚਤਰ ਸਿੰਘ ਚਲਾ ਗਿਆ।

"ਬਸ਼ੀਰਾਂ ਜਦ ਕਿਲ੍ਹੇ ਵਿਚ ਪਹੁੰਚੀ ਤਾਂ ਯਾਰ ਮੁਹੰਮਦ ਖ਼ਾਨ ਨੇ ਉਹਨੂੰ ਦੂਰੋਂ ਹੀ ਦੇਖ ਲਿਆ। ਉਹ ਸਮਝ ਗਿਆ ਕਿ ਇਹ ਇਕੱਲੀ ਆ ਰਹੀ ਹੈ। ਨੇੜੇ ਪਹੁੰਚਦਿਆਂ ਹੀ ਉਸ ਕਿਹਾ, "ਬਸ਼ੀਰਾਂ ਏਂ ?

"ਜੀ," ਬੁਰਕੇ ਵਿਚੋਂ ਹੀ ਬਸ਼ੀਰਾਂ ਨੇ ਉੱਤਰ ਦਿੱਤਾ।

"ਨਹੀਂ ਆਇਆ ਫਿਰ ਸਾਧੂ," ਯਾਰ ਮੁਹੰਮਦ ਖ਼ਾਨ ਨੇ ਵਿਅੰਗ ਨਾਲ ਕਿਹਾ।

"ਮੈਂ ਤਾਂ ਲੈ ਆਈ ਸਾਂ ਪਰ ਨਾਸਿਰ ਖ਼ਾਂ ਨੇ ਭਜਾ ਦਿੱਤਾ ਏ," ਬਸ਼ੀਰਾਂ ਨੇ ਕਿਹਾ।

"ਉਹ ਕਿਵੇਂ ?" ਯਾਰ ਮੁਹੰਮਦ ਖ਼ਾਨ ਨੇ ਹੈਰਾਨ ਹੋ ਕੇ ਪੁੱਛਿਆ।

"ਉਹਨੂੰ ਕਹਿਣ ਲੱਗਾ ਕਿ ਤੂੰ ਤਾਂ ਜਾਸੂਸ ਏਂ, ਚੱਲ ਕੇ ਹਾਕਮ ਕੋਲ ਮੈਂ ਤੈਨੂੰ ਫੜਾ ਦੇਣਾ ਏਂ। ਉਹ ਸੁਣ ਕੇ ਖਿਸਕ ਗਿਆ," ਬਸ਼ੀਰਾਂ ਨੇ ਕਿਹਾ, "ਮੈਂ ਉਹਨੂੰ ਬਹਾਨਾ ਲਾ ਕੇ ਲਿਆਈ ਸਾਂ ਕਿ ਤੁਸੀਂ ਦਰਸ਼ਨ ਕਰਨਾ ਚਾਹੁੰਦੇ ਹੋ, ਪੁੱਛ ਲਓ ਬੇਸ਼ਕ ਆਪਣੇ ਮਾਲੀ ਨੂੰ, ਉਹ ਬਾਹਰ ਜਾ ਰਿਹਾ ਸੀ ਜਦੋਂ ਸਾਧੂ ਮੇਰੇ ਨਾਲ ਆ ਰਿਹਾ ਸੀ।"

"ਨਾਸਿਰ ਖ਼ਾਂ ਨੇ ਅਜਿਹਾ ਕਿਉਂ ਕੀਤਾ ? ਇਸ ਵਿਚ ਉਹਦਾ ਕੀ ਲਾਭ ਸੀ ?" ਯਾਰ ਮੁਹੰਮਦ ਖ਼ਾਨ ਨੇ ਬੜੀ ਹੈਰਾਨੀ ਨਾਲ ਪੁੱਛਿਆ।

"ਉਹ ਨਹੀਂ ਚਾਹੁੰਦਾ ਕਿ ਅੱਬਾ ਮੇਰਾ ਰਿਹਾਅ ਹੋ ਜਾਏ," ਬਸ਼ੀਰਾਂ ਨੇ ਸਾਫ਼ ਕਿਹਾ।

"ਇਹ ਕਿਉਂ ?" ਹਾਕਮ ਨੇ ਝੱਟ ਪੁੱਛਿਆ।

"ਮੈਨੂੰ ਦੱਸਦਿਆਂ ਸ਼ਰਮ ਆਉਂਦੀ ਏ, ਕਿ ਉਹਦੀ ਨੀਅਤ ਠੀਕ ਨਹੀਂ। ਅੱਗੋਂ ਤੁਸੀਂ ਆਪ ਹੀ ਸਮਝ ਲਓ," ਬਸ਼ੀਰਾਂ ਨੇ ਕਿਹਾ।

"ਅੱਛਾ, ਮੈਂ ਸਮਝ ਗਿਆ ਹਾਂ," ਯਾਰ ਮੁਹੰਮਦ ਖ਼ਾਨ ਨੇ ਕਿਹਾ, "ਪਰ ਕੀ ਤੂੰ ਕੋਈ ਸਬੂਤ ਦੇ ਸਕਦੀ ਏਂ ?"

"ਕਿਉਂ ਨਹੀਂ, ਜਿੰਨੇ ਸਬੂਤ ਮੰਗੋ ਦੇ ਸਕਦੀ ਹਾਂ," ਬਸ਼ੀਰਾਂ ਨੇ ਕਿਹਾ।

"ਸਾਧੂ ਵਾਲੀ ਗੱਲ ਤੁਸੀਂ ਆਪਣੇ ਮਾਲੀ ਤੋਂ ਪੁੱਛ ਲਓ, ਕੀ ਨਾਂ ਏ ਉਹਦਾ, ਉਹ ਪੂਰਬੀਆ ਜਿਹਾ ਬੰਦਾ ਏ, ਪਰ ਜੇ ਉਹ ਵੀ ਇਤਬਾਰ ਯੋਗ ਨਹੀਂ ਤਾਂ ਜਨਾਬ ਥੋੜ੍ਹੀ ਜਿਹੀ ਖੇਚਲ ਕਰ ਕੇ ਸ਼ਾਮ ਨੂੰ ਸਾਡੇ ਘਰ ਆਪ ਆ ਜਾਓ ਜਾਂ ਕਿਸੇ ਨੂੰ ਭੇਜ ਦਿਓ ਤੇ ਫੇਰ ਦੇਖ ਲਓ ਕਿ ਨਾਸਿਰ ਖ਼ਾਂ ਕਿਸ ਤਰ੍ਹਾਂ ਦੀਆਂ ਗੱਲਾਂ ਕਰਦਾ ਏ, ਉਸ ਨੇ ਮੇਰੇ ਅੱਬਾ ਨੂੰ ਫਸਾਇਆ ਏ ਕਿ ਨਹੀਂ। ਉਹਦੀ ਨੀਅਤ ਕੀ ਏ," ਬਸ਼ੀਰਾਂ ਨੇ ਕਿਹਾ।

ਯਾਰ ਮੁਹੰਮਦ ਖ਼ਾਨ ਦੇ ਦਿਮਾਗ਼ ਨੂੰ ਵੀ ਇਹ ਗੱਲ ਜਚੀ। ਉਸ ਨੇ ਕਿਹਾ, "ਮੈਂ ਆਪ ਤਾਂ ਆ ਨਹੀਂ ਸਕਦਾ ਪਰ ਕਿਸੇ ਨੂੰ ਭੇਜ ਦਿਆਂਗਾ।"

"ਚੰਗਾ ਫਿਰ, ਦਿਨ ਡੁੱਬਣ ਤੋਂ ਪਹਿਲਾਂ ਆ ਜਾਏ ਜਿਸ ਵੀ ਆਉਣਾ ਹੋਵੇ। ਫਿਰ ਮੈਂ ਸਾਹਮਣੇ ਸਾਰਾ ਕੁਝ ਦਿਖਾ ਦਿਆਂਗੀ," ਬਸ਼ੀਰਾਂ ਨੇ ਕਿਹਾ ਤੇ ਵਾਪਸ ਚਲੀ ਗਈ।

13

ਯਾਰ ਮੁਹੰਮਦ ਖ਼ਾਨ ਸ਼ਾਮ ਨੂੰ ਜਦ ਮਹੱਲ ਨੂੰ ਆਇਆ ਤਾਂ ਬੜਾ ਸੋਚਾਂ ਤੇ ਫ਼ਿਕਰਾਂ ਵਿਚ ਪਿਆ ਹੋਇਆ ਸੀ। ਸਰਕਾਰੀ ਕਾਰ-ਵਿਹਾਰ ਵਿਚ ਉਹ ਭਾਵੇਂ ਕਿਤਨਾ ਵੀ ਸਖ਼ਤ ਤੇ ਕੋਰਾ ਰਹੇ ਪਰ ਸ਼ਾਮ ਨੂੰ ਜਦ ਮਹੱਲ ਨੂੰ ਪਰਤਦਾ ਤਾਂ ਉਹਦਾ ਚਿਹਰਾ ਬੜਾ ਖ਼ੁਸ਼ ਹੁੰਦਾ ਸੀ। ਉਹ ਆਪ ਕਿਹਾ ਕਰਦਾ ਸੀ ਜੇਕਰ ਮੈਂ ਹਰ ਵੇਲੇ ਹੀ ਮੱਥੇ 'ਤੇ ਵੱਟ ਪਾਈ ਰੱਖਾਂ ਤਾਂ ਜੀਵਨ ਰੁੱਖਾ ਹੋ ਜਾਏਗਾ ਤੇ ਮੈਂ ਛੇਤੀ ਬੁੱਢਾ ਹੋ ਕੇ ਮਰ ਜਾਵਾਂਗਾ। ਆਮ ਕਰਕੇ ਜਦ ਉਹ ਹੱਸਦਿਆਂ ਤੇ ਮੁਸਕਰਾਂਦਿਆਂ ਘਰ ਆਉਂਦਾ ਤਾਂ ਬੇਗਮ ਉਹਨੂੰ ਅੱਗੋਂ ਖਿੜੇ ਮੱਥੇ ਮਿਲਦੀ, ਉਹਨੂੰ ਵੀ ਮਾਣ ਸੀ ਕਿ ਉਹਦਾ ਪਤੀ ਦੂਜੇ ਰਾਜਿਆਂ ਤੇ ਨਵਾਬਾਂ ਵਾਂਗ ਪਰਾਏ ਹੁਸਨ ਦਾ ਪੁਜਾਰੀ ਨਹੀਂ, ਸਗੋਂ ਉਹ ਕਿਸੇ ਦੀ ਧੀ-ਭੈਣ ਵੱਲ ਉੱਚੀ ਨਜ਼ਰ ਨਾਲ ਨਹੀਂ ਸੀ ਤੱਕਦਾ। ਉਹ ਕਹਿੰਦਾ ਵੀ ਹੁੰਦਾ ਸੀ ਕਿ ਜਦ ਹਾਕਮ ਅੱਯਾਸ਼ ਹੋ ਜਾਏ ਤੇ ਉਹ ਲੋਕਾਂ ਦੀ ਇੱਜ਼ਤ ਨੂੰ ਹੱਥ ਪਾਉਣ ਲੱਗ ਪਵੇ ਤਾਂ ਉਹਦਾ ਰਾਜ ਨਹੀਂ ਰਹਿ ਸਕਦਾ।

ਅੱਜ ਉਹ ਆਮ ਸੁਭਾਅ ਦੇ ਉਲਟ ਬੜਾ ਉਦਾਸ ਹੋ ਕੇ ਮੁੜਿਆ ਤਾਂ ਬੇਗਮ ਘਬਰਾ ਗਈ। ਬੇਗਮ ਝਟ-ਪਟ ਮੂਹੜੇ ਤੋਂ ਉੱਠੀ ਪਰ ਉਹਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਯਾਰ ਮੁਹੰਮਦ ਖ਼ਾਨ ਉਹਨੂੰ ਬਿਨਾਂ ਬੁਲਾਏ ਆਪਣੇ ਕਮਰੇ ਵਿਚ ਲੰਘ ਗਿਆ।

ਬੇਗਮ ਵੀ ਉਹਦੇ ਪਿੱਛੇ ਕਮਰੇ ਵਿਚ ਲੰਘ ਗਈ। ਯਾਰ ਮੁਹੰਮਦ ਖ਼ਾਨ ਮੰਜੇ 'ਤੇ ਬੈਠ ਗਿਆ। ਬੇਗਮ ਨੇ ਉਹਦੇ ਨਾਲ ਹੀ ਮੰਜੇ 'ਤੇ ਬੈਠਦਿਆਂ ਪੁੱਛਿਆ, "ਹਜ਼ੂਰ ਨੂੰ ਅੱਜ ਕੀ ਹੋ ਗਿਆ ਏ ? ਮੈਂ ਸਦਕੇ ਜਾਵਾਂ, ਅੱਜ ਤੁਸੀਂ ਬੜੇ ਚਿੰਤਾ ਵਿਚ ਜਾਪਦੇ ਹੋ।"

"ਮੇਰੀ ਤਬੀਅਤ ਠੀਕ ਨਹੀਂ। ਮੈਂ ਚਾਹੁੰਦਾ ਹਾਂ ਕਿ ਮੈਨੂੰ ਇਕੱਲੇ ਰਹਿਣ ਦਿੱਤਾ ਜਾਏ," ਯਾਰ ਮੁਹੰਮਦ ਖ਼ਾਨ ਨੇ ਸਿਰ ਤੋਂ ਕੁੱਲੇ ਵਾਲੀ ਪਗੜੀ ਲਾਂਹਦਿਆਂ ਕਿਹਾ।

"ਕੀ ਗੱਲ ਏ ? ਸਿਰ ਦਰਦ ਜੇ ? ਲਿਆਓ ਮੈਂ ਸਿਰ ਘੁੱਟ ਦਿਆਂ," ਬੇਗਮ ਨੇ ਬਿਨਾਂ ਉੱਤਰ ਦੀ ਉਡੀਕ ਕੀਤੇ ਉੱਠ ਕੇ ਆਪਣੇ ਦੋਹਾਂ ਹੱਥਾਂ ਨਾਲ ਉਹਦਾ ਸਿਰ ਘੁੱਟਣਾ ਸ਼ੁਰੂ ਕਰ ਦਿੱਤਾ।

"ਮੇਰਾ ਸਿਰ ਦਰਦ ਨਹੀਂ ਕਰਦਾ," ਯਾਰ ਮੁਹੰਮਦ ਖ਼ਾਨ ਨੇ ਉਸ ਦੇ ਦੋਵੇਂ ਹੱਥ ਪਰ੍ਹੇ ਕਰਦਿਆਂ ਕਿਹਾ।

"ਤੁਸੀਂ ਮੇਰੇ ਤੋਂ ਛੁਪਾਂਦੇ ਕਿਉਂ ਹੋ ? ਇੰਨੀ ਉਮਰ ਲੰਘ ਗਈ ਏ, ਕਦੇ ਤੁਸੀਂ ਮੇਰੇ ਤੋਂ ਓਹਲਾ ਨਹੀਂ ਰੱਖਿਆ ਪਰ ਅੱਜ ਮੈਨੂੰ ਛਿੱਥੇ ਹੋ ਕੇ ਪੈ ਰਹੇ ਹੋ। ਗੱਲ ਦਾ ਪਤਾ ਤਾਂ ਲੱਗਣਾ ਚਾਹੀਦਾ ਹੈ," ਬੇਗਮ ਨੇ ਬੜੇ ਜ਼ੋਰ ਨਾਲ ਵਿਰੋਧ ਕਰਦਿਆਂ ਕਿਹਾ। ਬੇਗਮ ਨੇ ਜਿਵੇਂ ਅੱਜ ਰੋਸਾ ਪ੍ਰਗਟ ਕੀਤਾ ਜੇਕਰ ਕਦੇ ਪਹਿਲਾਂ ਆਮ ਦਿਨਾਂ ਵਿਚ ਕਰਦੀ ਤਾਂ ਹੁਣ ਕਦੋਂ ਦਾ ਯਾਰ ਮੁਹੰਮਦ ਖ਼ਾਨ ਉਹਨੂੰ ਮਨਾਣ ਵਿਚ ਰੁੱਝਿਆ ਹੁੰਦਾ ਪਰ ਅੱਜ ਉਹਦੀ ਆਪਣੀ ਤਬੀਅਤ ਠੀਕ ਨਹੀਂ ਸੀ।

ਉਸ ਦੇਖਿਆ ਕਿ ਬੇਗਮ ਨੇ ਐਵੇਂ ਖਹਿੜਾ ਨਹੀਂ ਛੱਡਣਾ, ਇਸ ਲਈ ਬੋਲਿਆ, "ਕੀ ਦੱਸਾਂ, ਬੇੜਾ ਗਰਕ ਹੋ ਰਿਹਾ ਏ। ਸਾਡਾ ਹਰ ਭੇਦ ਸਿੱਖਾਂ ਨੂੰ ਪਹੁੰਚ ਰਿਹਾ ਏ। ਬੈਰਮ ਖ਼ਾਂ ਸਾਡਾ ਸਿਆਣਾ ਸੂਹੀਆ ਸੀ, ਉਹ ਸਿੱਖਾਂ ਦੇ ਕਾਬੂ ਆ ਗਿਆ ਏ। ਚੰਗਾ ਲੜਾਕਾ ਸੀ। ਉਮਰ ਹਯਾਤ ਖ਼ਾਨ ਹੈ, ਪਰ ਉਹ ਸਿੱਖਾਂ ਦਾ ਸਾਥੀ ਜਾਪਦਾ ਏ। ਕੀਤਾ ਕੀ ਜਾਏ, ਮੈਂ ਬੜਾ ਪਰੇਸ਼ਾਨ ਹਾਂ, ਸਿਖ ਸਾਡੀਆਂ ਸਰਹੱਦਾਂ 'ਤੇ ਦਿਨ-ਬ-ਦਿਨ ਤਕੜੇ ਹੁੰਦੇ ਜਾ ਰਹੇ ਹਨ। ਅਸੀਂ ਮੁਕਾਬਲੇ ਲਈ ਤਾਕਤਵਰ ਹੋਣ ਦੀ ਥਾਂ ਨਿੱਘਰਦੇ ਜਾ ਰਹੇ ਹਾਂ। ਅੱਜ ਹੋਰ ਹੀ ਪਤਾ ਲੱਗਾ ਏ ਕਿ ਇਕ ਸਿੱਖਾਂ ਦਾ ਜਾਸੂਸ ਫੜਿਆ ਜਾਣਾ ਸੀ ਪਰ ਨਾਸਿਰ ਖ਼ਾਂ ਨੇ ਭਜਾ ਦਿੱਤਾ ਏ। ਉਹ ਕੰਜਰ ਕੰਮ ਕਰਨ ਦੀ ਥਾਂ ਲੱਤ ਮਾਰਨ ਲੱਗ ਪਿਆ ਏ। ਕੀ ਕਰਾਂ, ਜੇ ਇਸ ਤਰ੍ਹਾਂ ਸਾਰਿਆਂ ਨੂੰ ਛਕਦਾ ਜਾਵਾਂ ਤਾਂ ਕਿਨ੍ਹਾਂ ਦੇ ਆਸਰੇ ਰਾਜ ਚਲਾਵਾਂ ?" ਇਸ ਤਰ੍ਹਾਂ ਯਾਰ ਮੁਹੰਮਦ ਖ਼ਾਨ ਨੇ ਆਪਣੀ ਸਾਰੀ ਚਿੰਤਾ ਦਾ ਕਾਰਨ

ਬੇਗਮ ਨੂੰ ਦੱਸ ਦਿਤਾ।

ਬੇਗਮ ਨੇ ਕਿਹਾ, "ਅੱਜ ਮੇਰੇ ਪਾਸ ਉਮਰ ਹਯਾਤ ਖ਼ਾਨ ਦੀ ਜ਼ਨਾਨੀ ਆਈ ਸੀ। ਉਹ ਰੋਂਦੀ ਸੀ ਕਿ ਬਸ਼ੀਰਾਂ ਉਹਦੀ ਕੁੜੀ ਜਾਸੂਸ ਸੰਤ ਨੂੰ ਲਿਆਈ ਸੀ ਪਰ ਰਾਹ ਵਿਚ ਨਾਸਿਰ ਖ਼ਾਂ ਨੇ ਭਜਾ ਦਿੱਤਾ। ਨਾਸਿਰ ਖ਼ਾਂ ਦੀ ਅੱਖ ਬਸ਼ੀਰਾਂ 'ਤੇ ਏ ਤੇ ਉਹ ਉਮਰ ਹਯਾਤ ਖ਼ਾਨ ਦੀ ਗ੍ਰਿਫ਼ਤਾਰੀ ਦਾ ਲਾਭ ਉਠਾਉਣਾ ਚਾਹੁੰਦਾ ਹੈ।"

"ਇਹਦਾ ਕੀ ਸਬੂਤ ਏ ਕਿ ਇਹ ਮਾਵਾਂ-ਧੀਆਂ ਠੀਕ ਕਹਿੰਦੀਆਂ ਨੇ ਕਿ ਸੱਚਮੁੱਚ ਹੀ ਨਾਸਿਰ ਖ਼ਾਂ ਬੇਈਮਾਨ ਹੋ ਗਿਆ ਏ?"

"ਇਹ ਮਾਵਾਂ-ਧੀਆਂ ਠੀਕ ਕਹਿੰਦੀਆਂ ਨੇ, ਮੈਂ ਪੱਕੀ ਕਰ ਲਈ ਏ," ਬੇਗਮ ਨੇ ਤੁਰਤ ਕਿਹਾ।

"ਤੂੰ ਕਿਵੇਂ ਪੱਕੀ ਕਰ ਲਈ ਏ?" ਯਾਰ ਮੁਹੰਮਦ ਖ਼ਾਨ ਨੇ ਹੈਰਾਨੀ ਨਾਲ ਪੁੱਛਿਆ।

"ਮੈਂ ਉਹਨੂੰ ਪੁੱਛਿਆ ਕਿ ਕਿਸ ਦੇਖਿਆ ਏ ਸੰਤ ਬਸ਼ੀਰਾਂ ਦੇ ਨਾਲ ਆਉਂਦਾ, ਉਹਨੇ ਸਾਡੇ ਮਾਲੀ ਦਾ ਨਾਂ ਲਿਆ। ਮੈਂ ਉਹਦੇ ਜਾਣ ਪਿਛੋਂ ਮਾਲੀ ਨੂੰ ਸੱਦ ਕੇ ਪਤਾ ਕੀਤਾ ਤਾਂ ਉਸ ਦੱਸਿਆ ਕਿ ਇਕ ਸੰਤ ਤੇ ਇਕ ਮੁਟਿਆਰ ਉਸ ਆਉਂਦੇ ਦੇਖੇ ਸਨ ਤੇ ਉਹਨਾਂ ਨੂੰ ਨਾਸਿਰ ਖ਼ਾਂ ਮਿਲਿਆ ਸੀ ਪਰ ਉਸ ਦੱਸਿਆ ਏ ਕਿ ਉਹਨੂੰ ਇਹ ਪਤਾ ਨਹੀਂ ਕਿ ਉਹਨਾਂ ਦੀ ਗੱਲ-ਬਾਤ ਕੀ ਹੋਈ ਏ," ਬੇਗਮ ਨੇ ਦੱਸਿਆ।

"ਉਸ ਵਿਚਾਰੇ ਨੂੰ ਗੱਲ-ਬਾਤ ਦਾ ਪਤਾ ਕੀ ਹੋ ਸਕਦਾ ਏ," ਯਾਰ ਮੁਹੰਮਦ ਖ਼ਾਨ ਨੇ ਉਸੇ ਵੇਲੇ ਕਿਹਾ, "ਉਹ ਤਾਂ ਕੋਲੋਂ ਲੰਘ ਗਿਆ ਹੋਏਗਾ ਜਾਂ ਕਿਧਰੇ ਬੈਠਾ ਹੋਏਗਾ।"

"ਮੈਂ ਇਹ ਵੀ ਪਤਾ ਕੀਤਾ ਸੀ, ਉਹ ਜਾ ਰਿਹਾ ਸੀ ਫੁੱਲਾਂ ਦੀ ਪਨੀਰੀ ਲੈਣ ਲਈ," ਬੇਗਮ ਨੇ ਉਸੇ ਤਰ੍ਹਾਂ ਸਾਰਾ ਕੁਝ ਦੱਸਿਆ ਜਿਵੇਂ ਮਾਲੀ ਉਹਨੂੰ ਦੱਸ ਗਿਆ ਸੀ।

"ਇਹਦਾ ਮਤਲਬ ਏ ਕਿ ਬਸ਼ੀਰਾਂ ਹੋਰੀਂ ਸੱਚੇ ਨੇ," ਯਾਰ ਮੁਹੰਮਦ ਖ਼ਾਨ ਨੇ ਕਿਹਾ, "ਪਰ ਉਮਰ ਹਯਾਤ ਖ਼ਾਨ ਦੇ ਬੇਕਸੂਰ ਹੋਣ ਦਾ ਕੀ ਸਬੂਤ ਏ?"

"ਮੈਂ ਤਾਂ ਸਮਝਦੀ ਹਾਂ ਕਿ ਉਹਨਾਂ ਨਾਲ ਜਿਤਨੀ ਹੋਈ ਏ ਉਹ ਬਥੇਰੀ ਏ। ਉਮਰ ਹਯਾਤ ਖ਼ਾਨ ਨੂੰ ਜੇ ਛੱਡ ਦਿਓਗੇ ਤਾਂ ਉਹ ਸਾਰੀ ਉਮਰ ਤੁਹਾਡੇ ਗੁਣ ਗਾਏਗਾ ਤੇ ਤੁਹਾਡੇ ਕੰਮ ਆਏਗਾ। ਅੱਗੇ ਹੀ ਸਾਡੇ ਕੋਲ ਲੜਨ ਵਾਲੇ ਕਿੰਨੇ ਕੁ ਜਰਨੈਲ ਨੇ। ਆਪੇ ਤੁਸੀਂ ਦੱਸਿਆ ਸੀ ਕਿ ਉਹਦੇ ਬਾਰੇ ਨੌਸ਼ਹਿਰੇ ਤੋਂ ਸਿਫ਼ਾਰਸ਼ ਵੀ ਆਈ ਏ, ਮੈਂ ਤਾਂ ਕਹਾਂਗੀ ਕਿ ਉਹਨੂੰ ਛੱਡ ਦਿਓ," ਬੇਗਮ ਨੇ ਪੂਰੇ ਜ਼ੋਰ ਨਾਲ ਉਮਰ ਹਯਾਤ ਖ਼ਾਨ ਦੀ ਰਿਹਾਈ ਬਾਰੇ ਸਿਫ਼ਾਰਸ਼ ਕਰ ਦਿੱਤੀ।

"ਮੈਂ ਕਾਸਿਮ ਖ਼ਾਂ ਨੂੰ ਭੇਜਿਆ ਏ ਉਮਰ ਹਯਾਤ ਖ਼ਾਨ ਦੇ ਘਰ। ਉਥੇ ਅੱਜ ਸ਼ਾਮੀਂ ਨਾਸਿਰ ਖ਼ਾਂ ਨੇ ਜਾਣਾ ਏ, ਫਿਰ ਪਤਾ ਲੱਗ ਜਾਏਗਾ ਸਾਰੀ ਗੱਲ ਕੀ ਏ," ਯਾਰ ਮੁਹੰਮਦ ਖ਼ਾਨ ਨੇ ਦੱਸਿਆ।

"ਗੱਲ ਕੀ ਹੋਣੀ ਏ, ਬਸ਼ੀਰਾਂ ਬਾਰੇ ਤਰਲੇ ਕਰੇਗਾ। ਹੋਰ ਕੀ ਕਰਨਾ ਸੂ," ਬੇਗਮ ਨੇ ਕਿਹਾ।

"ਇਹ ਗੱਲ ਮਾੜੀ ਏ। ਜੇਕਰ ਜ਼ਿੰਮੇਵਾਰ ਪਦਵੀਆਂ 'ਤੇ ਲੱਗੇ ਬੰਦੇ ਇਸ ਤਰ੍ਹਾਂ ਦੀਆਂ ਕਰਤੂਤਾਂ ਕਰਨ ਲੱਗ ਪੈਣ ਤਾਂ ਦੇਸ਼ ਦਾ ਕੀ ਬਣੇਗਾ ?" ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਚਲੋ ਛੱਡੋ ਇਹਨਾਂ ਗੱਲਾਂ ਨੂੰ। ਪਹਿਲਾਂ ਦੱਸੋ ਕਿ ਸੈਰ ਕਰਨ ਪਹਿਲਾਂ ਚੱਲਣਾ ਏ ਕਿ ਖਾਣਾ ਪਹਿਲਾਂ ਖਾਣਾ ਜੇ," ਬੇਗਮ ਨੇ ਆਪਣੀਆਂ ਬਾਹਵਾਂ ਉਹਦੇ ਗਲ ਵਿਚ ਪਾਂਦਿਆਂ ਕਿਹਾ।

"ਮੇਰਾ ਅੱਜ ਸੈਰ ਨੂੰ ਜਾਣ ਲਈ ਜੀ ਨਹੀਂ ਕਰਦਾ। ਕਾਸਿਮ ਖ਼ਾਂ ਆਉਣ ਵਾਲਾ ਏ, ਮੈਂ ਪਹਿਲਾਂ ਉਸਦੀ ਗੱਲ ਸੁਣਨੀ ਚਾਹੁੰਦਾ ਹਾਂ ਫਿਰ ਕਿਧਰੇ ਜਾਣ ਬਾਰੇ ਦੇਖਿਆ ਜਾਵੇਗਾ," ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਫਿਰ ਖਾਣਾ ਖਾ ਲਓ, ਉਹ ਵੀ ਤਿਆਰ ਏ," ਬੇਗਮ ਨੇ ਪਿਆਰ ਨਾਲ ਕਿਹਾ।

"ਅਜੇ ਭੁੱਖ ਨਹੀਂ, ਮੈਂ ਪਰੇਸ਼ਾਨ ਹਾਂ ਕਿ ਇਹ ਹੋ ਕੀ ਰਿਹਾ ਏ ?" ਯਾਰ ਮੁਹੰਮਦ ਖ਼ਾਨ ਨੇ ਉਸਦੀ ਗਲਵੱਕੜੀ ਛੁਡਾਂਦਿਆਂ ਕਿਹਾ।

"ਤੁਸੀਂ ਅੱਗੇ ਕਦੇ ਇੰਨੇ ਨਹੀਂ ਘਾਬਰੇ ਜਿੰਨੀ ਅੱਜ ਘਬਰਾਹਟ ਮਹਿਸੂਸ ਕਰ ਰਹੇ ਹੋ। ਜਿਸ ਨੂੰ ਚਾਹੋ ਛੱਡ ਦਿਓ ਤੇ ਜਿਸ ਨੂੰ ਚਾਹੋ ਫੜ ਕੇ ਡੱਕ ਦਿਓ। ਫਿਰ ਤੁਹਾਨੂੰ ਚਿੰਤਾ ਦੀ ਕਾਹਦੀ ਲੋੜ ਏ," ਬੇਗਮ ਨੇ ਤਸੱਲੀ ਦੇਣ ਲਈ ਕਿਹਾ।

ਬੇਗਮ ਨੇ ਨੌਕਰਾਣੀ ਨੂੰ ਇਸ਼ਾਰਾ ਕੀਤਾ ਤੇ ਉਹ ਖਾਣਾ ਲਾ ਕੇ ਲੈ ਆਈ। ਬੇਗਮ ਨੇ ਮੇਜ਼ ਅੱਗੇ ਕਰਦਿਆਂ ਕਿਹਾ, "ਲਓ, ਆਓ ਖਾਣਾ ਖਾਈਏ। ਢੱਠੇ ਖੂਹ ਵਿਚ ਪੈਣ ਸਾਰੇ, ਅਸੀਂ ਰੋਟੀ ਤਾਂ ਨਹੀਂ ਛੱਡ ਦੇਣੀ ਉਹਨਾਂ ਪਿੱਛੇ।"

"ਮੈਨੂੰ ਆਵਾਜ਼ ਆਈ ਏ ਜਿਉਂ ਪਹਿਰੇਦਾਰ ਨਾਲ ਕਾਸਿਮ ਖ਼ਾਂ ਗੱਲਾਂ ਕਰ ਰਿਹਾ ਏ। ਜਾਹ ਦੇਖ, ਜੇ ਉਹ ਆਇਆ ਏ ਤਾਂ ਉਹਨੂੰ ਝਟ-ਪਟ ਅੰਦਰ ਬੁਲਾ ਲਿਆ," ਯਾਰ ਮੁਹੰਮਦ ਖ਼ਾਨ ਨੇ ਕਿਹਾ।

ਬੇਗਮ ਉੱਠ ਕੇ ਬਾਹਰ ਗਈ ਤਾ ਵਰਾਂਡੇ ਵਿਚ ਹੀ ਉਹਨੂੰ ਕਾਸਿਮ ਖ਼ਾਂ ਮਿਲ ਗਿਆ। ਉਹ ਉਹਨੂੰ ਲੈ ਕੇ ਮੁੜ ਆਈ। ਆਉਂਦਿਆਂ ਯਾਰ ਮੁਹੰਮਦ ਖ਼ਾਨ ਨੇ ਸਵਾਲ ਕੀਤਾ, "ਕਿਉਂ, ਠੀਕ ਨਿਕਲੀ ਗੱਲ ?"

"ਬਿਲਕੁਲ ਠੀਕ ਜੀ," ਕਾਸਿਮ ਖ਼ਾਂ ਨੇ ਕਿਹਾ।

"ਨਾਸਿਰ ਖ਼ਾਂ ਗਿਆ ਸੀ ਉਥੇ ?"

"ਜੀ ਹਜ਼ੂਰ।"

"ਕੀ ਗੱਲਾਂ ਕਰਦਾ ਰਿਹਾ ਏ ? ਤੂੰ ਕਿੱਥੇ ਸੈਂ ਤੇ ਉਹ ਕਿੱਥੇ ਸੀ। ਮੈਨੂੰ ਸਾਰੀ

ਗੱਲ ਖੋਲ੍ਹ ਕੇ ਸਮਝਾ," ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਮੈਂ ਜਾ ਕੇ ਡਿਉਢੀ ਦੀਆਂ ਪੌੜੀਆਂ ਵਿਚ ਖੜਾ ਹੋ ਗਿਆ ਸਾਂ। ਨਾਸਿਰ ਖ਼ਾਂ ਆਇਆ ਤਾਂ ਬਸ਼ੀਰਾਂ ਨੇ ਉਸਨੂੰ ਡਿਉਢੀ ਵਿਚ ਹੀ ਰੋਕ ਲਿਆ। ਉਹ ਪੌੜੀਆਂ ਦੇ ਦਰਵਾਜ਼ੇ ਨਾਲ ਢੋਹ ਲਾ ਕੇ ਖੜਾ ਹੋ ਗਿਆ ਤੇ ਗੱਲਾਂ ਕਰਨ ਲੱਗ ਪਿਆ," ਕਾਸਿਮ ਖ਼ਾਂ ਨੇ ਦੱਸਿਆ।

"ਕੀ ਗੱਲਾਂ ਕੀਤੀਆਂ ਉਸ ?' ਯਾਰ ਮੁਹੰਮਦ ਖ਼ਾਨ ਨੇ ਹੋਰ ਉਤਾਵਲੇ ਹੋ ਕੇ ਪੁੱਛਿਆ।

"ਪੁੱਛੋ, ਕਿ ਉਸ ਕੀ ਨਹੀਂ ਕੀਤੀਆਂ ?" ਕਾਸਿਮ ਖ਼ਾਂ ਨੇ ਵਿਅੰਗ ਨਾਲ ਕਿਹਾ।

"ਚਲ ਇੰਝੇ ਸਹੀ," ਯਾਰ ਮੁਹੰਮਦ ਖ਼ਾਨ ਨੇ ਪੁੱਛਿਆ, "ਮੈਨੂੰ ਜਦ ਤਕ ਸਾਰੀ ਗੱਲ ਦਾ ਪਤਾ ਨਾ ਲੱਗੇ, ਮੈਂ ਕੋਈ ਫ਼ੈਸਲਾ ਨਹੀਂ ਕਰ ਸਕਾਂਗਾ, ਇਸ ਲਈ ਮੈਨੂੰ ਸਾਰੀ ਗੱਲ ਸਪੱਸ਼ਟ ਤੇ ਪੂਰੀ ਦੱਸ ਦੇ।"

"ਉਹ ਬਸ਼ੀਰਾਂ ਨੂੰ ਪਿਆਰ ਕਰਦਾ ਏ ਤੇ ਉਸ ਅੱਜ ਮੇਰੇ ਸਾਹਮਣੇ ਬਸ਼ੀਰਾਂ ਨੂੰ ਕਿਹਾ ਏ ਕਿ ਉਮਰ ਹਯਾਤ ਖ਼ਾਨ ਦਾ ਕੋਈ ਕਸੂਰ ਨਹੀਂ ਪਰ ਉਸ ਤੋਂ ਬਿਨਾਂ ਹੋਰ ਕੋਈ ਛੁਡਾ ਨਹੀਂ ਸਕਦਾ," ਕਾਸਿਮ ਖ਼ਾਂ ਨੇ ਦੱਸਿਆ, "ਬਸ਼ੀਰਾਂ ਨੇ ਉਸਨੂੰ ਪੁੱਛਿਆ ਕਿ ਕੀ ਸੱਚੀ ਮੇਰਾ ਅੱਬਾ ਸਿੱਖਾਂ ਦਾ ਜਾਸੂਸ ਏ ? ਨਾਸਿਰ ਖ਼ਾਂ ਨੇ ਝਟ ਕਿਹਾ ਕਿ ਬਿਲਕੁਲ ਨਹੀਂ। ਫਿਰ ਬਸ਼ੀਰਾਂ ਨੇ ਪੁੱਛਿਆ ਕਿ ਉਹਨੂੰ ਛੁਡਾ ਕਿਉਂ ਨਹੀਂ ਦਿੰਦਾ ? ਤਾਂ ਉਸ ਕਿਹਾ ਜੇ ਤੂੰ ਹੁਣੇ ਹਾਂ ਕਰੇਂ ਤਾਂ ਛੁਡਾ ਦਿੰਦਾ ਹਾਂ। ਬਸ਼ੀਰਾਂ ਨੇ ਉਹਨੂੰ ਰਤੀ ਕੁ ਪਿਆਰ ਨਾਲ ਬੁਲਾਇਆ ਤਾਂ ਨਾਸਿਰ ਖ਼ਾਂ ਤਿੜ ਗਿਆ ਅਤੇ ਕਹਿਣ ਲੱਗਾ ਕਿ ਹਾਕਮ ਦਾ ਕੀ ਏ ਉਹਨੂੰ ਤਾਂ ਮੈਂ ਝਟ ਮਨਾ ਸਕਦਾ ਹਾਂ। ਉਹ ਤਾਂ ਮੇਰੀ ਮੁੱਠੀ ਵਿਚ ਏ। ਰਾਜ ਕਰਨਾ ਤਾਂ ਉਹਨੂੰ ਆਉਂਦਾ ਹੀ ਨਹੀਂ। ਕੋਲ ਬੈਠ ਕੇ ਜਿਸ ਤਰ੍ਹਾਂ ਜੀ ਕਰੇ ਉਹਨੂੰ ਮਨਾ ਲਓ।"

"ਬੱਸ, ਕਿ ਕੁਝ ਹੋਰ ਵੀ ਕਹਿੰਦਾ ਸੀ ?" ਯਾਰ ਮੁਹੰਮਦ ਖ਼ਾਨ ਨੇ ਕੁਝ ਖਿਝ ਕੇ ਕਿਹਾ। ਉਹਦਾ ਮੱਥਾ ਪਿਆ ਦੱਸਦਾ ਸੀ ਕਿ ਉਹਨੂੰ ਗੁੱਸਾ ਚੜ੍ਹ ਰਿਹਾ ਏ। ਤੇਜ਼ੀ ਨਾਲ ਮੱਥੇ 'ਤੇ ਵੱਟ ਵਧਦੇ ਜਾ ਰਹੇ ਸਨ। ਅਖ਼ੀਰ ਉਸ ਨੇ ਪੁੱਛਿਆ, "ਉਥੇ ਗੱਲ ਕੀ ਮੁਕਾ ਕੇ ਆਇਆ ਏ ?"

"ਨਾਸਿਰ ਖ਼ਾਂ ਕਹਿ ਆਇਆ ਏ ਕਿ ਕੱਲ੍ਹ ਸਵੇਰ ਤੋਂ ਪਹਿਲਾਂ ਉਹ ਉਮਰ ਹਯਾਤ ਖ਼ਾਨ ਨੂੰ ਰਿਹਾਅ ਕਰਵਾਏਗਾ ਤੇ ਫਿਰ ਉਹਨੂੰ ਬਸ਼ੀਰਾਂ ਦਾ ਰਿਸ਼ਤਾ ਦੇਣ ਬਾਰੇ ਉਹਦੀ ਮਾਂ ਪੂਰਾ ਯਤਨ ਕਰੇਗੀ," ਕਾਸਿਮ ਖ਼ਾਂ ਨੇ ਦੱਸਿਆ।

ਅਜੇ ਉਹ ਇਹ ਗੱਲਾਂ ਕਰਦੇ ਪਏ ਸਨ ਕਿ ਨੌਕਰ ਨੇ ਆ ਕੇ ਦੱਸਿਆ ਕਿ ਨਾਸਿਰ ਖ਼ਾਂ ਮਿਲਣ ਆਇਆ ਏ। "ਲਓ ਜੀ, ਆ ਗਿਆ ਹੁਣੇ," ਕਾਸਿਮ ਖ਼ਾਂ ਨੇ ਕਿਹਾ।

"ਚੁੱਪ ਕਰ ਕੇ ਸੁਣ ਇਹਦੀਆਂ ਗੱਲਾਂ, ਦੇਖ ਹੁਣ ਕਿਵੇਂ ਕਰਦਾ ਏ, ਨਾਟਕ,"

ਯਾਰ ਮੁਹੰਮਦ ਖ਼ਾਨ ਨੇ ਕਿਹਾ।

ਨਾਸਿਰ ਖ਼ਾਂ ਅੰਦਰ ਆ ਗਿਆ ਤੇ ਆਉਂਦਿਆਂ ਝੁਕ ਕੇ ਸਲਾਮ ਕਰ ਕੇ ਵਿਹਲੇ ਪਏ ਮੂਹੜੇ 'ਤੇ ਬੈਠ ਗਿਆ।

"ਕਿਸ ਤਰ੍ਹਾਂ ਆਉਣਾ ਹੋਇਆ ਏ ਇਸ ਵੇਲੇ?" ਯਾਰ ਮੁਹੰਮਦ ਖ਼ਾਨ ਨੇ ਪੁੱਛਿਆ।

"ਜਨਾਬ ਨੇ ਕਿਹਾ ਸੀ ਉਮਰ ਹਯਾਤ ਖ਼ਾਨ ਬਾਰੇ ਪਤਾ ਕਰਨ ਲਈ। ਮੈਂ ਪੂਰੀ ਪੜਤਾਲ ਕੀਤੀ ਏ। ਉਹ ਸਿੱਖਾਂ ਦਾ ਜਾਸੂਸ ਨਹੀਂ। ਉਹਨੇ ਅੱਜ ਤਕ ਸਿੱਖਾਂ ਨੂੰ ਕਦੇ ਕੋਈ ਭੇਦ ਨਹੀਂ ਦੱਸਿਆ," ਨਾਸਿਰ ਖ਼ਾਂ ਨੇ ਕਿਹਾ।

"ਤੈਨੂੰ ਕਿਵੇਂ ਪਤਾ ਏ?" ਯਾਰ ਮੁਹੰਮਦ ਖ਼ਾਨ ਨੇ ਸਵਾਲ ਕੀਤਾ।

"ਮੈਂ ਇਸ ਬਾਰੇ ਕਈਆਂ ਤੋਂ ਪੁੱਛਿਆ ਏ ਤੇ ਉਹਨਾਂ ਦੇ ਨੇੜੇ ਹੋ ਕੇ ਅੰਦਰਲਾ ਭੇਦ ਜਾਨਣ ਦਾ ਯਤਨ ਕੀਤਾ ਏ," ਨਾਸਿਰ ਖ਼ਾਂ ਨੇ ਕਿਹਾ।

"ਮੈਂ ਸੁਣਿਆ ਏ ਕਿ ਉਹ ਸਾਧ ਸਿਖ ਸੀ, ਜੋ ਇਹਨਾਂ ਦੇ ਘਰ ਆਉਂਦਾ ਰਿਹਾ ਏ," ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਨਹੀਂ, ਉਹ ਵੀ ਸਿਖ ਨਹੀਂ। ਉਹ ਤਾਂ ਕੋਈ ਸੱਚਮੁੱਚ ਸਾਧੂ ਸੀ ਜੋ ਕਿਧਰੇ ਤੁਰ ਗਿਆ ਏ," ਨਾਸਿਰ ਖ਼ਾਂ ਨੇ ਉੱਤਰ ਦਿੱਤਾ।

"ਤੂੰ ਸਾਧੂ ਦੇਖਿਆ ਸੀ?"

"ਨਹੀਂ।"

"ਫਿਰ ਕਿਵੇਂ ਕਹਿ ਰਿਹਾ ਏਂ ਕਿ ਉਹ ਸਿਖ ਨਹੀਂ ਸੀ?" ਯਾਰ ਮੁਹੰਮਦ ਖ਼ਾਨ ਜ਼ਰਾ ਤੇਜ਼ ਹੋ ਕੇ ਬੋਲਿਆ।

"ਮੈਂ ਇਲਾਕੇ ਦੇ ਬੰਦਿਆਂ ਤੋਂ ਪੁੱਛਿਆ ਏ," ਨਾਸਿਰ ਖ਼ਾਂ ਨੇ ਕਿਹਾ।

"ਤੂੰ ਉਹਨੂੰ ਮਿਲਿਆ ਸੈਂ?"

"ਬਿਲਕੁਲ ਨਹੀਂ।"

"ਮੇਰੀ ਇਤਲਾਹ ਏ ਕਿ ਸਾਧੂ ਬਸ਼ੀਰਾਂ ਦੇ ਨਾਲ ਆ ਰਿਹਾ ਸੀ ਪਰ ਤੂੰ ਖਿਸਕਾ ਦਿੱਤਾ ਏ," ਯਾਰ ਮੁਹੰਮਦ ਖ਼ਾਨ ਨੇ ਜ਼ਰਾ ਗੁੱਸੇ ਨਾਲ ਕਿਹਾ।

"ਤੁਹਾਨੂੰ ਕਿਸੇ ਗ਼ਲਤ ਕਿਹਾ ਏ," ਨਾਸਿਰ ਖ਼ਾਂ ਹੁਣ ਘਬਰਾਇਆ ਤੇ ਉਸ ਨੂੰ ਸ਼ੱਕ ਪਿਆ ਕਿ ਉਸ ਵਿਰੁੱਧ ਵੀ ਸਾਜ਼ਿਸ਼ ਹੋ ਰਹੀ ਏ। ਉਸਨੂੰ ਕਾਸਿਮ ਖ਼ਾਂ 'ਤੇ ਸ਼ੱਕ ਸੀ ਕਿ ਜ਼ਰੂਰ ਉਹਨੇ ਕੋਈ ਸ਼ਿਕਾਇਤ ਕੀਤੀ ਹੋਣੀ ਏ। ਇਸ ਲਈ ਉਹਨੇ ਕਿਹਾ, "ਕਾਸਿਮ ਖ਼ਾਂ ਨੇ ਕਿਹਾ ਜਾਂ ਕਿਸੇ ਹੋਰ ਨੇ?"

"ਜਿਸ ਤੈਨੂੰ ਦੇਖਿਆ ਏ।"

"ਮੈਨੂੰ ਕਿਸੇ ਨਹੀਂ ਦੇਖਿਆ।"

"ਸਾਡੇ ਮਾਲੀ ਨੇ।"

"ਉਹ ਝੂਠ ਬੋਲਦਾ ਏ।"

"ਤੂੰ ਹੀ ਸੱਚਾ ਏਂ ਤੇ ਬਾਕੀ ਸਾਰੀ ਦੁਨੀਆ ਝੂਠੀ ਏ। ਅਜੇ ਕੱਲ੍ਹ ਤਾਂ ਬੜੇ ਯਕੀਨ ਨਾਲ ਕਹਿ ਰਿਹਾ ਸੈਂ ਕਿ ਉਮਰ ਹਯਾਤ ਖ਼ਾਨ ਜਾਸੂਸ ਏ, ਪਰ ਅੱਜ ਇਕ-ਦਮ ਬਦਲ ਗਿਆ ਏਂ। ਅੱਜ ਸਾਧੂ ਵੀ ਸਿਖ ਨਹੀਂ ਰਿਹਾ ਤੇ ਉਮਰ ਹਯਾਤ ਖ਼ਾਨ ਵੀ ਸ਼ੱਕੀ ਨਹੀਂ। ਅੱਛਾ, ਦੱਸ ਫਿਰ ਕੀਤਾ ਕੀ ਜਾਏ, ਛੱਡ ਦੇਈਏ ਉਹਨੂੰ ?" ਅਖ਼ੀਰ ਗੱਲ ਖ਼ਤਮ ਕਰਨ ਲਈ ਯਾਰ ਮੁਹੰਮਦ ਖ਼ਾਨ ਨੇ ਕਿਹਾ।

ਨਾਸਿਰ ਖ਼ਾਂ ਕੁਝ ਝਕਿਆ, ਪਰ ਫਿਰ ਉਸ ਦਲੇਰੀ ਕਰ ਕੇ ਕਹਿ ਦਿੱਤਾ, "ਮੇਰਾ ਤਾਂ ਖ਼ਿਆਲ ਇਹੀ ਏ ਕਿ ਉਮਰ ਹਯਾਤ ਖ਼ਾਨ ਨੂੰ ਛੱਡ ਦੇਣਾ ਚਾਹੀਦਾ ਹੈ। ਉਹ ਚੰਗਾ ਕੰਮ ਵਾਲਾ ਬੰਦਾ ਏ।"

"ਹਫ਼ਤਾ ਕੁ ਅਜੇ ਰਹਿਣ ਦਿਓ ਉਹਨੂੰ, ਦੇਖ ਲਓ ਜੇਕਰ ਕਿਧਰੋਂ ਹੋਰ ਠੀਕ ਪਤਾ ਲੱਗ ਜਾਏ," ਯਾਰ ਮੁਹੰਮਦ ਖ਼ਾਨ ਨੇ ਜਾਣ-ਬੁੱਝ ਕੇ ਆਖਿਆ।

"ਜੇ ਛੱਡਣਾ ਹੀ ਏ ਤਾਂ ਅੱਜ ਹੀ ਛੱਡ ਦੇਣਾ ਚਾਹੀਦਾ ਏ, ਹੋਰ ਢਿੱਲ ਪਾਣ ਨਾਲ ਚੰਗਾ ਨਹੀਂ ਰਹੇਗਾ," ਨਾਸਿਰ ਖ਼ਾਂ ਨੇ ਸਲਾਹ ਦਿੱਤੀ।

"ਫੇਰ ਕੀ ਹੋ ਜਾਵੇਗਾ ?" ਯਾਰ ਮੁਹੰਮਦ ਖ਼ਾਨ ਨੇ ਵਿਅੰਗ ਨਾਲ ਪੁੱਛਿਆ।

"ਐਵੇਂ ਇਲਾਕੇ ਵਿਚ ਵੀ ਲੋਕੀਂ ਚਰਚਾ ਕਰਦੇ ਹਨ ਕਿ ਬਿਨਾਂ ਕਸੂਰ ਉਮਰ ਹਯਾਤ ਖ਼ਾਨ ਨੂੰ ਕਿਉਂ ਡੱਕ ਦਿੱਤਾ ਏ ?" ਨਾਸਿਰ ਖ਼ਾਂ ਨੇ ਕਿਹਾ।

ਯਾਰ ਮੁਹੰਮਦ ਖ਼ਾਨ ਨੂੰ ਗੁੱਸਾ ਚੜ੍ਹ ਗਿਆ। ਹੁਣ ਤਕ ਉਹ ਆਪਣੇ ਆਪ 'ਤੇ ਕਾਬੂ ਪਾ ਕੇ ਗੱਲਾਂ ਕਰਦਾ ਆ ਰਿਹਾ ਸੀ ਪਰ ਨਾਸਿਰ ਖ਼ਾਂ ਦੀ ਅੰਤਿਮ ਗੱਲ 'ਤੇ ਆਪਣੇ ਗੁੱਸੇ ਨੂੰ ਕਾਬੂ ਵਿਚ ਨਾ ਰੱਖ ਸਕਿਆ ਅਤੇ ਕੜਕ ਕੇ ਬੋਲਿਆ, "ਮੈਨੂੰ ਬੁੱਧੂ ਬਣਾਉਣ ਦਾ ਯਤਨ ਕਰ ਰਿਹਾ ਏਂ ? ਇਹੀ ਤੇਰਾ ਕੰਮ ਏ ਕਿ ਗ਼ਲਤ ਇਤਲਾਹਾਂ ਦੇਵੇਂ ? ਹੁਣ ਤੂੰ ਇਥੇ ਜਿੰਨੀਆਂ ਗੱਲਾਂ ਕੀਤੀਆਂ ਨੇ ਉਹਨਾਂ ਵਿਚੋਂ ਇਕ ਵੀ ਸੱਚੀ ਨਹੀਂ। ਮੈਂ ਤੇਰੇ ਪਿੱਛੇ ਵੀ ਆਦਮੀ ਛੱਡੀ ਰੱਖੇ ਨੇ। ਤੂੰ ਸੰਤ ਨੂੰ ਡਰਾ ਕੇ ਭਜਾਇਆ ਏ। ਹੁਣ ਤੂੰ ਇਕ ਖ਼ਾਸ ਸਾਜ਼ਿਸ਼ ਅਧੀਨ ਆ ਕੇ ਉਮਰ ਹਯਾਤ ਖ਼ਾਨ ਨੂੰ ਛੁਡਾਉਣਾ ਚਾਹੁੰਦਾ ਏ।"

"ਜਨਾਬ, ਮੈਂ ਕੋਈ ਸਾਜ਼ਿਸ਼ ਨਹੀਂ ਕੀਤੀ। ਮੈਂ ਤੁਹਨੂੰ ਕੁਝ ਵੀ ਗ਼ਲਤ ਨਹੀਂ ਦੱਸਿਆ। ਹੋ ਸਕਦਾ ਏ ਕਿ ਮੈਨੂੰ ਗ਼ਲਤ ਇਤਲਾਹ ਮਿਲੀ ਹੋਵੇ ਪਰ ਮੈਂ ਜਾਣ-ਬੁੱਝ ਕੇ ਕੁਝ ਨਹੀਂ ਕੀਤਾ। ਮੈਂ ਸੰਤ ਨੂੰ ਜਾਣਦਾ ਵੀ ਨਹੀਂ। ਮੈਂ ਉਹਨੂੰ ਛੁਡਾ ਕੇ ਕੀ ਲੈਣਾ ਸੀ ?" ਤਰਲੇ ਨਾਲ ਨਾਸਿਰ ਖ਼ਾਂ ਨੇ ਕਿਹਾ। ਉਹਦੇ ਮੱਥੇ 'ਤੇ ਡਰ ਨਾਲ ਤਰੇਲੀਆਂ ਆ ਗਈਆਂ। ਉਸ ਦੇ ਪਾਪਾਂ ਨੇ ਅੰਦਰੋਂ ਕਾਂਬਾ ਛੇੜ ਦਿੱਤਾ ਤੇ ਉਹਦੇ ਬੁੱਲ੍ਹ ਸੁੱਕਣੇ ਸ਼ੁਰੂ

ਹੋ ਗਏ। ਉਸ ਦੋ ਵਾਰ ਬੁੱਲ੍ਹਾਂ 'ਤੇ ਜੀਭ ਫੇਰ ਕੇ ਉਹਨਾਂ ਨੂੰ ਤਰ ਕੀਤਾ ਪਰ ਫੇਰ ਵੀ ਉਹ ਸੁਕਦੇ ਰਹੇ।

"ਤੂੰ ਸਮਝਦਾ ਏਂ ਕਿ ਮੈਨੂੰ ਪਤਾ ਕੁਝ ਨਹੀਂ। ਦੱਸਾਂ ਤੈਨੂੰ, ਤੂੰ ਕੀ ਲੈਣਾ ਏ ? ਤੂੰ ਉਮਰ ਹਯਾਤ ਖ਼ਾਨ ਦੀ ਲੜਕੀ ਬਸ਼ੀਰਾਂ ਪਿੱਛੇ ਪਿਆ ਹੋਇਆ ਏਂ," ਯਾਰ ਮੁਹੰਮਦ ਖ਼ਾਨ ਨੇ ਸਾਫ਼ ਕਹਿ ਦਿੱਤਾ।

ਨਾਸਰਿ ਖ਼ਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹਨੂੰ ਹੁਣ ਪੱਕਾ ਯਕੀਨ ਹੋ ਗਿਆ ਕਿ ਯਾਰ ਮੁਹੰਮਦ ਖ਼ਾਨ ਨੇ ਸਚਮੁੱਚ ਉਹਦੇ ਪਿਛੇ ਬੰਦੇ ਛੱਡ ਕੇ ਸਭ ਕੁਝ ਪਤਾ ਕਰ ਲਿਆ ਏ ਪਰ ਉਹ ਹੈਰਾਨ ਸੀ ਕਿ ਉਹ ਸੰਤ ਨੂੰ ਕਿਧਰੇ ਵੀ ਮਿਲਿਆ ਨਹੀਂ, ਉਹਦੇ ਨਾਂ ਝੂਠੀ ਤੁਹਮਤ ਕਿਉਂ ਲੱਗੀ ਏ, ਮਾਲੀ ਇਸ ਸਾਜ਼ਿਸ਼ ਵਿਚ ਕਿਉਂ ਸ਼ਾਮਿਲ ਹੋਇਆ ਏ ? ਯਾਰ ਮੁਹੰਮਦ ਖ਼ਾਨ ਨੇ ਕਿਹਾ, "ਬੋਲਦਾ ਕਿਉਂ ਨਹੀਂ ਹੁਣ ? ਦੰਦਣ ਪੈ ਗਈ ਏ ਤੈਨੂੰ ਸੱਚੀ ਗੱਲ ਸੁਣ ਕੇ ? ਹੋਰ ਦੱਸਾਂ, ਹੁਣ ਤੂੰ ਬਸ਼ੀਰਾਂ ਦੇ ਘਰ ਕੀ ਗੱਲ ਕਰ ਕੇ ਆਇਆ ਏਂ ?"

"ਕੁਝ ਵੀ ਨਹੀਂ ਜਨਾਬ!" ਨਾਸਿਰ ਖ਼ਾਂ ਨੇ ਬੜੀ ਧੀਮੀ ਜਿਹੀ ਆਵਾਜ਼ ਵਿਚ ਕਿਹਾ।

"ਤੂੰ ਇਹ ਵੀ ਝੂਠ ਬੋਲ ਰਿਹਾ ਏਂ। ਹੁਣ ਤਾਂ ਸ਼ਰਮ ਕਰ, ਤੈਨੂੰ ਅਜੇ ਵੀ ਅਕਲ ਨਹੀਂ ਆਈ ਕਿ ਮੈਂ ਸਭ ਕੁਝ ਜਾਣ ਗਿਆ ਹਾਂ। ਫਿਰ ਤੂੰ ਕਿਉਂ ਅੜੀ ਜਾਂਦਾ ਏਂ ਆਪਣੀ ਗੱਲ ਉੱਤੇ। ਤੂੰ ਕਹਿ ਕੇ ਆਇਆ ਏਂ ਕਿ ਕੱਲ੍ਹ ਸਵੇਰ ਤੋਂ ਪਹਿਲਾਂ ਉਮਰ ਹਯਾਤ ਖ਼ਾਨ ਨੂੰ ਰਿਹਾਅ ਕਰ ਦਿੱਤਾ ਜਾਏਗਾ ਤੇ ਫਿਰ ਬਸ਼ੀਰਾਂ ਦਾ ਰਿਸ਼ਤਾ ਤੈਨੂੰ ਮਿਲੇਗਾ। ਕੰਜਰਾ ! ਜੇ ਇਹੀ ਗੱਲ ਸੀ ਤਾਂ ਮੈਨੂੰ ਕਹਿ ਦਿੰਦੋਂ, ਮੈਂ ਉਮਰ ਹਯਾਤ ਖ਼ਾਨ ਨੂੰ ਕਹਿ ਕੇ ਤੇਰਾ ਰਿਸ਼ਤਾ ਕਰਵਾ ਦਿੰਦਾ ਪਰ ਹੁਣ ਤਾਂ ਜੇ ਉਹ ਕਰਨਾ ਵੀ ਚਾਹੇ ਤਾਂ ਵੀ ਮੈਂ ਨਹੀਂ ਹੋਣ ਦਿਆਂਗਾ। ਤੂੰ ਸਮਝਦਾ ਏਂ ਕਿ ਸਾਨੂੰ ਕੁਝ ਵੀ ਪਤਾ ਨਹੀਂ। ਜੇ ਅਸੀਂ ਇੰਨੇ ਅਵੇਸਲੇ ਰਹੀਏ ਤਾਂ ਤੁਸੀਂ ਸਾਨੂੰ ਵੇਚ ਕੇ ਖਾ ਜਾਓ। ਤੁਹਾਡੇ ਸਿਰ 'ਤੇ ਰਾਜ ਕਰਨਾ ਏਂ ਜੋ ਨਿੱਕੀ ਜਿਹੀ ਗੱਲ ਪਿਛੇ ਇਸ ਕਮੀਨਗੀ ਦੀ ਹੱਦ ਤਕ ਜਾ ਸਕਦੇ ਹੋ ?" ਯਾਰ ਮੁਹੰਮਦ ਖ਼ਾਨ ਨੇ ਕਿਹਾ। ਗੁੱਸੇ ਨਾਲ ਉਸ ਦੀਆਂ ਅੱਖਾਂ ਲਾਲ ਹੋ ਗਈਆਂ।

ਨਾਸਿਰ ਖ਼ਾਂ ਨੇ ਯਾਰ ਮੁਹੰਮਦ ਖ਼ਾਨ ਦੀਆਂ ਅੱਖਾਂ ਵੱਲ ਦੇਖਿਆ। ਉਸ ਨੂੰ ਉਸ ਦੇ ਗੁੱਸੇ ਨੇ ਕਾਂਬਾ ਛੇੜ ਦਿੱਤਾ। ਉਹ ਉੱਠ ਕੇ ਯਾਰ ਮੁਹੰਮਦ ਖ਼ਾਨ ਦੇ ਪੈਰੀਂ ਪੈ ਗਿਆ। ਅੱਖਾਂ ਵਿਚ ਅੱਥਰੂ ਆ ਗਏ ਤੇ ਉਸ ਕਿਹਾ, "ਮੈਂ ਭੁੱਲ ਗਿਆ, ਮੈਂ ਗ਼ਲਤੀ ਕੀਤੀ ਏ।"

ਤਰਲੇ ਕਰਦਿਆਂ ਉਸ ਯਾਰ ਮੁਹੰਮਦ ਖ਼ਾਨ ਵੱਲ ਦੇਖਿਆ ਕਿ ਉਸ ਦੇ ਚਿਹਰੇ 'ਤੇ ਉਹਦੀਆਂ ਮਿੰਨਤਾਂ ਦਾ ਅਸਰ ਹੋ ਰਿਹਾ ਏ। ਯਾਰ ਮੁਹੰਮਦ ਖ਼ਾਨ ਅਜੇ ਟੱਸ ਤੋਂ ਮੱਸ ਨਹੀਂ ਸੀ ਹੋਇਆ। ਉਸ ਫਿਰ ਕਿਹਾ, "ਮੈਂ ਵਾਸਨਾ ਦੇ ਵੇਗ ਵਿਚ ਅੰਨ੍ਹਾ ਹੋ ਗਿਆ

ਸਾਂ, ਮੈਂ ਜੋ ਕੁਝ ਕੀਤਾ ਏ ਉਹ ਲਾਹਨਤ ਏ। ਮੈਂ ਬਹੁਤ ਸ਼ਰਮਿੰਦਾ ਹਾਂ।

ਯਾਰ ਮੁਹੰਮਦ ਖ਼ਾਨ ਨੇ ਪਰ੍ਹੇ ਬੈਠੇ ਕਾਸਿਮ ਖ਼ਾਂ ਵੱਲ ਦੇਖਿਆ ਜੋ ਚੁੱਪ ਕਰਕੇ ਸਾਰੀ ਗੱਲ ਸੁਣੀ ਜਾ ਰਿਹਾ ਸੀ ਤੇ ਜਿਸ ਇਕ ਵਾਰ ਵੀ ਦਖ਼ਲ ਨਹੀਂ ਸੀ ਦਿੱਤਾ। ਯਾਰ ਮੁਹੰਮਦ ਖ਼ਾਨ ਦੀ ਤੱਕਣੀ ਤੋਂ ਅਨੁਮਾਨ ਲਾ ਲਿਆ ਕਿ ਉਹ ਹੁਣ ਇਹਦੀ ਇਸ ਮਾਮਲੇ 'ਤੇ ਵਿਚਾਰ ਪੁਛਦਾ ਹੈ, ਇਸ ਲਈ ਕਾਸਿਮ ਖ਼ਾਂ ਨੇ ਕਿਹਾ, "ਮਨੁੱਖ ਭੁੱਲਣਹਾਰ ਏ, ਨਾਸਿਰ ਖ਼ਾਂ ਵਰਗਾ ਜੇਕਰ ਸਵੇਰ ਦਾ ਭੁੱਲਾ ਸ਼ਾਮ ਨੂੰ ਘਰ ਆ ਜਾਏ ਤਾਂ ਉਹਨੂੰ ਭੁੱਲਿਆ ਨਹੀਂ ਸਮਝਣਾ ਚਾਹੀਦਾ, ਇਸ ਲਈ ਮੈਂ ਤਾਂ ਕਹਾਂਗਾ ਕਿ ਜਨਾਬ ਇਹਨੂੰ ਮਾਫ਼ ਕਰ ਦਿਓ। ਪਰ ਦੇਖ ਨਾਸਿਰ ਖ਼ਾਂ ਆਪਣੇ ਸਹਾਰੇ ਹੀ ਸਰਕਾਰ ਦਾ ਸਾਰਾ ਕੰਮ ਚਲਦਾ ਪਿਆ ਏ, ਅਸੀਂ ਹੀ ਇਸ ਤਰ੍ਹਾਂ ਜੇ ਗ਼ਲਤ ਗੱਲਾਂ ਕਰਨ ਲੱਗ ਪਏ ਤਾਂ ਕਦੋਂ ਪੂਰੀ ਪਵੇਗੀ।"

"ਨਹੀਂ, ਇਹ ਨਿੱਕੀ ਜਿਹੀ ਗ਼ਲਤੀ ਨਹੀਂ, ਇਸ ਸਿਰਫ਼ ਮੈਨੂੰ ਧੋਖਾ ਦੇਣ ਦਾ ਯਤਨ ਨਹੀਂ ਕੀਤਾ, ਸਗੋਂ ਸਾਰੀ ਹਕੂਮਤ ਦਾ ਨੁਕਸਾਨ ਕਰਨ ਦਾ ਯਤਨ ਕੀਤਾ ਏ," ਯਾਰ ਮੁਹੰਮਦ ਖ਼ਾਨ ਨੇ ਜਾਣ-ਬੁੱਝ ਕੇ ਭਾਰਾਂ 'ਤੇ ਪੈਂਦਿਆਂ ਕਿਹਾ।

"ਨਹੀਂ," ਇਸ ਦਾ ਪਿਛਲਾ ਕੰਮ ਚੰਗਾ ਏ, ਇਸ ਲਈ ਇਹਨੂੰ ਇਕ ਮੌਕਾ ਹੋਰ ਦਿੱਤਾ ਜਾਣਾ ਚਾਹੀਦਾ ਹੈ। ਮੇਰਾ ਖ਼ਿਆਲ ਏ ਕਿ ਇਹ ਹੁਣ ਇਸ ਤਰ੍ਹਾਂ ਦੀ ਗ਼ਲਤੀ ਕਦੇ ਨਹੀਂ ਕਰੇਗਾ," ਕਾਸਿਮ ਖ਼ਾਂ ਨੇ ਕਿਹਾ।

"ਕਿਉਂ ਬਈ ?" ਯਾਰ ਮੁਹੰਮਦ ਖ਼ਾਨ ਨੇ ਕਿਹਾ, "ਮੈਨੂੰ ਫੇਰ ਅਜਿਹੀ ਸ਼ਿਕਾਇਤ ਨਹੀਂ ਹੋਣੀ ਚਾਹੀਦੀ।"

"ਬਿਲਕੁਲ ਨਹੀਂ ਹੋਵੇਗੀ," ਨਾਸਿਰ ਖ਼ਾਂ ਨੇ ਉੱਠ ਕੇ ਦੁਬਾਰਾ ਮੂਹੜੇ 'ਤੇ ਬੈਠਦਿਆਂ ਕਿਹਾ।

"ਅੱਛਾ, ਦੂਜੀ ਗੱਲ ਇਹ ਵੀ ਯਾਦ ਰੱਖੀਂ ਕਿ ਤੂੰ ਬਸ਼ੀਰਾਂ ਦਾ ਪਿੱਛਾ ਨਹੀਂ ਕਰਨਾ ਹੋਵੇਗਾ," ਯਾਰ ਮੁਹੰਮਦ ਖ਼ਾਨ ਨੇ ਕਿਹਾ।

"ਨਹੀਂ ਕਰਾਂਗਾ," ਨਾਸਿਰ ਖ਼ਾਂ ਨੇ ਉੱਤਰ ਦਿੱਤਾ।

"ਕਾਸਿਮ ਖ਼ਾਂ! ਤੂੰ ਜਾ ਕੇ ਉਮਰ ਹਯਾਤ ਖ਼ਾਨ ਨੂੰ ਛੱਡ ਦੇ। ਉਹਨੂੰ ਕਹਿ ਕਿ ਉਹ ਪਹਿਲਾਂ ਮੈਨੂੰ ਮਿਲੇ, ਮੈਂ ਉਸ ਨਾਲ ਕੁਝ ਗੱਲਾਂ ਕਰਨੀਆਂ ਹਨ," ਯਾਰ ਮੁਹੰਮਦ ਖ਼ਾਨ ਨੇ ਕਿਹਾ।

14

ਨਾਸਿਰ ਖ਼ਾਂ ਨੇ ਆਪਣੇ ਸਾਥੀਆਂ ਤੇ ਹਮਦਰਦਾਂ ਦਾ ਇਕ ਇਕੱਠ ਆਪਣੇ ਘਰ ਸੱਦਿਆ। ਇਸ ਸਮੇਂ ਉਹਨੇ ਆਪਣੇ ਸੂਹੀਆਂ ਦੇ ਕੰਮ ਕਰਨ ਵਾਲੇ ਸਾਰੇ ਆਦਮੀ ਸੱਦੇ। ਜਦ ਖਾਣਾ ਖਾ ਕੇ ਵਿਹਲੇ ਹੋ ਗਏ ਤਾਂ ਗੱਪਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਉਹਦੇ ਇਕ ਮਿੱਤਰ ਨੇ ਪੁੱਛਿਆ, "ਨਾਸਿਰ ਖ਼ਾਂ ਬਈ ਦੱਸਿਆ ਨਹੀਂ ਤੂੰ, ਉਸ ਦਿਨ ਕੀ ਗੱਲ ਹੋਈ ਸੀ। ਤੂੰ ਉਸ ਦਿਨ ਦਾ ਹਰ ਵੇਲੇ ਸੋਚਾਂ ਵਿਚ ਹੀ ਪਿਆ ਰਹਿੰਦਾ ਏਂ। ਹੋਈ ਗੱਲ ਤੇ ਮੁੱਕ ਗਈ ਹੁਣ ਕਾਹਦੀ ਚਿੰਤਾ ਲੱਗੀ ਹੋਈ ਏ।"

"ਉਸ ਦਿਨ ਦੋ ਗੱਲਾ ਬੜੀਆਂ ਅਜੀਬ ਹੋਈਆਂ ਨੇ। ਮੈਂ ਉਹਨਾਂ ਬਾਰੇ ਸੋਚ ਰਿਹਾ ਹਾਂ," ਨਾਸਿਰ ਖ਼ਾਂ ਨੇ ਕਿਹਾ, "ਜਦ ਤਕ ਮੈਨੂੰ ਉਹਨਾਂ ਬਾਰੇ ਅਸਲੀਅਤ ਦਾ ਪਤਾ ਨਾ ਲੱਗ ਜਾਏ ਮੈਂ ਆਰਾਮ ਨਾਲ ਨਹੀਂ ਬੈਠ ਸਕਦਾ। ਲੱਖ ਲਾਹਨਤ ਹੈ ਸਾਡੇ ਸੂਹੀਆ ਹੋਣ 'ਤੇ ਜੇਕਰ ਸਾਨੂੰ ਇਹ ਨਾ ਪਤਾ ਲੱਗੇ।"

"ਗੱਲ ਕੀ ਏ," ਹਬੀਬ ਬਖ਼ਸ਼ ਨੇ ਪੁੱਛਿਆ, "ਸਾਨੂੰ ਸਾਰੀ ਗੱਲ ਕਿਉਂ ਨਹੀਂ ਦੱਸਦਾ?

"ਮੈਂ ਉਸ ਦਿਨ ਬਸ਼ੀਰਾਂ ਦੇ ਘਰ ਗਿਆ ਸਾਂ ਤੇ ਉਹਨਾਂ ਦੀ ਡਿਉਢੀ ਵਿਚ ਖੜੇ ਹੋ ਕੇ ਮੈਂ ਬਸ਼ੀਰਾਂ ਨਾਲ ਗੱਲਾਂ ਕੀਤੀਆਂ ਸਨ। ਜਦ ਮੈਂ ਉਥੋਂ ਸਿੱਧਾ ਯਾਰ ਮੁਹੰਮਦ ਖ਼ਾਨ ਪਾਸ ਗਿਆ ਤਾਂ ਉਸ ਨੂੰ ਸਾਰੀ ਗੱਲ-ਬਾਤ ਦਾ ਪਤਾ ਲੱਗ ਗਿਆ ਸੀ," ਨਾਸਿਰ ਖ਼ਾਂ ਨੇ ਕਿਹਾ।

"ਬਸ਼ੀਰਾਂ ਨੇ ਦੱਸਿਆ ਹੋਏਗਾ," ਹਬੀਬ ਬਖ਼ਸ਼ ਨੇ ਝੱਟ ਫ਼ੈਸਲਾ ਕਰ ਦਿੱਤਾ।

"ਨਹੀਂ, ਉਹਨੂੰ ਮੈਂ ਘਰ ਛੱਡ ਕੇ ਗਿਆ ਸਾਂ ਤਾਂ ਉਹ ਮੇਰੇ ਤੋਂ ਪਹਿਲਾਂ ਨਹੀਂ ਜਾ ਸਕਦੀ। ਨਾਲੇ ਉਸ ਆਪ ਹੀ ਤਾਂ ਮੈਨੂੰ ਸੱਦਿਆ ਸੀ ਇਸ ਲਈ ਇਹ ਗੱਲ ਨਹੀਂ। ਯਾਰ ਮੁਹੰਮਦ ਖ਼ਾਨ ਕਹਿੰਦਾ ਸੀ ਕਿ ਉਹਦਾ ਆਪਣਾ ਆਦਮੀ ਪਿੱਛਾ ਕਰ ਰਿਹਾ ਸੀ। ਉਹ ਕੌਣ ਸੀ ਤੇ ਕਿਵੇਂ ਉਹਨੇ ਸਾਡੀਆਂ ਗੱਲਾਂ ਸੁਣੀਆਂ?" ਨਾਸਿਰ ਖ਼ਾਂ ਨੇ ਗੱਲ ਸਮਝਾਈ।

"ਪਰ ਤੂੰ ਹੁਣ ਇਹ ਜਾਣ ਕੇ ਲੈਣਾ ਕੀ ਏਂ?" ਹਬੀਬ ਬਖ਼ਸ਼ ਨੇ ਪੁੱਛਿਆ।

"ਤੂੰ ਅਜੇ ਤਕ ਮਾਮਲੇ ਦੀ ਗੰਭੀਰਤਾ ਨੂੰ ਸਮਝਿਆ ਨਹੀਂ। ਅੱਜ ਇਹ ਗੱਲ ਹੋਈ ਏ ਤੇ ਕੱਲ੍ਹ ਇਸ ਤੋਂ ਵੱਡੀ ਵਾਪਰ ਸਕਦੀ ਏ। ਅਸੀਂ ਦੂਜਿਆਂ 'ਤੇ ਨਿਗਰਾਨੀ ਕਰ ਰਹੇ ਹਾਂ ਤੇ ਸਾਡੇ 'ਤੇ ਹੋਰ ਨਿਗਰਾਨ ਟੁਰੇ ਫਿਰਨ ਤੇ ਸਾਨੂੰ ਪਤਾ ਹੀ ਨਾ ਲੱਗੇ?" ਨਾਸਿਰ ਖ਼ਾਂ ਨੇ ਕਿਹਾ।

"ਮੈਂ ਸਮਝਦਾ ਹਾਂ ਪਰ ਹੈਰਾਨੀ ਮੈਨੂੰ ਇਸ ਗੱਲ ਦੀ ਏ ਕਿ ਤੂੰ ਇਤਨਾ ਪਰੇਸ਼ਾਨ ਕਿਉਂ ਏਂ। ਇਹ ਤੈਨੂੰ ਕੱਲ੍ਹ ਸਵੇਰੇ ਮੈਂ ਪਤਾ ਦੇ ਸਕਦਾ ਹਾਂ ਕਿ ਕੌਣ ਗਿਆ ਸੀ ਤੇਰੇ

ਪਿੱਛੇ ਤੇ ਕਿਵੇਂ ਸਾਰਾ ਭੇਦ ਪਤਾ ਲੱਗਾ ਏ," ਹਬੀਬ ਬਖ਼ਸ਼ ਨੇ ਬੜੇ ਭਰੋਸੇ ਨਾਲ ਕਿਹਾ, "ਹੱਛਾ, ਦੂਜੀ ਗੱਲ ਵੀ ਦੱਸ, ਜਿਹੜੀ ਤੈਨੂੰ ਪਰੇਸ਼ਾਨ ਕਰੀ ਜਾਂਦੀ ਏ।"

"ਉਸ ਦਿਨ ਮੈਨੂੰ ਯਾਰ ਮੁਹੰਮਦ ਖ਼ਾਨ ਨੇ ਕਿਹਾ ਸੀ ਕਿ ਬਸ਼ੀਰਾਂ ਇਕ ਜਾਸੂਸ ਸਾਧੂ ਨੂੰ ਘੇਰ ਕੇ ਲਿਆ ਰਹੀ ਸੀ ਕਿ ਮੈਂ ਰਾਹ ਵਿਚ ਮਿਲ ਪਿਆ ਸਾਂ ਤੇ ਮੈਂ ਸਾਧੂ ਨੂੰ ਭਜਾ ਦਿੱਤਾ ਏ। ਇਸ ਮਾਮਲੇ ਵਿਚ ਯਾਰ ਮੁਹੰਮਦ ਖ਼ਾਨ ਦਾ ਮਾਲੀ ਗਵਾਹ ਬਣਾਇਆ ਗਿਆ ਏ। ਮਾਲੀ ਨੇ ਕਿਹਾ ਏ ਕਿ ਮੈਨੂੰ ਉਸ ਆਪ ਦੇਖਿਆ ਸੀ। ਹਾਲਾਂ ਕਿ ਇਹ ਗੱਲ ਬਿਲਕੁਲ ਗ਼ਲਤ ਏ। ਨਾ ਮੈਨੂੰ ਰਾਹ ਵਿਚ ਬਸ਼ੀਰਾਂ ਮਿਲੀ ਤੇ ਨਾ ਹੀ ਸਾਧੂ। ਫਿਰ ਮਾਲੀ ਨੇ ਇਹ ਝੂਠੀ ਗੱਲ ਕਿਉਂ ਕਹੀ ਤੇ ਕਿਸ ਦੇ ਇਸ਼ਾਰੇ 'ਤੇ ਕਹੀ ਏ। ਇਹ ਵੀ ਜਾਣਨਾ ਅਤਿ ਜ਼ਰੂਰੀ ਏ," ਨਾਸਿਰ ਖ਼ਾਂ ਨੇ ਕਿਹਾ।

"ਮਾਲੀ ਨੂੰ ਫੜ ਕੇ ਕੁਟੋ, ਆਪੇ ਬੱਕ ਪਵੇਗਾ ਕਿ ਕਿਸ ਕਿਹਾ ਸੀ, ਹੈ ਤਾਂ ਆਖ਼ਰ ਨੂੰ ਪੂਰਬੀਆ ਹੀ," ਹਬੀਬ ਬਖ਼ਸ਼ ਨੇ ਕਿਹਾ।

"ਮਾਲੀ ਯਾਰ ਮੁਹੰਮਦ ਖ਼ਾਨ ਦਾ ਏ। ਉਸ ਬੜੀ ਦਲੇਰੀ ਕੀਤੀ ਏ ਤੇ ਇਸ ਤਰ੍ਹਾਂ ਉਹੀ ਸਾਜ਼ਿਸ਼ ਕਰ ਸਕਦਾ ਏ ਜਿਸ ਦਾ ਪਿੱਛਾ ਭਾਰੀ ਹੋਏ। ਇਸ ਲਈ ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਕੌਣ ਏ ਤੇ ਕਿਉਂ ਇਸ ਨੇ ਅਜਿਹੀ ਗੱਲ ਕੀਤੀ ?" ਨਾਸਿਰ ਖ਼ਾਂ ਨੇ ਕਿਹਾ।

"ਮਾਲੀ ਬਾਰੇ ਮੈਂ ਪਤਾ ਕਰ ਦਿਆਂਗਾ," ਮੁਹੰਮਦ ਅਬਦੁਲ ਬੋਲਿਆ।

"ਫਿਰ ਮਾਮਲੇ ਹੀ ਹੱਲ ਹੋ ਗਏ।" ਨਾਸਿਰ ਖ਼ਾਂ ਦੇ ਚਿਹਰੇ 'ਤੇ ਕੁਝ ਖੇੜਾ ਆਇਆ ਤੇ ਉਸ ਹਬੀਬ ਬਖ਼ਸ਼ ਦੀ ਕੰਡ 'ਤੇ ਥਾਪੀ ਦੇਂਦਿਆ ਕਿਹਾ।

"ਇਹ ਗੱਲਾਂ ਕੋਈ ਬਹੁਤੀਆਂ ਵੱਡੀਆਂ ਨਹੀਂ ਪਰ ਤੇਰੇ ਦਿਮਾਗ਼ 'ਤੇ ਭੂਤ ਸਵਾਰ ਸੀ ਕਿ ਤੂੰ ਆਪੇ ਕਰ ਲਵੇਂਗਾ। ਇਹ ਹੋ ਨਹੀਂ ਸਕਿਆ। ਹੁਣ ਅਸੀਂ ਪਤਾ ਕਰ ਦਿਆਂਗੇ," ਹਬੀਬ ਬਖ਼ਸ਼ ਨੇ ਤਿੜ ਕੇ ਕਿਹਾ।

"ਗੱਲ ਤੁਹਾਡੀ ਠੀਕ ਏ। ਮੈਂ ਅੱਜ ਤੁਹਾਨੂੰ ਦੋਸਤਾਂ ਨੂੰ ਰੋਟੀ 'ਤੇ ਸਿਰਫ਼ ਇਸੇ ਲਈ ਸੱਦਿਆ ਸੀ ਕਿ ਤੁਹਾਡੇ ਸਾਹਮਣੇ ਇਹ ਮਸਲਾ ਰੱਖਾਂ। ਮੈਂ ਆਮ ਆਦਮੀ ਸੱਦੇ ਹੀ ਨਹੀਂ, ਗਿਣਤੀ ਦੇ ਦੋਸਤ ਬੁਲਾਏ ਹਨ, ਜਿਨ੍ਹਾਂ ਵਿਚੋਂ ਗੱਲ ਬਾਹਰ ਨਿਕਲਣ ਦਾ ਡਰ ਨਹੀਂ।"

ਬਾਕੀ ਸਾਰੇ ਤਾਂ ਖਾਣਾ ਖਾ ਕੇ ਚਲੇ ਗਏ ਪਰ ਜਿਨ੍ਹਾਂ ਨੇ ਇਸ ਸੰਬੰਧੀ ਪੜਤਾਲ ਕਰਨੀ ਸੀ ਉਹ ਬੈਠੇ ਰਹੇ। ਕਾਫ਼ੀ ਸਮਾਂ ਉਹ ਵਿਚਾਰ ਕਰਦੇ ਰਹੇ ਕਿ ਕਿਸ ਤਰ੍ਹਾਂ ਅਸਲ ਗੱਲ ਦਾ ਪਤਾ ਲੱਗ ਸਕਦਾ ਹੈ। ਅਖ਼ੀਰ ਇਸ ਬਾਰੇ ਪ੍ਰੋਗਰਾਮ ਤਿਆਰ ਹੋ ਗਿਆ ਤੇ ਸਾਰੇ ਚਲੇ ਗਏ।

ਦੂਜੇ ਦਿਨ ਮੁਲਾਕਾਤ ਦਾ ਜੋ ਸਮਾਂ ਨੀਯਤ ਸੀ ਉਸ 'ਤੇ ਕੋਈ ਵੀ ਨਾ ਪਹੁੰਚਿਆ।

ਨਾਸਿਰ ਖ਼ਾਂ ਨੂੰ ਹੁਣ ਪੱਕਾ ਨਿਸਚਾ ਹੋ ਗਿਆ ਕਿ ਜਿਹੜੇ ਆਏ ਨਹੀਂ ਇਹਦਾ ਮਤਲਬ ਏ ਕਿ ਉਹਨਾਂ ਨੂੰ ਵੀ ਕੁਝ ਪਤਾ ਨਹੀਂ ਲੱਗਾ। ਉਡੀਕ ਦਾ ਸਮਾਂ ਵੀ ਨਹੀਂ ਬੀਤਦਾ। ਕਈ ਵਾਰ ਉਹ ਉੱਠ ਕੇ ਦਰਵਾਜ਼ੇ ਤਕ ਆਇਆ ਤੇ ਗਲੀ ਦੇ ਸਿਰੇ ਤਕ ਨਜ਼ਰ ਮਾਰੀ ਪਰ ਕੋਈ ਵੀ ਆਉਂਦਾ ਨਜ਼ਰ ਨਾ ਆਇਆ। ਅਖ਼ੀਰ ਉਸ ਆਪ ਜਾ ਕੇ ਹਬੀਬ ਬਖ਼ਸ਼ ਦਾ ਪਤਾ ਕਰਨ ਦਾ ਫ਼ੈਸਲਾ ਕੀਤਾ। ਜੁੱਤੀ ਪਾਈ ਤੇ ਜਦ ਘਰੋਂ ਤੁਰਨ ਲੱਗਾ ਤਾਂ ਹਬੀਬ ਬਖ਼ਸ਼ ਆ ਗਿਆ।

"ਸ਼ੁਕਰ ਏ ਤੂੰ ਪਹੁੰਚ ਗਿਆ ਏਂ। ਉਡੀਕ ਉਡੀਕ ਕੇ ਅੱਖਾਂ ਵੀ ਪੱਕ ਚੱਲੀਆਂ ਸਨ। ਮੈਂ ਹੁਣ ਆਪ ਤੇਰੇ ਘਰ ਚੱਲਿਆ ਸਾਂ। ਕੀ ਕੁਝ ਲੱਗਾ ਪਤਾ?" ਨਾਸਿਰ ਖ਼ਾਂ ਨੇ ਕਿਹਾ ਤੇ ਉਹਦੇ ਚਿਹਰੇ 'ਤੇ ਧਿਆਨ ਨਾਲ ਦੇਖਣ ਲੱਗ ਪਿਆ। ਹਬੀਬ ਬਖ਼ਸ਼ ਮੁਸਕਰਾ ਰਿਹਾ ਸੀ ਤੇ ਉਹਦੀ ਮੁਸਕਾਣ ਤੋਂ ਹੀ ਅਨੁਮਾਨ ਲੱਗ ਗਿਆ ਕਿ ਇਹ ਸਫਲ ਹੋ ਗਿਆ ਹੈ।

"ਚੱਲ ਕੇ ਬੈਠ ਤੈਨੂੰ ਦੱਸਾਂ ਸਾਰੀ ਗੱਲ," ਹਬੀਬ ਬਖ਼ਸ਼ ਨੇ ਕਿਹਾ ਤੇ ਆਪ ਵੀ ਅੰਦਰ ਕਮਰੇ ਵਿਚ ਲੰਘ ਗਿਆ। ਪਲੰਘ 'ਤੇ ਜਾ ਕੇ ਹਬੀਬ ਬਖ਼ਸ਼ ਲੇਟ ਗਿਆ ਤੇ ਨਾਸਿਰ ਖ਼ਾਂ ਮੂਹੜਾ ਲੈ ਕੇ ਉਹਦੇ ਨੇੜੇ ਬੈਠ ਗਿਆ।

"ਹਾਂ ਦੱਸ, ਫਿਰ ਕੀ ਪਤਾ ਕਰ ਕੇ ਆਇਆ ਏਂ," ਨਾਸਿਰ ਖ਼ਾਂ ਨੇ ਬੜੇ ਉਤਾਵਲੇ ਹੋ ਕੇ ਪੁੱਛਿਆ।

"ਕੁਝ ਵੀ ਨਾ," ਹਬੀਬ ਬਖ਼ਸ਼ ਬੋਲਿਆ। ਨਾਸਿਰ ਖ਼ਾਂ ਦੇ ਚਿਹਰੇ 'ਤੇ ਇਕ-ਦਮ ਤਿਊੜੀਆਂ ਆ ਗਈਆਂ। ਉਸ ਕਿਹਾ, "ਐਵੇਂ ਕਿਉਂ ਖਪਾਂਦਾ ਏਂ, ਦੱਸ ਵੀ ਕੀ ਪਤਾ ਲੱਗਾ ਈ?"

"ਇਹ ਪਤਾ ਕਰਨ ਲਈ ਕਾਸਿਮ ਖ਼ਾਂ ਗਿਆ ਸੀ," ਹਬੀਬ ਬਖ਼ਸ਼ ਨੇ ਦੱਸਿਆ।

"ਮੇਰਾ ਵੀ ਖ਼ਿਆਲ ਤਾਂ ਇਹੀ ਸੀ ਪਰ ਪਤਾ ਕਿਵੇਂ ਲੱਗਾ।" ਨਾਸਿਰ ਖ਼ਾਂ ਨੇ ਪੁੱਛਿਆ।

"ਬੜੀ ਸਵਾਦਲੀ ਕਹਾਣੀ ਏ," ਹਬੀਬ ਬਖ਼ਸ਼ ਨੇ ਦੱਸਿਆ।

"ਮੈਂ ਤੇਰੇ ਕੋਲੋਂ ਹੋ ਕੇ ਘਰ ਗਿਆ ਤੇ ਬੜਾ ਸੋਚਿਆ। ਅਖ਼ੀਰ ਮੈਂ ਅੱਜ ਸਵੇਰੇ ਉਮਰ ਹਯਾਤ ਖ਼ਾਨ ਦੇ ਘਰ ਚਲਾ ਗਿਆ। ਉਥੇ ਕੁਦਰਤੀ ਬਸ਼ੀਰਾਂ ਘਰ ਨਹੀਂ ਸੀ। ਉਹਦੀ ਮਾਂ ਇਕੱਲੀ ਸੀ। ਮੈਂ ਚਾਚੀ ਕਹਿ ਕੇ ਬੈਠ ਗਿਆ। ਹਮਦਰਦੀ ਨਾਲ ਦੋ- ਚਾਰ ਗੱਲਾਂ ਕੀਤੀਆਂ ਤੇ ਤੇਰੇ ਬਾਰੇ ਉਨ੍ਹਾਂ ਦੇ ਵਿਚਾਰ ਲਏ। ਉਹ ਤੇਰੇ ਵਿਰੁੱਧ ਬੋਲਣ ਲੱਗ ਪਈ। ਬੱਸ ਫਿਰ ਮੈਂ ਵੀ ਤੈਨੂੰ ਰਗੜਾ ਲਾ ਦਿੱਤਾ ਤੇ ਤੇਰੇ ਵਿਰੁੱਧ ਗੱਲਾਂ ਕਹੀਆਂ। ਉਹਨੇ ਮੈਨੂੰ ਫਿਰ ਸਾਰੀ ਗੱਲ ਦੱਸ ਦਿੱਤੀ।

"ਮੈਂ ਫਿਰ ਪੁੱਛ ਲਿਆ ਕਿ ਕਿਵੇਂ ਯਾਰ ਮੁਹੰਮਦ ਖ਼ਾਨ ਨੂੰ ਪਤਾ ਲੱਗਾ ਸੀ? ਉਸ

ਦੱਸਿਆ ਕਿ ਜਦ ਤੂੰ ਪਹਿਲੇ ਦਿਨ ਹੋ ਕੇ ਗਿਆ ਸੈਂ ਤਾਂ ਉਹਨਾਂ ਜਾ ਕੇ ਯਾਰ ਮੁਹੰਮਦ ਖ਼ਾਨ ਨੂੰ ਦੱਸ ਦਿੱਤਾ ਸੀ। ਉਸ ਕਾਸਿਮ ਖ਼ਾਂ ਨੂੰ ਦੱਸ ਦਿੱਤਾ ਸੀ ਤੇ ਉਹ ਉਨ੍ਹਾਂ ਦੀ ਡਿਊਢੀ ਦੀਆਂ ਪੌੜੀਆਂ ਵਿਚ ਖੜਾ ਹੋ ਕੇ ਤੇਰੀਆਂ ਸਾਰੀਆਂ ਗੱਲਾਂ ਸੁਣਦਾ ਰਿਹਾ ਏ। ਉਸੇ ਜਾ ਕੇ ਤੇਰੇ ਤੋਂ ਪਹਿਲਾਂ ਯਾਰ ਮੁਹੰਮਦ ਖ਼ਾਨ ਨੂੰ ਦੱਸ ਦਿੱਤਾ। ਇਸ ਤਰ੍ਹਾਂ ਇਹ ਲੰਮੀ ਸਾਜ਼ਿਸ਼ ਹੋਈ ਏ, ਤੂੰ ਪਿਆ ਕਹਿੰਦਾ ਸੈਂ ਕਿ ਬਸ਼ੀਰਾਂ ਤੈਨੂੰ ਪਿਆਰ ਕਰਨ ਲੱਗ ਪਈ ਏ, ਉਹ ਤਾਂ ਤੈਨੂੰ ਫਸਾਉਣਾ ਚਾਹੁੰਦੀ ਸੀ, ਸੋ ਫਸਾ ਲਿਆ। ਵੇਖਿਆ ਈ ਜਨਾਨੀਆਂ ਦੇ ਚਲਿੱਤਰ, ਇੱਕੋ ਰਗੜਾ ਲੱਗਾ ਏ ਤੇ ਹੋਸ਼ ਟਿਕਾਣੇ ਨਹੀਂ ਰਹੀ।"

"ਬੜੀ ਹਰਾਮਜ਼ਦਗੀ ਕੀਤੀ ਏ ਕਾਸਿਮ ਨੇ। ਉਹਨੂੰ ਨਹੀਂ ਸੀ ਚਾਹੀਦਾ ਕਿ ਲੁਕ ਕੇ ਵਾਰ ਕਰਦਾ," ਨਾਸਿਰ ਖ਼ਾਂ ਨੇ ਕਿਹਾ।

"ਇਹਦੇ ਵਿਚ ਉਹਦਾ ਕੀ ਕਸੂਰ ਏ। ਉਹਨੂੰ ਹਾਕਮ ਨੇ ਕੰਮ ਸੌਂਪਿਆ ਤੇ ਉਸ ਨਿਭਾ ਦਿੱਤਾ। ਜੇਕਰ ਸਾਨੂੰ ਕਿਸੇ ਵਿਰੁੱਧ ਲੁਕ ਕੇ ਪੜਤਾਲ ਕਰਨ ਲਈ ਕਹੇ ਤਾਂ ਅਸੀਂ ਨਹੀਂ ਕਰਦੇ ਹੁੰਦੇ ?" ਹਬੀਬ ਬਖ਼ਸ਼ ਨੇ ਉੱਤਰ ਦਿੱਤਾ।

"ਜਾਂਦਾ ਬੇਸ਼ਕ, ਪਰ ਗੱਲਾਂ ਤਾਂ ਆ ਕੇ ਨਾ ਦੱਸਦਾ," ਨਾਸਿਰ ਖ਼ਾਂ ਨੇ ਕਿਹਾ।

"ਇਹ ਕੀ ਗੱਲ ਹੋਈ। ਕਿਉਂ ਨਾ ਦੱਸੇ। ਉਹਨੇ ਇਮਾਨਦਾਰੀ ਨਾਲ ਆਪਣਾ ਫ਼ਰਜ਼ ਨਿਭਾਇਆ ਏ। ਉਸਦਾ ਕਸੂਰ ਨਹੀਂ, ਕਸੂਰ ਸਾਰਾ ਤੇਰਾ ਆਪਣਾ ਏ ਜਿਹੜਾ ਝੱਟ ਹੀ ਬਸ਼ੀਰਾਂ 'ਤੇ ਡੁੱਲ੍ਹ ਪਿਆ ਏਂ," ਹਬੀਬ ਬਖ਼ਸ਼ ਨੇ ਕਾਸਿਮ ਖ਼ਾਂ ਨੂੰ ਨਿਰਦੋਸ਼ ਸਾਬਤ ਕੀਤਾ।

"ਕੁਝ ਵੀ ਹੋਵੇ ਮੈਂ ਕਾਸਿਮ ਖ਼ਾਂ ਤੋਂ ਬਦਲਾ ਲਵਾਂਗਾ," ਨਾਸਰਿ ਖ਼ਾਂ ਨੇ ਗੁੱਸੇ ਨਾਲ ਕਿਹਾ।

ਮੁਹੰਮਦ ਅਬਦੁਲ ਤੇ ਉਹਦੇ ਨਾਲ ਦੋ ਹੋਰ ਆਦਮੀ ਆ ਗਏ, ਜਿਸ ਕਾਰਨ ਉਹਨਾਂ ਗੱਲ-ਬਾਤ ਦਾ ਸਿਲਸਿਲਾ ਬੰਦ ਕਰ ਦਿੱਤਾ। ਬੜੇ ਗੰਭੀਰ ਜਿਹੇ ਨੇ ਆ ਕੇ ਹੱਥ ਮਿਲਾਇਆ ਤੇ ਨਾਲ ਪਏ ਮੂਹੜੇ 'ਤੇ ਬੈਠ ਗਿਆ। ਹਬੀਬ ਬਖ਼ਸ਼ ਉਹਦੀ ਗੱਲ ਸੁਣਨ ਲਈ ਉੱਠ ਕੇ ਬੈਠ ਗਿਆ।

"ਮਾਮਲਾ ਗੁੰਝਲਦਾਰ ਏ," ਮੁਹੰਮਦ ਅਬਦੁਲ ਨੇ ਕਿਹਾ।

"ਮੈਂ ਪਹਿਲਾਂ ਹੀ ਕਿਹਾ ਸੀ ਕਿ ਇਸ ਵਿਚ ਜ਼ਰੂਰ ਕੁਝ ਭੇਦ ਵਾਲੀ ਗੱਲ ਹੋਵੇਗੀ," ਨਾਸਿਰ ਖ਼ਾਂ ਨੇ ਆਪਣਾ ਮੂਹੜਾ ਥੋੜ੍ਹਾ ਖਿਸਕਾ ਕੇ ਹੋਰ ਅੱਗੇ ਕਰਦਿਆਂ ਕਿਹਾ।

"ਉਹ ਤਾਂ ਸਿਖ ਜਾਪਦਾ ਏ," ਮੁਹੰਮਦ ਅਬਦੁਲ ਨੇ ਕਿਹਾ।

"ਤੈਨੂੰ ਕਿਵੇਂ ਪਤਾ ਲੱਗਾ ਏ," ਹਬੀਬ ਬਖ਼ਸ਼ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਮੈਂ ਉਸ ਕੋਲ ਕੱਲ੍ਹ ਸਾਰਾ ਦਿਨ ਰਿਹਾ ਹਾਂ। ਉਸ ਨਾਲ ਬਹੁਤ ਸਾਰੀਆਂ ਗੱਲਾਂ ਕੀਤੀਆਂ ਸਨ ਪਰ ਉਹ ਕੁਝ ਵੀ ਹੱਥ-ਪੱਲੇ ਨਹੀਂ ਸੀ ਫੜਾਉਂਦਾ। ਅਖੀਰ ਮੈਂ ਰਾਤ ਨੂੰ ਉਸਦੀ ਝੁੱਗੀ ਦੁਆਲੇ ਪਹਿਰਾ ਲਾ ਦਿੱਤਾ। ਰਾਤ ਨੂੰ ਅਜੇ ਕੁੱਕੜ ਬਾਂਗ ਨਹੀਂ ਦਿੱਤੀ ਸੀ ਕਿ ਉੱਠਿਆ ਤੇ ਨਹਾਉਣ ਲੱਗ ਪਿਆ। ਉਸ ਨੇ ਧੋਤੀ ਦੇ ਹੇਠਾਂ ਸਿੱਖਾਂ ਵਾਂਗ ਹੀ ਬੰਦ ਜਿਹਾ ਕੱਛਾ ਗੋਡਿਆਂ ਤੱਕ ਪਾਇਆ ਹੋਇਆ ਸੀ। ਨਹਾ ਕੇ ਜਦ ਉਸ ਆਪਣੇ ਵਾਲ ਵਾਹੇ ਤਾਂ ਮੈਨੂੰ ਸ਼ੱਕ ਹੋ ਗਿਆ ਕਿ ਇਹ ਤਾਂ ਸਿਖ ਏ। ਉਹ ਜੂੜਾ ਨਹੀਂ ਕਰਦਾ ਪਰ ਵਾਲਾਂ ਨੂੰ ਵਾਹ ਕੇ ਉਸ ਠੱਪ ਕੇ ਉੱਪਰ ਪਗੜੀ ਬੰਨ੍ਹ ਲਈ ਸੀ। ਜਿਵੇਂ ਆਪਣੇ ਕੈਦੀ ਸਿਖ ਕੁਝ ਜ਼ਬਾਨੀ ਪੜ੍ਹਦੇ ਸਨ ਉਸੇ ਤਰ੍ਹਾਂ ਉਹ ਕੁਝ ਪੜ੍ਹਦਾ ਰਿਹਾ," ਮੁਹੰਮਦ ਅਬਦੁਲ ਨੇ ਸਾਰਾ ਕੁਝ ਵਿਸਥਾਰ ਨਾਲ ਦੱਸਿਆ।

"ਹੱਦ ਹੋ ਗਈ, ਸਿੱਖਾਂ ਨੇ ਤਾਂ ਕਮਾਲ ਕਰ ਦਿੱਤਾ ਏ। ਕਿਥੋਂ ਤਕ ਆਪਣੇ ਸੂਹੀਏ ਛੱਡੇ ਹੋਏ ਹਨ। ਅਸੀਂ ਕਹਿੰਦੇ ਸਾਂ ਕਿ ਉਨ੍ਹਾਂ ਨੂੰ ਕਿਵੇਂ ਪਤਾ ਲੱਗ ਜਾਂਦਾ ਏ ਕਿ ਅਸੀਂ ਕੀ ਕੁਝ ਕਰ ਰਹੇ ਹਾਂ। ਉਹ ਤਾਂ ਸਾਡੇ ਘਰ ਬੈਠੇ ਹੋਏ ਨੇ," ਨਾਸਿਰ ਖ਼ਾਂ ਨੇ ਕਿਹਾ।

"ਯਾਰ ਮੁਹੰਮਦ ਖ਼ਾਨ ਨੂੰ ਦੱਸਣਾ ਚਾਹੀਦਾ ਹੈ। ਇਹ ਮਾਮਲਾ ਢਿੱਲ ਪਾਣ ਵਾਲਾ ਨਹੀਂ," ਹਬੀਬ ਬਖ਼ਸ਼ ਨੇ ਸੁਝਾਅ ਦਿੱਤਾ।

"ਪਰ ਮੇਰੀ ਗੱਲ ਤਾਂ ਫਿਰ ਵੀ ਵਿੱਚੇ ਰਹੀ। ਇਹ ਵੀ ਤਾਂ ਪਤਾ ਕਰ ਲਓ ਕਿ ਬਸ਼ੀਰਾਂ ਤੇ ਮਾਲੀ ਦਾ ਸੰਬੰਧ ਕਿਵੇਂ ਬਣਿਆ ? ਮਾਲੀ ਮੇਰੇ ਮਾਮਲੇ ਵਿਚ ਕਿਵੇਂ ਆਇਆ ?"

"ਇਹ ਨਹੀਂ ਅਜੇ ਪਤਾ ਲੱਗ ਸਕਦਾ," ਮੁਹੰਮਦ ਅਬਦੁਲ ਨੇ ਕਿਹਾ, "ਉਹ ਬੜਾ ਚਲਾਕ ਏ ਤੇ ਹੱਥ-ਪੱਲੇ ਕੁਝ ਨਹੀਂ ਪੈਣ ਦੇਂਦਾ।"

"ਜਦ ਫੜ ਕੇ ਕੁਟਾਪਾ ਚਾੜ੍ਹਿਆ ਤਾਂ ਉਸ ਆਪੇ ਸਾਰਾ ਕੁਝ ਦੱਸ ਦੇਣਾ ਏ," ਹਬੀਬ ਬਖ਼ਸ਼ ਨੇ ਕਿਹਾ।

"ਸਿਖ ਨੂੰ ਕੁਟ ਕੇ ਮਨਾ ਲਵੇਂਗਾ ? ਕਿਸ ਦੁਨੀਆਂ ਵਿਚ ਵਸਦਾ ਏਂ ? ਇਹ ਤਾਂ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਨੇ। ਦੱਸ ਖਾਂ ਜਿੰਨੇ ਅੱਗੇ ਫੜੇ ਨੇ ਉਹਨਾਂ ਵਿਚੋਂ ਕਿਸੇ ਇਕ ਨੇ ਵੀ ਮਾਫ਼ੀ ਮੰਗੀ ਏ ਜਾਂ ਕੁਝ ਦੱਸਿਆ ? ਇਹ ਤਾਂ ਮਰਨ ਨੂੰ ਖੇਡ ਜਾਣਦੇ ਨੇ। ਜੇ ਉਹ ਸੱਚੀ ਮੁੱਚੀ ਸਿਖ ਏ ਤਾਂ ਉਹਨੂੰ ਕੋਈ ਨਹੀਂ ਮਨਾ ਸਕਦਾ," ਨਾਸਿਰ ਖ਼ਾਂ ਨੇ ਕਿਹਾ।

"ਇਕ ਵਾਰ ਮੇਰੇ ਹੱਥ ਵੀ ਲੱਗਣ ਦੇਹ, ਫਿਰ ਪੁੱਛੀਂ ਕਿ ਮੰਨਦੇ ਨੇ ਕਿ ਨਹੀਂ," ਹਬੀਬ ਬਖ਼ਸ਼ ਨੇ ਬੜੇ ਮਾਣ ਨਾਲ ਕਿਹਾ।

"ਫਿਰ ਤੂੰ ਹੀ ਚੱਲ ਮੇਰੇ ਨਾਲ ਤੇ ਯਾਰ ਮੁਹੰਮਦ ਖ਼ਾਨ ਨਾਲ ਗੱਲ ਕਰੀਏ," ਨਾਸਿਰ

ਖ਼ਾਂ ਨੇ ਕਿਹਾ। ਦੋਵੇਂ ਉਸੇ ਵੇਲੇ ਉੱਠ ਕੇ ਕਿਲ੍ਹੇ ਨੂੰ ਤੁਰ ਪਏ।

ਯਾਰ ਮੁਹੰਮਦ ਖ਼ਾਨ ਘੋੜੇ 'ਤੇ ਸਵਾਰ ਹੋ ਕੇ ਬਾਹਰ ਸੈਰ ਨੂੰ ਜਾ ਰਿਹਾ ਸੀ ਕਿ ਉਹ ਦੋਵੇਂ ਵੱਡੇ ਦਰਵਾਜ਼ੇ 'ਤੇ ਮਿਲ ਪਏ। ਨਾਸਿਰ ਖ਼ਾਂ ਨੇ ਸਲਾਮ ਕਰ ਕੇ ਕਿਹਾ, "ਜਨਾਬ ਕਿਧਰੇ ਬਾਹਰ ਚੱਲੇ ਨੇ?"

"ਹਾਂ, ਸੈਰ 'ਤੇ ਚੱਲਿਆ ਹਾਂ। ਕਿਉਂ ਜ਼ਰੂਰੀ ਕੰਮ ਏ?" ਯਾਰ ਮੁਹੰਮਦ ਖ਼ਾਨ ਨੇ ਪੁੱਛਿਆ।

"ਜੀ ਆ।"

"ਦੱਸੋ।"

ਇਕ ਪਾਸੇ ਲਿਜਾ ਕੇ ਨਾਸਿਰ ਖ਼ਾਂ ਨੇ ਕਿਹਾ, "ਤੁਹਾਡਾ ਮਾਲੀ ਸਿੱਖਾਂ ਦਾ ਜਾਸੂਸ ਏ।"

ਇਹ ਸੁਣਦਿਆਂ ਹੀ ਯਾਰ ਮੁਹੰਮਦ ਖ਼ਾਨ ਨੂੰ ਇਕ-ਦਮ ਗੁੱਸਾ ਚੜ੍ਹ ਗਿਆ। ਉਹ ਉੱਚੀ ਸਾਰੀ ਬੋਲ ਪਿਆ, "ਬਕਵਾਸ ਕਰਦਾ ਏਂ। ਮਾਲੀ ਨੇ ਤੇਰੀ ਕਰਤੂਤ ਦੱਸੀ ਸੀ ਇਸ ਲਈ ਉਸਨੂੰ ਵੀ ਜਾਸੂਸ ਕਹਿਣ ਲੱਗ ਪਿਆ ਏਂ। ਹਟ ਪਰ੍ਹੇ। ਨਾਸਿਰ ਖ਼ਾਂ ਮੈਂ ਤੇਰੇ ਤੋਂ ਬੜਾ ਤੰਗ ਹਾਂ। ਤੂੰ ਕਿਉਂ ਨਹੀਂ ਬੰਦਿਆਂ ਦੀ ਤਰ੍ਹਾਂ ਕੰਮ ਕਰਦਾ?" ਯਾਰ ਮੁਹੰਮਦ ਖ਼ਾਨ ਨੂੰ ਕਈ ਵਾਰ ਨਾਸਿਰ ਖ਼ਾਂ ਨੇ ਟੋਕਣ ਦਾ ਯਤਨ ਕੀਤਾ ਪਰ ਉਹ ਲਗਾਤਾਰ ਬੋਲਦਾ ਗਿਆ ਤੇ ਚੰਗੀ ਝਾੜ ਪਾ ਦਿੱਤੀ।

ਜਦ ਯਾਰ ਮੁਹੰਮਦ ਖ਼ਾਨ ਚੁੱਪ ਕੀਤਾ ਤਾਂ ਨਾਸਿਰ ਖ਼ਾਂ ਨੇ ਬੜੀ ਹੌਲੀ ਜਿਹੀ ਕਿਹਾ, "ਜਨਾਬ ਮੈਂ ਬਦਲੇ ਦੇ ਜਜ਼ਬੇ ਨਾਲ ਨਹੀਂ ਕਹਿ ਰਿਹਾ, ਇਹ ਹਕੀਕਤ ਹੈ। ਤੁਸੀਂ ਬੇਸ਼ੱਕ ਪਰਖ ਕੇ ਦੇਖ ਲਓ, ਉਹ ਸਿਖ ਸਾਬਤ ਹੋਵੇਗਾ। ਉਸਦੀ ਧੋਤੀ ਹੇਠ ਸਿੱਖਾਂ ਵਰਗਾ ਕੱਛਾ ਏ। ਸਿਰ 'ਤੇ ਵਾਲ ਪੂਰੇ ਹਨ। ਦਾੜ੍ਹੀ ਉਸ ਜਾਣ ਕੇ ਪੂਰਬੀਆਂ ਵਾਂਗ ਚਾੜ੍ਹੀ ਹੋਈ ਏ। ਜੇ ਮੇਰੇ 'ਤੇ ਇਤਬਾਰ ਨਹੀਂ ਤਾਂ ਹਬੀਬ ਬਖ਼ਸ਼ ਨੂੰ ਪੁੱਛ ਲਓ," ਨਾਸਿਰ ਖ਼ਾਂ ਨੇ ਕਿਹਾ।

"ਚੰਗਾ ਫਿਰ ਉਹਨੂੰ ਗ੍ਰਿਫ਼ਤਾਰ ਕਰ ਲਓ," ਯਾਰ ਮੁਹੰਮਦ ਖ਼ਾਨ ਨੇ ਕਿਹਾ, "ਪਰ ਇਹ ਯਾਦ ਰੱਖੋ ਜੇਕਰ ਉਹ ਸਿਖ ਜਾਂ ਸਿੱਖਾਂ ਦਾ ਜਾਸੂਸ ਸਾਬਤ ਨਾ ਕਰ ਸਕੇ ਤਾਂ ਤੁਹਾਨੂੰ ਦੋਹਾਂ ਨੂੰ ਸਖ਼ਤ ਸਜ਼ਾ ਦਿਆਂਗਾ। ਮੈਂ ਸੈਰ ਕਰ ਕੇ ਆਉਂਦਾ ਹਾਂ ਤੁਸੀਂ ਉਹਨੂੰ ਗ੍ਰਿਫ਼ਤਾਰ ਕਰਕੇ ਲੈ ਆਓ। ਅਜੇ ਉਹਨੂੰ ਹੋਰ ਕੁਝ ਨਹੀਂ ਕਹਿਣਾ। ਮੇਰੀ ਤਸੱਲੀ ਕਰਾ ਕੇ ਫਿਰ ਸਖ਼ਤੀ ਕੀਤੀ ਜਾ ਸਕੇਗੀ।"

ਯਾਰ ਮੁਹੰਮਦ ਖ਼ਾਨ ਘੋੜੇ 'ਤੇ ਸਵਾਰ ਹੋ ਕੇ ਚਲਾ ਗਿਆ ਤੇ ਇਹ ਦੋਵੇਂ ਖ਼ੁਸ਼ੀ ਖ਼ੁਸ਼ੀ ਯਾਰ ਮੁਹੰਮਦ ਖ਼ਾਨ ਦੇ ਮਹੱਲ ਵੱਲ ਟੁਰ ਪਏ।

15

ਭਾਗ ਸਿੰਘ ਇਸ ਗੱਲ 'ਤੇ ਬੜਾ ਪ੍ਰੇਸ਼ਾਨ ਸੀ ਕਿ ਦੋ ਦਿਨ ਤੋਂ ਉਹਨੂੰ ਪਿਸ਼ਾਵਰ ਤੋਂ ਕੋਈ ਇਤਲਾਹ ਨਹੀਂ ਮਿਲ ਰਹੀ। ਉੱਧਰੋਂ ਕਾਬਲ ਤੋਂ ਸ਼ਾਹੀ ਫ਼ੌਜਾਂ ਦੀ ਹਿੱਲਜੁਲ ਤੇ ਪਠਾਣੀ ਇਲਾਕਿਆਂ ਵੱਲ ਆਉਣ ਦੀਆਂ ਖ਼ਬਰਾਂ ਕੁਝ ਦਿਨ ਪਹਿਲਾਂ ਆਈਆਂ ਸਨ ਤੇ ਉਹਨਾਂ ਬਾਰੇ ਰੋਜ਼ ਹੀ ਪਿਸ਼ਾਵਰ ਤੋਂ ਇਤਲਾਹ ਆਇਆ ਕਰਦੀ ਸੀ ਜੋ ਸ: ਭਗਤ ਸਿੰਘ ਅੱਗੇ ਅਟਕ ਪਹੁੰਚਾਇਆ ਕਰਦੇ ਸਨ। ਇਸ ਮੰਤਵ ਲਈ ਉਹਨਾਂ ਕੁਝ ਭਰੋਸੇ ਯੋਗ ਪਠਾਣ ਵੀ ਰੱਖੇ ਹੋਏ ਸਨ ਜੋ ਸੁਨੇਹੇ ਪਹੁੰਚਾਣ ਦਾ ਕੰਮ ਕਰਦੇ ਸਨ।

ਸ: ਭਾਗ ਸਿੰਘ ਨੂੰ ਸ਼ੱਕ ਪੈ ਗਿਆ ਕਿ ਕਿਧਰੇ ਚਤਰ ਸਿੰਘ ਕਾਬੂ ਹੀ ਨਾ ਆ ਗਿਆ ਹੋਵੇ ਪਰ ਬਾਕੀ ਆਦਮੀਆਂ ਨੂੰ ਤਾਂ ਪਤਾ ਦੇਣਾ ਚਾਹੀਦਾ ਸੀ। ਫਿਰ ਉਹਨੂੰ ਖ਼ਿਆਲ ਆ ਗਿਆ ਕਿ ਅੱਜ-ਕੱਲ੍ਹ ਉਸ ਨੇ ਜੋ, ਨਵਾਂ ਟਿਕਾਣਾ ਬਣਾਇਆ ਹੈ ਉਸਦਾ ਸਿਵਾਏ ਚਤਰ ਸਿੰਘ ਤੋਂ ਹੋਰ ਕਿਸੇ ਨੂੰ ਪਤਾ ਨਹੀਂ ਇਸ ਲਈ ਚਤਰ ਸਿੰਘ ਤੋਂ ਬਿਨਾ ਹੋਰ ਕੋਈ ਪਹੁੰਚ ਨਹੀਂ ਸਕਦਾ।

"ਦੱਸੋ ਬਈ, ਹੁਣ ਕੀ ਕੀਤਾ ਜਾਏ," ਸ. ਭਾਗ ਸਿੰਘ ਨੇ ਸਾਥੀਆਂ ਤੋਂ ਸਲਾਹ ਪੁੱਛੀ।

ਇਕ ਸਿੰਘ ਨੇ ਕਿਹਾ, "ਜੇ ਹੁਕਮ ਕਰੋ ਤਾਂ ਜਾ ਕੇ ਪਤਾ ਕਰ ਆਉਂਦਾ ਹਾਂ। ਸ: ਚਤਰ ਸਿੰਘ ਮੈਨੂੰ ਬਾਗ ਵਿਚ ਮਿਲ ਪੈਣਗੇ।"

"ਚੰਗਾ ਫਿਰ ਜਾ ਕੇ ਪਤਾ ਕਰ," ਭਾਗ ਸਿੰਘ ਨੇ ਕਿਹਾ, "ਪਰ ਜਾਈਂ ਜ਼ਰਾ ਹੁਸ਼ਿਆਰੀ ਨਾਲ ਕਿਧਰੇ ਚਤਰ ਸਿੰਘ ਦਾ ਪਤਾ ਕਰਦਾ ਆਪ ਨਾ ਫਸ ਜਾਈਂ। ਜੇਕਰ ਉਹਦਾ ਪਤਾ ਨਾ ਲੱਗਾ ਤਾਂ ਤਾਂਗਿਆਂ ਦੇ ਅੱਡੇ 'ਤੇ ਚਲਾ ਜਾਈਂ ਉਥੇ ਤੈਨੂੰ ਮਿਹਰੂ ਟਾਂਗੇ ਵਾਲਾ ਮਿਲ ਪਵੇਗਾ, ਉਹਨੂੰ ਜਾ ਕੇ ਪੁੱਛ ਲਈਂ।"

"ਬਹੁਤ ਅੱਛਾ," ਕਹਿ ਕੇ ਜਗੀਰ ਸਿੰਘ ਉੱਠਿਆ ਤੇ ਭੇਸ ਬਦਲਣ ਲੱਗ ਪਿਆ। ਇਥੇ ਹੀ ਕਈ ਤਰ੍ਹਾਂ ਦੇ ਕੱਪੜੇ 'ਤੇ ਹੁਲੀਆ ਬਦਲਣ ਦਾ ਸਮਾਨ ਭਾਗ ਸਿੰਘ ਪਾਸ ਪਿਆ ਸੀ। ਜਦ ਤੁਰਨ ਲੱਗਾ ਤਾਂ ਸ: ਭਾਗ ਸਿੰਘ ਨੇ ਕਿਹਾ, "ਤੈਨੂੰ ਮਿਹਰੂ ਨੇ ਇਸ ਤਰ੍ਹਾਂ ਹੱਥ-ਪੱਲਾ ਨਹੀਂ ਫੜਾਣਾ। ਇਸ ਲਈ ਗੱਲ ਕਰਨ ਤੋਂ ਪਹਿਲਾਂ ਆਪਣੀ ਚੀਚੀ ਉਂਗਲੀ ਨਾਲ ਮੱਥਾ ਮਲੀਂ। ਉਹ ਝੱਟ ਸਮਝ ਜਾਏਗਾ ਕਿ ਤੂੰ ਸਾਡਾ ਭੇਜਿਆ ਆਦਮੀ ਏਂ। ਇਹ ਪਿਸ਼ਾਵਰ ਵਿਚ ਰਹਿੰਦੇ ਆਪਣੇ ਸਾਰੇ ਆਦਮੀਆਂ ਦੀ ਪਛਾਣ ਦਾ ਚਿੰਨ੍ਹ ਹੈ।"

ਜਗੀਰ ਸਿੰਘ ਉਸੇ ਵੇਲੇ ਘੋੜੇ 'ਤੇ ਸਵਾਰ ਹੋ ਗਿਆ ਤੇ ਪਿਸ਼ਾਵਰ ਨੂੰ ਚਲਾ ਗਿਆ। ਸ: ਭਾਗ ਸਿੰਘ ਫਿਰ ਸੋਚਾਂ ਦੇ ਵਹਿਣ ਵਿਚ ਪੈ ਗਿਆ ਕਿ ਆਖ਼ਰ ਪਿਸ਼ਾਵਰ ਵਿਚ ਮਾਮਲਾ ਕੀ ਹੋ ਗਿਆ ਹੈ। ਉਹਦਾ ਦਿਲ ਕਹਿੰਦਾ ਕਿ ਜ਼ਰੂਰ ਕੋਈ ਭਾਣਾ ਵਰਤ

ਗਿਆ ਹੈ, ਨਹੀਂ ਤਾਂ ਚਤਰ ਸਿੰਘ ਵਰਗਾ ਸਿਆਣਾ ਆਦਮੀ ਕਦੇ ਖੁੰਝ ਨਹੀਂ ਸਕਦਾ। ਉਹਨੂੰ ਖ਼ਿਆਲ ਆਇਆ ਕਿ ਕਿਧਰੇ ਮਿਹਰੂ ਹੀ ਨਾ ਵਿਕ ਗਿਆ ਹੋਵੇ ਅਤੇ ਉਸ ਨੇ ਹੀ ਦੁਸ਼ਮਣ ਨੂੰ ਸਾਰੀ ਗੱਲ ਨਾ ਦੱਸ ਦਿੱਤੀ ਹੋਵੇ। ਮੈਂ ਗ਼ਲਤੀ ਕੀਤੀ ਏ ਜਗੀਰ ਸਿੰਘ ਨੂੰ ਮਿਹਰੂ ਦਾ ਪਤਾ ਦੱਸਣ ਦੀ ਥਾਂ ਸਿੱਧਾ ਬਸ਼ੀਰਾਂ ਪਾਸ ਭੇਜਦਾ ਤਾਂ ਸਾਰੀ ਗੱਲ ਰਾਸ ਆ ਜਾਂਦੀ। ਬਸ਼ੀਰਾਂ ਨੇ ਜ਼ਰੂਰ ਪਤਾ ਕਰ ਦੇਣਾ ਸੀ। ਨਾਲੇ ਉਂਝ ਵੀ ਬਸ਼ੀਰਾਂ ਤੇ ਚਤਰ ਸਿੰਘ ਆਪਸ ਵਿਚ ਮਿਲਦੇ ਰਹਿੰਦੇ ਹਨ। ਇਸ ਲਈ ਉਹਨੂੰ ਜ਼ਰੂਰ ਪਤਾ ਹੋਵੇਗਾ। ਨਾਲੇ ਘਰ ਰਹਿੰਦਾ ਤੇ ਨਾਲੇ ਸਾਰੀ ਗੱਲ ਦਾ ਪਤਾ ਕਰ ਆਉਂਦਾ।

ਭਾਗ ਸਿੰਘ ਤੋਂ ਰਿਹਾ ਨਾ ਗਿਆ ਤੇ ਉਸ ਆਪਣੇ ਮਨ ਦੀ ਦੁਚਿੱਤੀ ਦੂਰ ਕਰਨ ਲਈ ਆਪ ਪਿਸ਼ਾਵਰ ਜਾਣ ਦਾ ਫ਼ੈਸਲਾ ਕਰ ਲਿਆ। ਆਪਣੇ ਸਾਥੀਆਂ ਨੂੰ ਇਕੱਠੇ ਕਰ ਕੇ ਭਾਗ ਸਿੰਘ ਨੇ ਕਿਹਾ, "ਮੈਂ ਆਪ ਪਿਸ਼ਾਵਰ ਜਾਣ ਦਾ ਫ਼ੈਸਲਾ ਕੀਤਾ ਏ ਤਾਕਿ ਅਸਲ ਹਾਲਤ ਦਾ ਅਨੁਮਾਨ ਲਾ ਸਕਾਂ। ਮੇਰਾ ਦਿਲ ਕਹਿੰਦਾ ਏ ਕਿ ਉਥੇ ਕੋਈ ਬਹੁਤ ਵੱਡੀ ਘਟਨਾ ਵਾਪਰ ਗਈ ਏ। ਮੇਰਾ ਦਿਲ ਕਦੇ ਇਤਨਾ ਬੇਚੈਨ ਨਹੀਂ ਸੀ ਹੋਇਆ ਜਿੰਨਾ ਅੱਜ ਏ। ਵਾਹਿਗੁਰੂ ਸੁੱਖ ਰੱਖੇ! ਇਹ ਜ਼ਰੂਰ ਕੋਈ ਖ਼ਾਸ ਗੱਲ ਹੋ ਗਈ ਏ।"

"ਅਸੀਂ ਇਸ ਹੱਕ ਵਿਚ ਨਹੀਂ ਕਿ ਤੁਸੀਂ ਆਪ ਪਿਸ਼ਾਵਰ ਜਾਓ। ਤੁਹਾਡੇ ਬਿਨਾਂ ਸਾਰਾ ਕੰਮ ਹੀ ਚੌੜ-ਚਪੱਟ ਹੋ ਜਾਏਗਾ। ਤੁਸੀਂ ਇਥੇ ਬੈਠ ਕੇ ਸਾਰੇ ਪਾਸੇ ਦਾ ਕੰਮ ਸਾਂਭਿਆ ਹੋਇਆ ਹੈ ਪਰ ਜੇ ਤੁਸੀਂ ਚਲੇ ਗਏ ਤਾਂ ਸਾਰਾ ਮਾਮਲਾ ਵਿਗੜ ਜਾਏਗਾ। ਵਾਹਿਗੁਰ ਨਾ ਕਰੇ ਜੇਕਰ ਤੁਸੀਂ ਕਿਧਰੇ ਕਾਬੂ ਆ ਗਏ ਤਾਂ ਫਿਰ ਕੀ ਬਣੇਗਾ। ਸਾਰਾ ਕੰਮ ਹੀ ਖ਼ਤਮ ਹੋ ਜਾਏਗਾ। ਕੀ ਹੋਇਆ ਜੇ ਚਤਰ ਸਿੰਘ ਨੂੰ ਕੁਝ ਹੋ ਗਿਆ। ਅੱਵਲ ਤਾਂ ਉਹ ਵੀ ਠੀਕ ਹੋਣਾ ਏ। ਹੋ ਸਕਦਾ ਏ ਕੋਈ ਖ਼ਾਸ ਰੁਝੇਵਾਂ ਆ ਪਿਆ ਹੋਵੇ, ਆਖ਼ਰ ਉਹ ਨੌਕਰ ਏ ਤੇ ਮਾਲੀ ਨੂੰ ਕਈ ਕੰਮ ਪੈ ਸਕਦੇ ਹਨ। ਤੁਸੀਂ ਐਵੇਂ ਚਿੰਤਾ ਕਰ ਰਹੇ ਹੋ," ਇੱਕ ਸਾਥੀ ਨੇ ਕਿਹਾ।

"ਤੁਸੀਂ ਅੱਜ ਸਾਰਾ ਦਿਨ ਬੜਾ ਕੰਮ ਕੀਤਾ ਏ, ਇਸ ਲਈ ਥੱਕੇ ਹੋਏ ਹੋ ਤੇ ਉਸ ਕਾਰਨ ਮਨ ਨੂੰ ਬੇਚੈਨੀ ਹੋਵੇਗੀ। ਮੈਂ ਨਹੀਂ ਸਮਝਦਾ ਕਿ ਚਤਰ ਸਿੰਘ ਵੀ ਕਾਬੂ ਆ ਸਕਦਾ ਏ," ਦੂਜੇ ਨੇ ਕਿਹਾ।

"ਨਹੀਂ, ਥਕਾਵਟ ਤੇ ਬੇਚੈਨੀ ਵੱਖਰੀਆਂ ਚੀਜ਼ਾਂ ਨੇ। ਇਹ ਥਕਾਵਟ ਦਾ ਅਸਰ ਨਹੀਂ ਹੋ ਸਕਦਾ," ਸ: ਭਾਗ ਸਿੰਘ ਨੇ ਕਿਹਾ।

ਉੱਠ ਕੇ ਕੱਪੜੇ ਬਦਲੇ ਤੇ ਭੇਸ ਬਦਲ ਕੇ ਬੜੀ ਅਜੀਬ ਜਿਹੀ ਸ਼ਕਲ ਵਾਲਾ ਮੌਲਵੀ ਬਣ ਗਿਆ। ਸਿਰ 'ਤੇ ਮੌਲਵੀਆਂ ਵਾਲੀ ਪਗੜੀ ਬੰਨ੍ਹ ਕੇ ਲੱਕ ਸਲਵਾਰ ਪਾ ਲਈ।

"ਨਹੀਂ ਸਰਦਾਰ ਜੀ, ਇਸ ਤਰ੍ਹਾਂ ਨਾ ਜਾਓ। ਅੱਗੇ ਤੁਸੀਂ ਸਿਹਤ ਦਾ ਉੱਕਾ ਕੋਈ ਖ਼ਿਆਲ ਨਹੀਂ ਰਖਦੇ," ਇਕ ਸਿੰਘ ਨੇ ਬੜੇ ਮਾਣ ਨਾਲ ਗਿਲਾ ਕਰਦਿਆਂ ਕਿਹਾ।

"ਕੀ ਏ ਮੇਰੀ ਸਿਹਤ ਨੂੰ। ਹੁਣ ਵੀ ਤੁਹਾਡੇ ਤੋਂ ਤਕੜਾ ਹਾਂ," ਭਾਗ ਸਿੰਘ ਨੇ ਕਿਹਾ ਤੇ ਘੋੜਾ ਲੈ ਕੇ ਜੰਗਲ ਤੋਂ ਬਾਹਰ ਆ ਗਿਆ।

ਰਾਤ ਦਾ ਹਨੇਰਾ ਚਾਰੇ ਪਾਸੇ ਪਸਰ ਚੁੱਕਿਆ ਸੀ ਤੇ ਥੋੜ੍ਹੀ ਦੂਰ ਤੋਂ ਆਦਮੀ ਪਛਾਣਿਆ ਜਾ ਸਕਦਾ ਸੀ। ਅਕਾਸ਼ 'ਤੇ ਕਾਲੇ ਸਿਆਹ ਬੱਦਲ ਛਾਏ ਹੋਏ ਸਨ ਤੇ ਇਉਂ ਜਾਪਦਾ ਸੀ ਕਿ ਹੁਣ ਮੀਂਹ ਪਏਗਾ। ਠੰਢੀ ਠੰਢੀ ਹਵਾ ਦੇ ਬੁੱਲੇ ਆ ਕੇ ਭਾਗ ਸਿੰਘ ਦੇ ਦਾਹੜੇ ਨਾਲ ਟਕਰਾਂਦੇ ਤੇ ਸਾਰੇ ਸਰੀਰ ਨੂੰ ਠੰਢਕ ਪਹੁੰਚਾਂਦੇ। ਘੋੜਾ ਆਪਣੀ ਪੂਰੀ ਸ਼ਕਤੀ ਨਾਲ ਜ਼ੋਰ ਲਾ ਕੇ ਦੌੜ ਰਿਹਾ ਸੀ।

ਜਦ ਹਨੇਰਾ ਬਹੁਤ ਵਧ ਗਿਆ ਤਾਂ ਅੱਗੇ ਸਫ਼ਰ ਕਰਨਾ ਔਖਾ ਹੋ ਗਿਆ। ਸ: ਭਾਗ ਸਿੰਘ ਨੇ ਘੋੜੇ ਨੂੰ ਹੌਲੀ ਕਰ ਲਿਆ ਤੇ ਉਹਦੀਆਂ ਵਾਗਾਂ ਢਿੱਲੀਆਂ ਛੱਡ ਦਿੱਤੀਆਂ ਤਾਕਿ ਉਹ ਆਪਣੀਆਂ ਅੱਖਾਂ ਦੀ ਜੋਤੀ ਨਾਲ ਰਾਹ ਲੱਭ ਕੇ ਟੁਰਿਆ ਚੱਲੇ।

ਅੱਧੀ ਰਾਤ ਤੋਂ ਕੁਝ ਚਿਰ ਪਿਛੋਂ ਪਿਸ਼ਾਵਰ ਸ਼ਹਿਰ ਦੇ ਬਾਹਰਲੇ ਹਿੱਸੇ ਵਿਚ ਭਾਗ ਸਿੰਘ ਦੇ ਘੋੜੇ ਨੇ ਪੈਰ ਰੱਖਿਆ ਹੀ ਸੀ ਕਿ ਮੀਂਹ ਜ਼ੋਰ ਨਾਲ ਵੱਸਣ ਲੱਗ ਪਿਆ। ਭਾਗ ਸਿੰਘ ਇਸਦੀ ਪਰਵਾਹ ਕੀਤੇ ਬਿਨਾਂ ਅੱਗੇ ਟੁਰਦਾ ਗਿਆ। ਝੱਟ ਹੀ ਮੀਂਹ ਇਤਨਾ ਜ਼ੋਰ ਦਾ ਹੋ ਗਿਆ ਕਿ ਘੋੜੇ ਲਈ ਅੱਗੇ ਕਦਮ ਪੁੱਟਣਾ ਔਖਾ ਹੋ ਗਿਆ। ਸ: ਭਾਗ ਸਿੰਘ ਹੁਣ ਇਕ ਗਲੀ ਵਿਚ ਪਹੁੰਚ ਚੁੱਕੇ ਸਨ। ਉਥੇ ਇਕ ਵਰਾਂਡਾ ਦੇਖ ਕੇ ਸ: ਭਾਗ ਸਿੰਘ ਉਸ ਵੱਲ ਵਧੇ, ਜ਼ੋਰ ਨਾਲ ਬਿਜਲੀ ਲਿਸ਼ਕੀ ਤੇ ਉਹਦੇ ਚਾਨਣ ਵਿਚ ਦੇਖਿਆ ਕਿ ਵਰਾਂਡਾ ਬਿਲਕੁਲ ਖ਼ਾਲੀ ਸੀ। ਸ: ਭਾਗ ਸਿੰਘ ਨੇ ਘੋੜਾ ਉਸ ਵਿਚ ਖੜਾ ਕਰ ਦਿੱਤਾ ਤੇ ਆਪ ਉਤਰ ਕੇ ਕੱਪੜੇ ਨਿਚੋੜਨ ਲੱਗ ਪਏ।

ਮੀਂਹ ਝੱਟ ਪਿਛੋਂ ਬੰਦ ਹੋ ਗਿਆ। ਆਕਾਸ਼ ਤੋਂ ਬੱਦਲ ਖ਼ਤਮ ਹੋ ਗਏ ਤੇ ਚੰਦਰਮਾ ਵੀ ਚੜ੍ਹ ਆਇਆ। ਇਸ ਨਾਲ ਕੁਝ ਚਾਨਣ ਹੋ ਗਿਆ। ਭਾਗ ਸਿੰਘ ਨੇ ਘੋੜੇ ਦੀ ਪਿੱਠ 'ਤੇ ਹੱਥ ਫੇਰਿਆ।

ਵਰਾਂਡੇ ਦੇ ਪਿਛਲੇ ਪਾਸਿਉਂ ਇਕ ਦਰਵਾਜ਼ਾ ਖੁੱਲ੍ਹਿਆ ਤੇ ਇਕ ਬੁੱਢੀ ਜਿਹੀ ਮਾਈ ਨੇ ਦਰਵਾਜ਼ੇ ਵਿਚੋਂ ਮੂੰਹ ਬਾਹਰ ਕੱਢ ਕੇ ਧਿਆਨ ਨਾਲ ਦੇਖਿਆ ਤੇ ਪੁੱਛਿਆ, "ਕੌਣ ਏ ?"

"ਆਪ ਹੀ ਹਾਂ," ਭਾਗ ਸਿੰਘ ਨੇ ਉੱਤਰ ਦਿੱਤਾ।

"ਆਪ ਕੌਣ ?" ਬੁੱਢੀ ਨੇ ਕਿਹਾ ਤੇ ਦੀਵਾ ਚੁੱਕ ਲਿਆਈ। ਉਹਦੇ ਚਾਨਣ ਵਿਚ ਉਸ ਦੇਖਿਆ ਤੇ ਫਿਰ ਭਾਗ ਸਿੰਘ ਦੇ ਬੋਲਣ ਤੋਂ ਪਹਿਲਾਂ ਹੀ ਬੋਲੀ, "ਮੌਲਵੀ ਜੀ, ਤੁਸੀਂ ਬਾਹਰ ਹੀ ਖੜੇ ਹੋ ਰਹੇ ਹੋ। ਅੰਦਰ ਆ ਜਾਣਾ ਸੀ।" ਬੁੱਢੀ ਨੇ ਸਮਝਿਆ ਕਿ ਉਹਨਾਂ ਦੇ ਮੁਹੱਲੇ ਦੀ ਮਸੀਤ ਦਾ ਮੌਲਵੀ ਏ।

"ਕੋਈ ਗੱਲ ਨਹੀਂ," ਭਾਗ ਸਿੰਘ ਨੇ ਕਿਹਾ।

"ਇਹ ਘੋੜੀ ਹੁਣ ਖ਼ਰੀਦੀ ਜੇ ?" ਬੁੱਢੀ ਨੇ ਬਾਹਰ ਵਰਾਂਡੇ ਵਿਚ ਆ ਕੇ ਪੁੱਛਿਆ। ਭਾਗ ਸਿੰਘ ਸਮਝ ਗਿਆ ਕਿ ਇਹ ਭੁਲੇਖੇ ਵਿਚ ਏ। ਹੁਣ ਉਹ ਕੀ ਉੱਤਰ ਦੇਵੇ। ਉਹ ਚੁੱਪ ਹੀ ਰਿਹਾ ਤੇ ਘੋੜੇ ਨੂੰ ਫੜ ਕੇ ਬਾਹਰ ਗਲੀ ਵੱਲ ਮੁੜਿਆ। ਬੁੱਢੀ ਨੇ ਅੱਗੇ ਹੋ ਕੇ ਘੋੜੇ ਦੀਆਂ ਵਾਗਾਂ ਫੜ ਲਈਆਂ ਤੇ ਕਿਹਾ, "ਚੱਲੇ ਕਿਧਰ ਹੋ। ਮੈਂ ਐਂਵੇਂ ਨਹੀਂ ਜਾਣ ਦੇਣਾ, ਮਸਾਂ ਕਿਧਰੇ ਗ਼ਰੀਬਾਂ ਦੇ ਘਰ ਫੇਰਾ ਪਾਇਆ ਜੇ। ਸ਼ੁਕਰ ਏ ਅੱਲਾ ਦਾ ਜਿਸ ਮੀਂਹ ਵਸਾ ਕੇ ਤੁਹਾਨੂੰ ਵੀ ਇਥੇ ਰੁਕਣ ਲਈ ਮਜਬੂਰ ਕਰ ਦਿੱਤਾ ਏ।"

ਬੁੱਢੀ ਦੀ ਮਰਜ਼ੀ ਸਮਝ ਕੇ ਭਾਗ ਸਿੰਘ ਪਰਤ ਗਿਆ। ਘੋੜੇ ਨੂੰ ਵਰਾਂਡੇ ਵਿਚ ਹੀ ਇਕ ਕਿੱਲੀ ਨਾਲ ਬੰਨ੍ਹ ਕੇ ਬੁੱਢੀ ਦੇ ਪਿੱਛੇ ਪਿੱਛੇ ਅੰਦਰ ਲੰਘ ਗਿਆ। ਭਾਗ ਸਿੰਘ ਇਕ ਮੰਜੇ 'ਤੇ ਬੈਠ ਗਿਆ ਤੇ ਚਾਰੇ ਪਾਸੇ ਨਜ਼ਰ ਦੁੜਾ ਕੇ ਦੇਖੀ ਤੇ ਇਸ ਗੱਲ ਦਾ ਪਤਾ ਲਾ ਲਿਆ ਕਿ ਇਸ ਘਰ ਵਿਚ ਹੋਰ ਕੋਈ ਨਹੀਂ। ਇਹ ਬੁੱਢੀ ਇਕੱਲੀ ਹੀ ਰਹਿੰਦੀ ਏ। ਭਾਗ ਸਿੰਘ ਨੇ ਬੁੱਢੀ ਦੀਆਂ ਬਹੁਤੀਆਂ ਗੱਲਾਂ ਦਾ ਉੱਤਰ ਹੀ ਨਾ ਦਿੱਤਾ ਤੇ ਅਣਸੁਣੀਆਂ ਕਰ ਦਿੱਤੀਆਂ। ਉਹ ਡਰਦਾ ਸੀ ਕਿ ਜੇਕਰ ਇਸ ਨੇ ਆਵਾਜ਼ ਪਛਾਣ ਲਈ ਤਾਂ ਫਿਰ ਕੀ ਬਣੇਗਾ। ਉਹਦਾ ਜੀ ਕੀਤਾ ਕਿ ਬੁੱਢੀ ਨੂੰ ਦੱਸ ਦਏ ਕਿ ਉਹ ਬਾਹਰੋਂ ਆਇਆ ਏ, ਪਰ ਝਕ ਗਿਆ।

"ਇਸ ਵੇਲੇ ਕਿੱਧਰੋਂ ਆਏ ਸੀ ?" ਬੁੱਢੀ ਨੇ ਫਿਰ ਸਵਾਲ ਕੀਤਾ।

"ਨੌਸ਼ਹਿਰੇ ਤੋਂ," ਭਾਗ ਸਿੰਘ ਨੇ ਕਿਹਾ।

"ਉਥੇ ਕੀ ਕਰਨ ਗਏ ਸੀ ?" ਬੁੱਢੀ ਨੇ ਪੁੱਛਿਆ।

"ਮੈਂ ਉਥੇ ਹੀ ਰਹਿੰਦਾ ਹਾਂ," ਭਾਗ ਸਿੰਘ ਨੇ ਕਿਹਾ, "ਮਾਈ ਜੀ ਤੁਹਾਨੂੰ ਭੁਲੇਖਾ ਏ। ਮੈਂ ਪਿਸ਼ਾਵਰ ਦਾ ਰਹਿਣ ਵਾਲਾ ਨਹੀਂ।"

"ਕੋਈ ਗੱਲ ਨਹੀਂ ਪੁੱਤਰ, ਮੈਂ ਸਮਝਿਆ ਸਾਡੇ ਮੁਹੱਲੇ ਦੀ ਮਸੀਤ ਦਾ ਮੌਲਵੀ ਏਂ। ਤੂੰ ਵੀ ਪੁੱਤਰ ਮੌਲਵੀ ਲਗਦਾ ਏਂ। ਇਥੇ ਕਿਵੇਂ ਆਇਆ ਸੈਂ ਇਤਨੀ ਰਾਤ ਪਈ ਨੂੰ ?" ਬੁੱਢੀ ਨੇ ਪੁੱਛਿਆ।

"ਮੈਨੂੰ ਉਮਰ ਹਯਾਤ ਖ਼ਾਨ ਨਾਲ ਕੰਮ ਸੀ। ਹੈ ਨਾ ਫ਼ੌਜੀ ਜੋ ਹੁਣੇ ਨੌਸ਼ਹਿਰੇ ਤੋਂ ਆਇਆ ਏ," ਭਾਗ ਸਿੰਘ ਨੇ ਮਾਈ ਨੂੰ ਦੱਸਿਆ। ਭਾਗ ਸਿੰਘ ਨੂੰ ਉਮਰ ਹਯਾਤ ਖ਼ਾਨ ਦੇ ਘਰ ਦਾ ਪਤਾ ਨਹੀਂ ਸੀ, ਇਸ ਲਈ ਉਹਨੇ ਮਾਈ ਤੋਂ ਪੁੱਛਿਆ ਕਿ ਸ਼ਾਇਦ ਇਹ ਦੱਸ ਦੇਵੇ ਤੇ ਫਿਰ ਛੇਤੀ ਘਰ ਲੱਭ ਪਵੇ।

"ਜਿਸ ਦੀ ਧੀ ਫਾਤਮਾ ਏ ?" ਬੁੱਢੀ ਨੇ ਪੁੱਛਿਆ। ਉਹਨੂੰ ਉਮਰ ਹਯਾਤ ਖ਼ਾਨ ਦਾ ਨਹੀਂ ਸੀ ਪਤਾ ਪਰ ਫਾਤਮਾ ਨੂੰ ਜਾਣਦੀ ਸੀ ਕਿਉਂਕਿ ਉਹ ਇਹਦੀ ਪੋਤਰੀ ਰਹੀਮਾ ਦੀ ਸਹੇਲੀ ਸੀ ਤੇ ਜਦੋਂ ਫਾਤਮਾ ਨੌਸ਼ਹਿਰੇ ਤੋਂ ਪਿਸ਼ਾਵਰ ਆਈ ਤਾਂ ਉਹ ਰਹੀਮਾ ਦੇ

ਕਹਿਣ 'ਤੇ ਬੁੱਢੀ ਨੂੰ ਮਿਲਣ ਆਈ ਸੀ। ਬੁੱਢੀ ਨੇ ਇਸ ਲਈ ਫਾਤਮਾ ਦਾ ਨਾਂ ਲਿਆ ਕਿਉਂਕਿ ਉਹ ਜਾਣਦੀ ਸੀ ਕਿ ਉਹਨਾਂ ਦਾ ਟੱਬਰ ਹੀ ਨੌਸ਼ਹਿਰੇ ਤੋਂ ਆਇਆ ਏ।

"ਆਹੋ, ਫਾਤਮਾ ਦੇ ਪਿਉ ਦਾ ਨਾਮ ਹੀ ਉਮਰ ਹਯਾਤ ਖ਼ਾਨ ਏ।"

"ਉਹ ਇਸੇ ਗਲੀ ਦੇ ਸਿਰੇ 'ਤੇ ਜਾ ਕੇ ਖੱਬੇ ਪਾਸੇ ਵੱਡਾ ਸਾਰਾ ਪੱਕਾ ਮਕਾਨ ਏ ਉਸ ਵਿਚ ਰਹਿੰਦੇ ਨੇ," ਬੁੱਢੀ ਨੇ ਦੱਸਿਆ। ਭਾਗ ਸਿੰਘ ਨੇ ਉੱਠ ਕੇ ਘੋੜਾ ਖੋਲ੍ਹਿਆ ਤੇ ਟੁਰ ਗਿਆ।

16

ਜਦੋਂ ਜਾ ਕੇ ਭਾਗ ਸਿੰਘ ਨੇ ਦਰਵਾਜ਼ਾ ਖੜਕਾਇਆ, ਬਸ਼ੀਰਾਂ ਹੋਰਾਂ ਦਾ ਸਾਰਾ ਪਰਿਵਾਰ ਅਜੇ ਸੁੱਤਾ ਪਿਆ ਸੀ।

"ਕੌਣ ਏ ?" ਬਸ਼ੀਰਾਂ ਨੇ ਆਵਾਜ਼ ਦਿੱਤੀ ਜੋ ਕਿ ਡਿਉਢੀ ਵਿਚ ਹੀ ਸੁੱਤੀ ਪਈ ਸੀ।"

"ਦਰਵਾਜ਼ਾ ਖੋਲ੍ਹੋ," ਬੜੀ ਨੀਵੀਂ ਜਿਹੀ ਆਵਾਜ਼ ਵਿਚ ਭਾਗ ਸਿੰਘ ਨੇ ਕਿਹਾ। ਬਸ਼ੀਰਾਂ ਨੂੰ ਆਵਾਜ਼ ਤਾਂ ਜਾਣੀ-ਪਛਾਣੀ ਪ੍ਰਤੀਤ ਹੋਈ। ਉਸ ਝੱਟ ਉੱਠ ਕੇ ਦਰਵਾਜ਼ਾ ਖੋਲ੍ਹਿਆ ਤੇ ਥੋੜ੍ਹੀ ਜਿਹੀ ਵਿੱਥ ਵਿਚੋਂ ਪਛਾਣਨ ਦਾ ਯਤਨ ਕੀਤਾ। ਬਾਹਰ ਇਕ ਮੌਲਵੀ ਖੜਾ ਸੀ ਪਰ ਨਾਲ ਹੀ ਉਹਦੇ ਘੋੜਾ ਸੀ। ਪਹਿਲਾਂ ਤਾਂ ਬਸ਼ੀਰਾਂ ਨੂੰ ਖ਼ਿਆਲ ਆਇਆ ਕਿ ਸ਼ਾਇਦ ਕੋਈ ਮੌਲਵੀ ਉਹਦੇ ਪਿਤਾ ਜੀ ਨਾਲ ਕੋਈ ਗੱਲ ਕਰਨ ਆਇਆ ਹੋਵੇ, ਪਰ ਜਦ ਘੋੜਾ ਦੇਖਿਆ ਤਾਂ ਉਹਨੂੰ ਖ਼ਿਆਲ ਆਇਆ ਕਿ ਇਹ ਇਥੋਂ ਦਾ ਕੋਈ ਆਦਮੀ ਨਹੀਂ ਪਰਦੇਸੀ ਹੋਵੇਗਾ। ਇਸੇ ਦੁਚਿੱਤੀ ਵਿਚ ਹੀ ਉਸ ਦਰਵਾਜ਼ਾ ਪੂਰਾ ਖੋਲ੍ਹ ਕੇ ਪੁੱਛਿਆ, "ਦੱਸੋ ਜੀ, ਤੁਸੀਂ ਕਿਸ ਨੂੰ ਮਿਲਣਾ ਏ ?"

"ਤੁਹਾਨੂੰ," ਮੁਸਕਰਾਂਦਿਆਂ ਭਾਗ ਸਿੰਘ ਨੇ ਕਿਹਾ।

"ਮੈਨੂੰ ?" ਬੜੀ ਹੈਰਾਨ ਹੋ ਕੇ ਬਸ਼ੀਰਾਂ ਨੇ ਫਿਰ ਸਵਾਲ ਕੀਤਾ।

"ਜੀ ਆ।"

"ਤੁਸੀਂ ਕੌਣ ਹੋ ?" ਬਸ਼ੀਰਾਂ ਨੇ ਗਹੁ ਨਾਲ ਚਿਹਰੇ ਵੱਲ ਦੇਖਿਆ।

"ਮੈਂ ਬੰਦਾ ਹਾਂ," ਭਾਗ ਸਿੰਘ ਨੇ ਘੋੜੇ ਨੂੰ ਵੀ ਡਿਉਢੀ ਵਿਚ ਲਿਆ ਕੇ ਕਿਹਾ, "ਚੰਗਾ ਹੁਣ ਦਰਵਾਜ਼ਾ ਜ਼ਰਾ ਬੰਦ ਕਰ ਦਿਓ।" ਨਾਲ ਹੀ ਉਹਦਾ ਹਾਸਾ ਨਿਕਲ ਗਿਆ। ਹੁਣ ਉਹਦੇ ਹੱਸਣ ਤੋਂ ਬਸ਼ੀਰਾਂ ਨੇ ਪਛਾਣ ਲਿਆ ਕਿ ਇਹ ਤਾਂ, ਸ: ਭਾਗ ਸਿੰਘ

ਏ। ਉਹਨੇ ਮੁਸਕਰਾਂਦਿਆਂ ਕਿਹਾ, "ਹੁਣ ਮੈਂ ਪਛਾਣ ਲਿਆ ਏ," ਝੱਟ ਹੀ ਜਾ ਕੇ ਦਰਵਾਜ਼ਾ ਬੰਦ ਕਰ ਦਿੱਤਾ।

"ਬੱਸ, ਪਛਾਣਨ ਵਿਚ ਏਨੀ ਦੇਰ ਲਾ ਦਿੱਤੀ?" ਭਾਗ ਸਿੰਘ ਨੇ ਮੰਜੇ 'ਤੇ ਬੈਠਦਿਆਂ ਕਿਹਾ, "ਪਹਿਲਾਂ ਮੈਨੂੰ ਇਹ ਦੱਸ ਕਿ ਚਤਰ ਸਿੰਘ ਦਾ ਕੀ ਹਾਲ ਏ? ਉਹ ਕਈ ਦਿਨਾਂ ਤੋਂ ਸਾਨੂੰ ਨਾ ਆਪ ਮਿਲਣ ਆਇਆ ਏ ਤੇ ਨਾ ਹੀ ਉਹਦੀ ਇਤਲਾਹ ਏ। ਮੈਂ ਉਹਦਾ ਪਤਾ ਕਰਨ ਲਈ ਆਪ ਉਚੇਚਾ ਆਇਆ ਹਾਂ।"

"ਉਹ ਤਾਂ ਫੜਿਆ ਗਿਆ ਏ," ਬਸ਼ੀਰਾਂ ਨੇ ਇਕ ਠੰਢਾ ਸਾਹ ਤੇ ਹਉਕਾ ਲੈਂਦਿਆਂ ਕਿਹਾ।

"ਹੈਂ, ਉਹ ਕਿਵੇਂ ਫੜਿਆ ਗਿਆ, ਇਹ ਤਾਂ ਬੜੀ ਮਾੜੀ ਗੱਲ ਹੋਈ!" ਭਾਗ ਸਿੰਘ ਨੇ ਕਿਹਾ ਤੇ ਸੋਚਾਂ ਵਿਚ ਪੈ ਗਿਆ।

"ਉਹ ਵਿਚਾਰਾ ਵੀ ਸਾਡੇ ਕਾਰਨ ਕਾਬੂ ਆ ਗਿਆ ਏ," ਬਸ਼ੀਰਾਂ ਨੇ ਸਿਰ ਨੀਵਾਂ ਪਾ ਕੇ ਕਿਹਾ।

"ਮੈਨੂੰ ਸਾਰੀ ਗੱਲ ਦਾ ਪਤਾ ਲੱਗਣਾ ਚਾਹੀਦਾ ਹੈ," ਭਾਗ ਸਿੰਘ ਨੇ ਉਤਾਵਲੇ ਹੋ ਕੇ ਪੁੱਛਿਆ।

"ਤੁਸੀਂ ਸੁਣਿਆ ਹੋਵੇਗਾ," ਬਸ਼ੀਰਾਂ ਨੇ ਕਹਿਣਾ ਸ਼ੁਰੂ ਕੀਤਾ, "ਚਤਰ ਸਿੰਘ ਨਾਲ ਸਲਾਹ ਕਰਕੇ ਅਸੀਂ ਨਾਸਿਰ ਖ਼ਾਂ ਨੂੰ ਫਸਾ ਦਿੱਤਾ ਸੀ। ਫਿਰ ਉਹਨੂੰ ਪਤਾ ਲੱਗ ਗਿਆ ਕਿ ਇਸ ਸਾਜ਼ਿਸ਼ ਵਿਚ ਮਾਲੀ ਵੀ ਸ਼ਾਮਿਲ ਏ। ਬੱਸ ਫਿਰ ਫ਼ੌਜ ਭੇਜ ਕੇ ਉਹਨੂੰ ਫੜ ਲਿਆ ਗਿਆ। ਸਾਨੂੰ ਜੇ ਝੱਟ ਪਹਿਲਾਂ ਪਤਾ ਲੱਗ ਜਾਂਦਾ ਤਾਂ ਉਹਨੂੰ ਭਜਾ ਦੇਣਾ ਸੀ, ਪਰ ਇਹ ਸਾਰੀ ਗੱਲ ਇੰਨੀ ਗੁੱਝੀ ਰਹੀ ਏ ਕਿ ਕਿਸੇ ਨੂੰ ਵੀ ਪਤਾ ਨਹੀਂ ਲੱਗਾ। ਹੁਣ ਸੁਣਿਆ ਏ ਕਿ ਉਹਨੂੰ ਕੁੱਟ-ਮਾਰ ਰਹੇ ਨੇ ਤਾਕਿ ਉਸ ਤੋਂ ਸਾਰਾ ਭੇਦ ਜਾਣ ਸਕਣ।"

"ਇਸ ਤਰ੍ਹਾਂ ਉਹ ਕੁਝ ਨਹੀਂ ਪਤਾ ਕਰ ਸਕਣਗੇ। ਸ. ਚਤਰ ਸਿੰਘ ਇੰਨਾ ਕੱਚਾ ਨਹੀਂ ਕਿ ਉਹਨਾਂ ਦੀਆਂ ਸਖ਼ਤੀਆਂ ਅੱਗੇ ਹਥਿਆਰ ਸੁੱਟ ਦੇਵੇ," ਸ. ਭਾਗ ਸਿੰਘ ਨੇ ਬੜੇ ਵਿਸ਼ਵਾਸ ਨਾਲ ਕਿਹਾ।

"ਆਖ਼ਰ ਬੰਦਾ ਏ! ਜੇ ਉਸ ਸਖ਼ਤੀ ਤੋਂ ਤੰਗ ਆ ਕੇ ਤੁਹਾਡਾ ਸਾਰਾ ਭੇਦ ਖੋਲ੍ਹ ਦਿੱਤਾ ਤਾਂ ਕੀ ਬਣੇਗਾ। ਸਾਨੂੰ ਤਾਂ ਇਹੀ ਫ਼ਿਕਰ ਲੱਗਾ ਹੋਇਆ ਏ! ਅੱਬਾ ਰਾਤੀਂ ਵੀ ਪਏ ਕਹਿੰਦੇ ਸਨ ਕਿ ਉਹਨੇ ਜੇਕਰ ਦੱਸ ਦਿੱਤਾ ਤਾਂ ਸਾਡਾ ਬੇੜਾ ਗ਼ਰਕ ਹੋ ਜਾਏਗਾ," ਬਸ਼ੀਰਾਂ ਨੇ ਬੜੇ ਗੰਭੀਰ ਜਿਹੇ ਚਿਹਰੇ ਨਾਲ ਕਿਹਾ।

"ਤੂੰ ਫ਼ਿਕਰ ਨਾ ਕਰ। ਆਪਣੇ ਅੱਬਾ ਨੂੰ ਵੀ ਕਹਿ ਦੇ ਕਿ ਚਤਰ ਸਿੰਘ ਦੇ ਭਾਵੇਂ ਉਹ ਟੋਟੇ ਕਰ ਦੇਣ ਪਰ ਉਹ ਉਹਨਾਂ ਨੂੰ ਦੱਸੇਗਾ ਨਹੀਂ ਕੁਝ ਵੀ। ਸਾਨੂੰ ਤੁਸੀਂ

ਜਾਣਦੇ ਨਹੀਂ ਅਜੇ। ਸਿੰਘ ਨੇ ਅੰਮ੍ਰਿਤ-ਪਾਨ ਕੀਤਾ ਹੋਇਆ ਏ ਤੇ ਜਿਸ ਸਮੇਂ ਸਾਨੂੰ ਅੰਮ੍ਰਿਤ ਦੀ ਦਾਤ ਮਿਲਦੀ ਏ ਤਾਂ ਪਹਿਲਾਂ ਸਾਡੇ ਤੋਂ ਪ੍ਰਣ ਲਿਆ ਜਾਂਦਾ ਏ ਕਿ ਅਸੀਂ ਆਪਣਾ ਤਨ, ਮਨ ਗੁਰੂ ਨੂੰ ਅਰਪਣ ਕਰਦੇ ਹਾਂ। ਸਾਡੇ ਵਿਚ ਤਾਂ ਓਨੀ ਦੇਰ ਕੋਈ ਸਿੰਘ ਨਹੀਂ ਸਜ ਸਕਦਾ ਜਦ ਤਕ ਕਿ ਉਹ ਆਪਣਾ ਸੀਸ ਦੇਣ ਲਈ ਤਿਆਰ ਨਾ ਹੋਵੇ," ਭਾਗ ਸਿੰਘ ਨੇ ਕਿਹਾ।

ਇਹਨਾਂ ਦੀਆਂ ਗੱਲਾਂ ਦੀ ਆਵਾਜ਼ ਸੁਣ ਕੇ ਬਸ਼ੀਰਾਂ ਦਾ ਭਰਾ ਅਕਬਰ ਅੰਦਰੋਂ ਆ ਗਿਆ। ਇਕ ਮੌਲਵੀ ਨੂੰ ਬੈਠਿਆਂ ਦੇਖ ਕੇ ਬੜਾ ਹੈਰਾਨ ਹੋਇਆ ਪਰ ਜਦੋਂ ਉਹਦੀ ਨਜ਼ਰ ਘੋੜੇ 'ਤੇ ਪਈ ਤਾਂ ਉਹ ਹੋਰ ਹੈਰਾਨ ਹੋ ਗਿਆ ਕਿ ਇਹ ਕਿਵੇਂ ਇਥੇ ਆ ਗਿਆ ਏ ਤੇ ਬਸ਼ੀਰਾਂ ਪਰਾਏ ਮਰਦ ਨਾਲ ਕਿਉਂ ਗੱਲ ਕਰ ਰਹੀ ਹੈ ? ਉਹਨੂੰ ਆਪਣੀ ਭੈਣ ਦੇ ਆਚਰਣ 'ਤੇ ਕਦੇ ਸ਼ੱਕ ਨਹੀਂ ਸੀ ਹੋ ਸਕਦਾ, ਇਸ ਲਈ ਉਹ ਸਲਾਮ ਬੁਲਾ ਕੇ ਕੋਲ ਬੈਠ ਗਿਆ। ਬਸ਼ੀਰਾਂ ਨੇ ਜਾਣ-ਪਛਾਣ ਕਰਾਂਦਿਆਂ ਕਿਹਾ, "ਇਹ ਮੇਰਾ ਭਰਾ ਅਕਬਰ ਖਾਂ ਏ।"

"ਬੜੀ ਖੁਸ਼ੀ ਹੋਈ ਮਿਲ ਕੇ, ਮੈਂ ਅੱਗੇ ਵੀ ਇਨ੍ਹਾਂ ਦੇ ਦਰਸ਼ਨ ਕੀਤੇ ਹੋਏ ਨੇ," ਭਾਗ ਸਿੰਘ ਨੇ ਕਿਹਾ।

"ਕਦੋਂ ?" ਬਸ਼ੀਰਾਂ ਨੇ ਪੁੱਛਿਆ।

"ਕਈ ਵਾਰ।"

"ਫਿਰ ਵੀ ਦੱਸੋ ਤਾਂ ਸਹੀ," ਬਸ਼ੀਰਾਂ ਨੇ ਦੂਜੀ ਵਾਰ ਜ਼ੋਰ ਨਾਲ ਕਿਹਾ।

"ਨੌਸ਼ਹਿਰੇ ਵਿਚ।"

"ਤੁਸੀਂ ਉਥੇ ਕੀ ਕਰਦੇ ਸੀ ?" ਅਕਬਰ ਖ਼ਾਂ ਨੇ ਹੈਰਾਨੀ ਨਾਲ ਪੁੱਛਿਆ। ਉਹਨੂੰ ਅਜੇ ਤਕ ਸਮਝ ਨਹੀਂ ਸੀ ਆ ਰਹੀ ਕਿ ਇਹ ਕੌਣ ਏ ਤੇ ਉਹਨੂੰ ਕਿੱਥੇ ਮਿਲਦਾ ਰਿਹਾ ਏ। ਬਸ਼ੀਰਾਂ ਨੇ ਉਹਦੀ ਹੈਰਾਨੀ ਨੂੰ ਤਾੜ ਲਿਆ ਤੇ ਪੁੱਛਿਆ, "ਤੁਸੀਂ ਇਹਨਾਂ ਨੂੰ ਪਛਾਣਿਆ ਏ ?"

"ਨਹੀਂ, ਮੈਂ ਨਹੀਂ ਪਛਾਣ ਸਕਿਆ," ਅਕਬਰ ਖ਼ਾਂ ਨੇ ਕਿਹਾ ਤੇ ਸ਼ਰਮਿੰਦਾ ਜਿਹਾ ਹੋ ਗਿਆ।

"ਹੁਲੀਆ ਬਦਲ ਕੇ ਤੁਸੀਂ ਬਿਲਕੁਲ ਪਛਾਣੇ ਨਹੀਂ ਜਾ ਸਕਦੇ। ਜੇ ਮੈਂ ਨਹੀਂ ਪਛਾਣ ਸਕੀ ਤਾਂ ਇਹ ਕਿਸ ਤਰ੍ਹਾਂ ਪਛਾਣ ਸਕਦੇ ਨੇ," ਬਸ਼ੀਰਾਂ ਨੇ ਭਾਗ ਸਿੰਘ ਵੱਲ ਦੇਖ ਕੇ ਮੁਸਕਰਾਂਦਿਆਂ ਕਿਹਾ। ਹੁਣ ਅਕਬਰ ਖ਼ਾਂ ਨੂੰ ਖੁੜਕ ਗਈ ਕਿ ਇਹ ਮੌਲਵੀ ਨਹੀਂ, ਸਗੋਂ ਕੋਈ ਸਿਖ ਏ ਜੋ ਭੇਸ ਬਦਲ ਕੇ ਆਇਆ ਏ।

"ਇਹਨਾਂ ਦਾ ਸ਼ੁਭ ਨਾਮ ?" ਅਕਬਰ ਖ਼ਾਂ ਨੇ ਬਸ਼ੀਰਾਂ ਤੋਂ ਪੁੱਛਿਆ।

ਇਹ ਸ. ਭਾਗ ਸਿੰਘ ਨੇ ਜਿਹਨਾਂ ਮੈਨੂੰ ਡਾਕੂਆਂ ਦੇ ਪੰਜੇ ਤੋਂ ਛੁਡਾਇਆ ਸੀ

ਤੇ ਫਿਰ ਵਾਪਸ ਘਰ ਪਹੁੰਚਾਇਆ ਸੀ," ਬਸ਼ੀਰਾਂ ਨੇ ਦੱਸਿਆ।

"ਮੁਆਫ਼ ਕਰਨਾ, ਮੈਂ ਪਛਾਣ ਨਹੀਂ ਸਕਿਆ। ਤੁਸੀਂ ਮੈਨੂੰ ਨੌਸ਼ਹਿਰੇ ਕਦੋਂ ਮਿਲੇ ਸੀ ?" ਅਕਬਰ ਖ਼ਾਂ ਨੇ ਪੁੱਛਿਆ।

"ਸੰਤ ਦੀ ਕੁਟੀਆ ਵਿਚ," ਭਾਗ ਸਿੰਘ ਨੇ ਕਿਹਾ।

"ਉਹ ਸੰਤ ਸੱਚੀ ਤੁਹਾਡਾ ਜਾਸੂਸ ਸੀ ?" ਅਕਬਰ ਖ਼ਾਂ ਨੇ ਪੁੱਛਿਆ।

"ਕਿਉਂ, ਤੁਹਾਡਾ ਕੀ ਖ਼ਿਆਲ ਏ ?" ਭਾਗ ਸਿੰਘ ਨੇ ਮੁਸਕਰਾਂਦਿਆਂ ਕਿਹਾ।

"ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਯਕੀਨ ਨਹੀਂ ਆਉਂਦਾ ਕਿ ਉਹ ਸਿਖ ਏ। ਉਹ ਤਾਂ ਬੜਾ ਕਰਾਮਾਤੀ ਸਾਧ ਏ। ਉਸ ਵਰਗੇ ਭਲੇ ਲੋਕ 'ਤੇ ਐਵੇਂ ਸ਼ੱਕ ਹੋ ਰਿਹਾ ਏ ਪਰ ਬਸ਼ੀਰਾਂ ਕਹਿੰਦੀ ਏ ਕਿ ਤੁਸੀਂ ਇਹਨੂੰ ਦੱਸਿਆ ਏ ਕਿ ਉਹ ਸੱਚ ਮੁੱਚ ਹੀ ਜਾਸੂਸ ਏ," ਅਕਬਰ ਖ਼ਾਂ ਨੇ ਦੱਸਿਆ।

"ਚਲੋ ਛੱਡੋ ਇਹਨਾਂ ਗੱਲਾਂ ਨੂੰ," ਸ. ਭਾਗ ਸਿੰਘ ਨੇ ਗੱਲ ਦਾ ਰੁਖ਼ ਮੋੜਦਿਆਂ ਕਿਹਾ, "ਅਸੀਂ ਹੁਣ ਚਤਰ ਸਿੰਘ ਨੂੰ ਛੁਡਾਣ ਬਾਰੇ ਸੋਚਦੇ ਆਂ। ਉਹਦਾ ਕੀ ਕੀਤਾ ਜਾਏ। ਮੈਂ ਤਾਂ ਉਚੇਚਾ ਇਸੇ ਲਈ ਆਇਆ ਹਾਂ। ਵੇਖੋ ਅਕਬਰ ਖ਼ਾਂ ਜੀ, ਤੁਹਾਨੂੰ ਅਟਕ ਦੇ ਕਿਲ੍ਹੇ ਵਿਚੋਂ ਅਸੀਂ ਬਚਾਇਆ ਸੀ, ਨਹੀਂ ਤਾਂ ਤੁਸੀਂ ਆਪਣਾ ਜੀਵਨ ਕਿਸੇ ਕਿਲ੍ਹੇ ਦੀ ਕੋਠੜੀ ਵਿਚ ਹੀ ਬਿਤਾਣਾ ਸੀ ਇਸ ਲਈ ਹੁਣ ਤੁਹਾਨੂੰ ਸਾਡੀ ਪੂਰੀ ਮਦਦ ਕਰਨੀ ਚਾਹੀਦੀ ਹੈ। ਕੋਈ ਅਜਿਹਾ ਰਾਹ ਕੱਢਣਾ ਚਾਹੀਦਾ ਹੈ ਜਿਸ ਨਾਲ ਚਤਰ ਸਿੰਘ ਦਾ ਬਚਾਅ ਹੋ ਜਾਏ। ਉਹ ਵਿਚਾਰਾ ਤੁਹਾਡੀ ਮਦਦ ਕਰਦਾ ਕਾਬੂ ਆ ਗਿਆ ਹੈ, ਨਹੀਂ ਤਾਂ ਸਾਰੀ ਉਮਰ ਉਹਦੇ 'ਤੇ ਕਿਸੇ ਨੂੰ ਸ਼ੱਕ ਨਹੀਂ ਸੀ ਹੋ ਸਕਣਾ।"

"ਗੱਲ ਤਾਂ ਤੁਹਾਡੀ ਠੀਕ ਏ ਪਰ ਸਾਨੂੰ ਕੋਈ ਰਾਹ ਨਹੀਂ ਸੁਝਦਾ," ਅਕਬਰ ਖ਼ਾਂ ਨੇ ਕਿਹਾ, "ਤੁਸੀਂ ਸਾਨੂੰ ਦੱਸੋ ਕਿ ਅਸੀਂ ਕੀ ਕਰ ਸਕਦੇ ਹਾਂ। ਅਸੀਂ ਉਸੇ ਤਰ੍ਹਾਂ ਕਰਨ ਲਈ ਤਿਆਰ ਹਾਂ।"

"ਮੈਨੂੰ ਇਕ ਗੱਲ ਸੁੱਝ ਪਈ ਏ," ਭਾਗ ਸਿੰਘ ਨੇ ਕਿਹਾ, "ਤੁਸੀਂ ਦੱਸੋ ਕਿ ਯਾਰ ਮੁਹੰਮਦ ਖ਼ਾਨ ਦਾ ਇਥੇ ਕਿਸੇ ਨਜੂਮੀ 'ਤੇ ਭਰੋਸਾ ਏ ਕਿ ਨਹੀਂ," ਭਾਗ ਸਿੰਘ ਨੇ ਪੁੱਛਿਆ।

"ਹੈ ਜੀ," ਅਕਬਰ ਖ਼ਾਂ ਨੇ ਕਿਹਾ।

"ਉਹਨੂੰ ਪੈਸੇ ਦੇ ਕੇ ਇਸ ਗੱਲ ਲਈ ਰਾਜ਼ੀ ਕਰੋ ਕਿ ਮੈਂ ਜੋ ਕੁਝ ਉਹਨੂੰ ਦੱਸਾਂਗਾ ਉਹ ਉਸੇ ਤਰ੍ਹਾਂ ਯਾਰ ਮੁਹੰਮਦ ਖ਼ਾਨ ਨੂੰ ਕਹਿ ਦੇਵੇਗਾ," ਭਾਗ ਸਿੰਘ ਨੇ ਕਿਹਾ।

"ਜ਼ਰੂਰ ਕਹੇਗਾ। ਉਹ ਤਾਂ ਮੇਰੇ ਅੱਬਾ ਨਾਲ ਰਲ ਕੇ ਨਿੱਕੇ ਹੁੰਦਿਆਂ ਪੜ੍ਹਦਾ ਵੀ ਰਿਹਾ ਏ," ਅਕਬਰ ਖ਼ਾਂ ਨੇ ਕਿਹਾ।

"ਚੰਗਾ ਤੁਸੀਂ ਹੁਣੇ ਜਾ ਕੇ ਉਹਦੇ ਨਾਲ ਪੱਕੀ ਕਰ ਆਓ ਤੇ ਫਿਰ ਮੈਨੂੰ ਲੈ

ਚੱਲਿਆ ਜੇ! ਮੈਂ ਅੱਗੋਂ ਮਸਲਾ ਹੱਲ ਕਰ ਲਵਾਂਗਾ," ਭਾਗ ਸਿੰਘ ਨੇ ਕਿਹਾ। ਅਕਬਰ ਖ਼ਾਂ ਉਸੇ ਵੇਲੇ ਨਜੂਮੀ ਵੱਲ ਚਲਾ ਗਿਆ।

17

"ਸਰਦਾਰ ਜੀ ਗੱਲ ਨਹੀਂ ਬਣੀ," ਅਕਬਰ ਖ਼ਾਂ ਨੇ ਆਉਂਦਿਆਂ ਹੀ ਕਿਹਾ, "ਉਹ ਇਸ ਗੱਲ ਲਈ ਤਿਆਰ ਨਹੀਂ ਹੋਇਆ।

"ਕਿਉਂ ?" ਭਾਗ ਸਿੰਘ ਨੇ ਪੁੱਛਿਆ।

"ਉਹ ਕਹਿੰਦਾ ਏ ਕਿ ਇਹ ਮੇਰੇ ਪੇਸ਼ੇ ਨਾਲ ਗ਼ੱਦਾਰੀ ਹੋਵੇਗੀ ਜੇਕਰ ਮੈਂ ਯਾਰ ਮੁਹੰਮਦ ਖ਼ਾਨ ਨੂੰ ਈਮਾਨਦਾਰੀ ਨਾਲ ਰਾਇ ਨਾ ਦਿਆਂ। ਮੈਂ ਉਹਨੂੰ ਬੜੀ ਰਕਮ ਦੇਣ ਦੀ ਪੇਸ਼ਕਸ਼ ਵੀ ਕੀਤੀ ਏ ਪਰ ਉਸ ਨੇ ਕੋਈ ਗੱਲ ਨਹੀਂ ਮੰਨੀ," ਅਕਬਰ ਖ਼ਾਂ ਨੇ ਬੜੇ ਨਿਰਾਸ਼ ਜਿਹੇ ਹੋ ਕੇ ਕਿਹਾ।

"ਉਹਨੂੰ ਇਹ ਤਾਂ ਨਹੀਂ ਦੱਸਿਆ ਕਿ ਤੁਹਾਨੂੰ ਕਿਸ ਭੇਜਿਆ ਏ। ਕਿਧਰੇ ਤੁਸੀਂ ਆਪ ਹੀ ਨਾ ਫਸ ਜਾਇਆ ਜੇ," ਭਾਗ ਸਿੰਘ ਨੇ ਪੁੱਛਿਆ।

"ਨਹੀਂ, ਮੈਂ ਇੰਨਾ ਕੱਚਾ ਨਹੀਂ। ਅਜੇ ਮੈਂ ਉਹਦੇ ਨਾਲ ਗੱਲ ਤੋਰੀ ਹੀ ਸੀ ਜਦੋਂ ਉਸ ਸਾਫ਼ ਕਹਿ ਦਿੱਤਾ ਕਿ ਉਹ ਗਲਤ ਗੱਲ ਕਹਿਣ ਲਈ ਤਿਆਰ ਨਹੀਂ। ਇਸ ਤਰ੍ਹਾਂ ਉਹਦੀ ਕੰਮ ਨਾਲ ਈਮਾਨਦਾਰੀ 'ਤੇ ਧੱਬਾ ਲੱਗੇਗਾ। ਫਿਰ ਮੈਂ ਉਹਨੂੰ ਦੱਸ ਕੇ ਗ਼ਲਤੀ ਕਿਸ ਤਰ੍ਹਾਂ ਕਰ ਸਕਦਾ ਸਾਂ ?" ਅਕਬਰ ਖ਼ਾਂ ਨੇ ਕਿਹਾ।

"ਫਿਰ ਹੁਣ ਕੀਤਾ ਕੀ ਜਾਏ ?" ਭਾਗ ਸਿੰਘ ਨੇ ਸੋਚਾਂ ਦੇ ਵਹਿਣ ਵਿਚ ਪੈਂਦਿਆਂ ਪੁੱਛਿਆ, "ਮੈਂ ਤਾਂ ਇਹੀ ਸੋਚਿਆ ਸੀ ਪਰ ਮਾਮਲਾ ਵਿਗੜ ਗਿਆ। ਗੱਲ ਬਣੀ ਨਹੀਂ ਤੇ ਹੁਣ ਹੋਰ ਰਾਹ ਕੱਢਣਾ ਪਵੇਗਾ।"

ਬਸ਼ੀਰਾਂ ਬੜੀ ਗੰਭੀਰ ਬੈਠੀ ਉਹਨਾਂ ਦੀਆਂ ਗੱਲਾਂ ਸੁਣ ਰਹੀ ਸੀ ਤੇ ਨਾਲ ਹੀ ਸੋਚ ਰਹੀ ਸੀ ਕਿਸ ਤਰੀਕੇ ਨਾਲ ਚਤਰ ਸਿੰਘ ਨੂੰ ਛੁਡਾਇਆ ਜਾ ਸਕਦਾ ਹੈ। ਕੁਝ ਸੋਚ ਕੇ ਉਸ ਅਕਬਰ ਖ਼ਾਂ ਨੂੰ ਕਿਹਾ, "ਤੁਸੀਂ ਇਹ ਪਤਾ ਕਰ ਦਿਓ ਕਿ ਇਸ ਵੇਲੇ ਚਤਰ ਸਿੰਘ ਨੂੰ ਕਿੱਥੇ ਰੱਖਿਆ ਨੇ। ਸ਼ਾਮ ਤਕ ਉਹਨੂੰ ਕਿਸੇ ਪਾਸੇ ਤਾਂ ਨਹੀਂ ਲਿਜਾ ਰਹੇ। ਫਿਰ ਮੈਂ ਤੁਹਾਨੂੰ ਕੋਈ ਢੰਗ ਦੱਸਾਂਗੀ।"

"ਕੀ ਦੱਸੇਂਗੀ ?" ਅਕਬਰ ਖ਼ਾਂ ਨੇ ਪੁੱਛਿਆ।

"ਤੁਸੀਂ ਪਤਾ ਤਾਂ ਕਰ ਆਓ!" ਬਸ਼ੀਰਾਂ ਨੇ ਕਿਹਾ, "ਮੈਂ ਛੁਡਾਵਾਂਗੀ ਚਤਰ

ਸਿੰਘ ਨੂੰ ਭਾਵੇਂ ਕੁਝ ਹੋ ਜਾਵੇ। ਇਹ ਨਹੀਂ ਬਰਦਾਸ਼ਤ ਕੀਤਾ ਜਾ ਸਕਦਾ ਕਿ ਸਾਡੇ ਪਿੱਛੇ ਉਹ ਤਾਂ ਕਾਬੂ ਆ ਜਾਏ ਤੇ ਅਸੀਂ ਘਰ ਬੈਠੇ ਰਹੀਏ।"

"ਚੰਗਾ, ਮੈਂ ਪਤਾ ਕਰ ਕੇ ਹੁਣੇ ਆਇਆ। ਜੇ ਪਿੱਛੋਂ ਅੱਬਾ ਜਾਨ ਆ ਗਏ ਤਾਂ ਉਹਨਾਂ ਨੂੰ ਕਹਿ ਦੇਣਾ ਕਿ ਹੁਣ ਕਿਧਰੇ ਨਾ ਜਾਣ। ਮੈਂ ਉਹਨਾਂ ਨਾਲ ਕੁਝ ਜ਼ਰੂਰੀ ਗੱਲਾਂ ਕਰਨੀਆਂ ਹਨ," ਇਹ ਕਹਿ ਕੇ ਅਕਬਰ ਖ਼ਾਂ ਕਿਲ੍ਹੇ ਵੱਲ ਚਲਾ ਗਿਆ। ਉੱਥੇ ਸਾਰੇ ਹੀ ਫ਼ੌਜੀ ਮੁਖੀ ਉਸਦੇ ਮਿਤਰ ਸਨ ਤੇ ਉਹਨੂੰ ਯਕੀਨ ਸੀ ਕਿ ਉਹਨਾਂ ਤੋਂ ਸਾਰਾ ਕੁਝ ਪਤਾ ਲੱਗ ਜਾਵੇਗਾ।

ਜਦ ਅਕਬਰ ਖ਼ਾਂ ਚਲਾ ਗਿਆ ਤਾਂ ਬਸ਼ੀਰਾਂ ਦੇ ਚਿਹਰੇ ਵੱਲ ਧਿਆਨ ਨਾਲ ਦੇਖ ਕੇ ਭਾਗ ਸਿੰਘ ਨੇ ਪੁੱਛਿਆ, "ਤੁਸਾਂ ਕੀ ਸੋਚਿਆ ਏ ਇਸ ਬਾਰੇ?"

"ਮੈਂ ਭੇਸ ਬਦਲ ਕੇ ਜਾਵਾਂਗੀ ਤੇ ਪਹਿਰੇਦਾਰਾਂ ਤੋਂ ਚਤਰ ਸਿੰਘ ਨੂੰ ਛੁਡਾ ਲਵਾਂਗੀ," ਬਸ਼ੀਰਾਂ ਨੇ ਕਿਹਾ।

"ਉਹ ਕਿਸ ਤਰ੍ਹਾਂ? ਕੀ ਭੇਸ ਬਦਲੇਂਗੀ?" ਭਾਗ ਸਿੰਘ ਨੇ ਹੈਰਾਨ ਹੋ ਕੇ ਸਵਾਲ ਕੀਤਾ।

"ਤੁਸੀਂ ਦੇਖੋ ਤਾਂ ਸਹੀ, ਬਣਦਾ ਕੀ ਏ।" ਮੁਸਕਰਾਂਦਿਆਂ ਬਸ਼ੀਰਾਂ ਨੇ ਕਿਹਾ। ਉਹਦੇ ਚਿਹਰੇ 'ਤੇ ਆਈ ਖ਼ੁਸ਼ੀ ਤੇ ਨਿੰਮ੍ਹੀ ਜਿਹੀ ਲਾਲੀ, ਅੱਖਾਂ ਵਿਚ ਟਪਕਦਾ ਸਰੂਰ ਤੇ ਜ਼ਬਾਨ ਵਿਚ ਆਇਆ ਕਾਹਲਾਪਣ ਦੱਸਦਾ ਸੀ ਕਿ ਉਹਨੂੰ ਆਪਣੇ ਢੰਗ ਦੇ ਸਿਰੇ ਚੜ੍ਹ ਜਾਣ ਦੀ ਪੂਰੀ ਆਸ ਸੀ।

"ਕੋਈ ਅਜਿਹਾ ਕਦਮ ਨਾ ਚੁੱਕਿਆ ਜੇ, ਜਿਸ ਨਾਲ ਉਲਟੇ ਤੁਸੀਂ ਆਪ ਹੀ ਫਸ ਜਾਓ," ਭਾਗ ਸਿੰਘ ਨੇ ਸਲਾਹ ਦਿੱਤੀ।

"ਨਹੀਂ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ। ਜੇ ਫਸ ਵੀ ਗਈ ਤਾਂ ਕੀ ਹੋ ਗਿਆ? ਅੱਗੇ ਵੀ ਕਿਸੇ ਸਿਖ ਨੇ ਮੇਰੀ ਜਾਨ ਬਚਾਈ ਸੀ, ਹੁਣ ਸਿੱਖਾਂ ਦੇ ਲੇਖੇ ਲੱਗ ਗਈ ਤਾਂ ਕੀ ਹੋ ਜਾਏਗਾ?"

"ਕਿਸ ਸਿਖ ਨੇ ਜਾਨ ਬਚਾਈ ਸੀ?" ਭਾਗ ਸਿੰਘ ਨੇ ਮੁਸਕਰਾਂਦਿਆਂ ਪ੍ਰਸ਼ਨ ਕੀਤਾ।

"ਸਾਧੂ ਨੇ, ਜਿਹੜਾ ਤੁਹਾਡਾ ਜਾਸੂਸ ਸੀ ਨੌਸ਼ਹਿਰੇ ਨੇੜੇ," ਬਸ਼ੀਰਾਂ ਨੇ ਕਿਹਾ।

"ਜਾਣਦੀ ਏਂ ਉਸ ਸਾਧੂ ਨੂੰ?" ਭਾਗ ਸਿੰਘ ਨੇ ਕਿਹਾ, "ਤੈਨੂੰ ਮੈਂ ਕਿਹਾ ਸੀ ਕਿ ਉਹ ਤੇਰੇ ਪਾਸ ਆਏਗਾ।"

"ਆਹੋ ਕਿਹਾ ਤਾਂ ਸੀ ਪਰ ਉਹ ਆਇਆ ਨਹੀਂ। ਤੁਸੀਂ ਵੀ ਮੈਨੂੰ ਟਰਕਾ ਹੀ ਦਿੱਤਾ ਸੀ," ਬਸ਼ੀਰਾਂ ਨੇ ਕਿਹਾ?

"ਸਿੰਘ ਇਸ ਤਰ੍ਹਾਂ ਝੂਠੀ ਗੱਲ ਨਹੀਂ ਕਹਿੰਦੇ। ਜੇ ਮੈਂ ਕਿਹਾ ਸੀ ਤਾਂ ਉਹ ਆ

ਵੀ ਗਿਆ ਏ," ਭਾਗ ਸਿੰਘ ਨੇ ਕਿਹਾ।

"ਕਦੋਂ ਆਇਆ ਏ?" ਬਸ਼ੀਰਾਂ ਨੇ ਹੈਰਾਨ ਹੋ ਕੇ ਪੁੱਛਿਆ।

"ਤੇਰੇ ਸਾਹਮਣੇ ਤਾਂ ਬੈਠਾ ਏ," ਭਾਗ ਸਿੰਘ ਨੇ ਹੱਸਦਿਆਂ ਆਖਿਆ।

"ਹੱਦ ਹੋ ਗਈ, ਤੁਸੀਂ ਹੀ ਸਾਧੂ ਸੀ? ਨਹੀਂ, ਮੈਂ ਨਹੀਂ ਮੰਨ ਸਕਦੀ।" ਬਸ਼ੀਰਾਂ ਨੂੰ ਯਕੀਨ ਨਹੀਂ ਸੀ ਆ ਰਿਹਾ। ਸ਼ਕਲ-ਸੂਰਤ ਵਿਚ ਜ਼ਿਮੀਂ-ਅਸਮਾਨ ਦਾ ਫ਼ਰਕ ਸੀ।

"ਚੱਲ, ਮੈਂ ਮਨਾ ਕੇ ਕੀ ਲੈਣਾ ਏ। ਉਹ ਵੇਲਾ ਤਾਂ ਲੰਘ ਗਿਆ। ਹੁਣ ਤਾਂ ਅੱਗੇ ਲਈ ਸੋਚਣ ਦੀ ਲੋੜ ਏ।"

"ਤੁਹਾਡੀ ਰੀਸ ਕੋਈ ਨਹੀਂ ਕਰ ਸਕਦਾ। ਇਹ ਯਾਰ ਮੁਹੰਮਦ ਖ਼ਾਨ ਤੇ ਕਾਬਲ ਵਾਲੇ ਐਵੇਂ ਆਕੜਦੇ ਫਿਰਦੇ ਨੇ। ਤੁਹਾਡਾ ਮੁਕਾਬਲਾ ਉਹਨਾਂ ਸਵਾਹ ਕਰਨਾ ਏ। ਉਹਨਾਂ ਕੋਲ ਤਾਂ ਇਕ ਵੀ ਬੰਦਾ ਅਜਿਹਾ ਨਹੀਂ ਜੋ ਤੁਹਾਡਾ ਟਾਕਰਾ ਕਰ ਸਕੇ। ਤੁਹਾਡੇ ਵਾਂਗ ਇੰਨੇ ਸਾਂਗ ਬਣਾ ਸਕੇ। ਤੁਸੀਂ ਬੇਸ਼ੱਕ ਹੁਣ ਸਾਰਾ ਸ਼ਹਿਰ ਫਿਰ ਆਓ, ਪਰ ਕੋਈ ਵੀ ਸ਼ੱਕ ਨਹੀਂ ਕਰੇਗਾ। ਤੁਸੀਂ ਪੂਰੇ ਮੌਲਵੀ ਜਾਪਦੇ ਹੋ। ਉਦੋਂ ਤੁਹਾਡੀ ਸ਼ਕਲ ਬਿਲਕੁਲ ਸੰਤਾਂ ਵਾਲੀ ਸੀ। ਹੋਰ ਗੱਲਾਂ ਤਾਂ ਰਹੀਆਂ ਇਕ ਪਾਸੇ, ਤੁਸੀਂ ਤਾਂ ਆਵਾਜ਼ ਬਦਲਣ ਵਿਚ ਵੀ ਕਮਾਲ ਕਰ ਦਿੱਤਾ ਏ," ਬਸ਼ੀਰਾਂ ਨੇ ਕਿਹਾ।

ਬਾਹਰਲਾ ਦਰਵਾਜ਼ਾ ਖੜਕਿਆ। ਇਸ ਸਮੇਂ ਭਾਗ ਸਿੰਘ ਨੇ ਮੌਲਵੀਆਂ ਵਾਲੀ ਪੁਸ਼ਾਕ ਲਾਹੀ ਹੋਈ ਸੀ। ਬਸ਼ੀਰਾਂ ਨੇ ਦਰਵਾਜ਼ੇ ਦੀ ਵਿੱਥ ਵਿਚੋਂ ਦੇਖਿਆ ਪਰ ਪਛਾਣ ਨਾ ਸਕੀ। ਉਹਨੇ ਇਸ਼ਾਰਾ ਕੀਤਾ ਤੇ ਸ: ਭਾਗ ਸਿੰਘ ਡਿਉਢੀ ਵਿਚੋਂ ਕੋਠੇ ਨੂੰ ਜਾਂਦੀਆਂ ਪੌੜੀਆਂ ਵਿਚ ਚੜ੍ਹ ਗਿਆ ਤੇ ਪੌੜੀਆਂ ਦਾ ਦਰਵਾਜ਼ਾ ਭੇੜ ਦਿੱਤਾ।

ਬਸ਼ੀਰਾਂ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਹਦਾ ਅੱਬਾ ਉਮਰ ਹਯਾਤ ਖ਼ਾਨ ਅੰਦਰ ਆ ਗਿਆ। ਉਸ ਆਉਂਦਿਆਂ ਬੜੀ ਖ਼ੁਸ਼ੀ ਨਾਲ ਕਿਹਾ, "ਮੈਂ ਕਰ ਆਇਆ ਹਾਂ ਉਸ ਮਾਲੀ ਦਾ ਵੀ ਪ੍ਰਬੰਧ।"

"ਕੀ ਕਰ ਆਏ ਹੋ?" ਬਸ਼ੀਰਾਂ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਬੱਸ ਮਾਮਲਾ ਠੀਕ ਹੋ ਗਿਆ ਏ। ਹੁਣ ਨਾ ਰਹੇਗਾ ਬਾਂਸ ਤੇ ਨਾ ਵਜੇਗੀ ਬੰਸਰੀ," ਉਮਰ ਹਯਾਤ ਖ਼ਾਨ ਨੇ ਬੂਹਾ ਭੀੜਦਿਆਂ ਕਿਹਾ।

"ਆਖ਼ਰ ਪਤਾ ਤਾਂ ਲੱਗੇ ਕਿ ਮਾਮਲਾ ਕੀ ਏ? ਕੀ ਕਰ ਕੇ ਆਏ ਹੋ? ਤੁਸੀਂ ਤਾਂ ਐਵੇਂ ਬੁਝਾਰਤਾਂ ਪਾਈ ਜਾਂਦੇ ਹੋ," ਬਸ਼ੀਰਾਂ ਨੇ ਕਿਹਾ।

"ਮੈਂ ਮਾਲੀ ਨੂੰ ਮਾਰ ਦੇਣ ਦੀ ਵਿਉਂਤ ਬਣਾ ਕੇ ਆਇਆ ਹਾਂ। ਰਾਤ ਨੂੰ ਮੇਰੇ ਆਦਮੀ ਉਹਨੂੰ ਬਾਹਰ ਲਿਜਾ ਕੇ ਮਾਰ ਦੇਣਗੇ। ਕੱਲ੍ਹ ਉਹਦੇ ਬਿਆਨ ਲਏ ਜਾਣੇ ਹਨ। ਜੇਕਰ ਉਹਨੇ ਸਖ਼ਤੀਆਂ ਤੋਂ ਡਰ ਕੇ ਸਾਰੀ ਅਸਲ ਗੱਲ ਦੱਸ ਦਿੱਤੀ ਤਾਂ ਅਸੀਂ ਮਾਰੇ ਜਾਣਾ ਏ," ਉਮਰ ਹਯਾਤ ਖ਼ਾਨ ਨੇ ਸਾਰੀ ਗੱਲ ਵਿਸਥਾਰ ਨਾਲ ਦੱਸੀ।

ਬਸ਼ੀਰਾਂ ਨੇ ਬੜੀ ਸਿਆਣਪ ਤੋਂ ਕੰਮ ਲਿਆ। ਬਜਾਏ ਇਸ ਦੇ ਕਿ ਉਹ ਟੋਕਦੀ ਤੇ ਰੋਕਦੀ, ਉਹਨੂੰ ਪਤਾ ਸੀ ਕਿ ਉਹਦਾ ਪਿਤਾ ਇਸ ਤਰ੍ਹਾਂ ਆਪਣੀ ਗੱਲ ਤੋਂ ਮੁੜਨ ਵਾਲਾ ਨਹੀਂ ਤੇ ਨਾ ਹੀ ਸਮਝਾਇਆ ਸਮਝਣ ਵਾਲਾ ਹੈ, ਇਸ ਲਈ ਉਹਨੇ ਹੋਰ ਦਾਅ ਖੇਡਣ ਦੀ ਵਿਉਂਤ ਬਣਾਈ ਤੇ ਪੁੱਛਿਆ, "ਤੁਸੀਂ ਕਿਵੇਂ ਕਰੋਗੇ ? ਯਾਰ ਮੁਹੰਮਦ ਖ਼ਾਨ ਨੂੰ ਪਤਾ ਲੱਗ ਜਾਏਗਾ ਤਾਂ ਕੀ ਬਣੇਗਾ ? ਆਖ਼ਰ ਉਸ ਪੜਤਾਲ ਤਾਂ ਕਰਨੀ ਏ ਕਿ ਕੈਦੀ ਕਿੱਧਰ ਨੱਸ ਗਿਆ ਏ।"

"ਇਹਦੀ ਪਰਵਾਹ ਨਾ ਕਰ, ਮੈਂ ਕਾਸਿਮ ਖ਼ਾਂ ਨੂੰ ਇਸ ਗੱਲ ਲਈ ਤਿਆਰ ਕਰ ਲਿਆ ਏ ਕਿ ਉਹ ਪੜਤਾਲ ਦੇ ਬਹਾਨੇ ਬਾਹਰ ਲੈ ਜਾਏ ਅਤੇ ਫਿਰ ਆ ਕੇ ਕਹਿ ਦੇਵੇ ਕਿ ਸਿਖ ਨੇ ਆਤਮਘਾਤ ਕਰ ਲਿਆ ਏ। ਮਾਮਲਾ ਆਪੇ ਰਫ਼ਾ-ਦਫ਼ਾ ਹੋ ਜਾਵੇਗਾ," ਉਮਰ ਹਯਾਤ ਖ਼ਾਨ ਨੇ ਕਿਹਾ।

ਉਮਰ ਹਯਾਤ ਖ਼ਾਨ ਅੰਦਰ ਲੰਘ ਗਿਆ ਤੇ ਪਿਛਲੇ ਅੰਦਰ ਜਾ ਕੇ ਲੇਟ ਗਿਆ। ਬਸ਼ੀਰਾਂ ਨੇ ਭਾਗ ਸਿੰਘ ਨੂੰ ਡਿਉਢੀ ਵਿਚ ਸੱਦਿਆ ਤੇ ਕਿਹਾ, "ਤੁਸੀਂ ਸੁਣ ਹੀ ਲਿਆ ਹੋਏਗਾ, ਜੋ ਕੁਝ ਅੱਬਾ ਕਰ ਕੇ ਆਏ ਨੇ ?"

"ਸੁਣ ਲਿਆ ਏ," ਭਾਗ ਸਿੰਘ ਨੇ ਕਿਹਾ, "ਵੇਖ ਲੈ ਸਾਡੇ ਕੀਤੇ ਦਾ ਬਦਲਾ ਇਹ ਦਿੱਤਾ ਜਾ ਰਿਹਾ ਏ। ਚਾਹੀਦਾ ਤਾਂ ਇਹ ਸੀ ਕਿ ਤੇਰੇ ਪਿਤਾ ਇਹਨੂੰ ਆਪਣਾ ਸਵਾਲ ਸਮਝ ਕੇ ਹੱਲ ਕਰਦੇ, ਜਿਸ ਤਰ੍ਹਾਂ ਅਕਬਰ ਖ਼ਾਂ ਕਰ ਰਿਹਾ ਏ, ਪਰ ਇਹ ਤਾਂ ਉਹਦੀ ਜਾਨ ਲੈਣ 'ਤੇ ਤੁਲ ਪਏ ਹਨ। ਮੈਨੂੰ ਇਹ ਆਸ ਨਹੀਂ ਸੀ।"

"ਤੁਸੀਂ ਫ਼ਿਕਰ ਨਾ ਕਰੋ, ਮੈਂ ਵਿਸ਼ਵਾਸ ਦਿਵਾਂਦੀ ਹਾਂ ਕਿ ਜਦ ਤਕ ਮੈਂ ਜ਼ਿੰਦਾ ਹਾਂ, ਚਤਰ ਸਿੰਘ ਨੂੰ ਮਾਰਿਆ ਨਹੀਂ ਜਾ ਸਕਦਾ," ਬਸ਼ੀਰਾਂ ਨੇ ਕਿਹਾ, "ਮੈਂ ਆਪਣੀ ਜਾਨ ਦੀ ਬਾਜ਼ੀ ਲਾ ਕੇ ਵੀ ਉਹਨੂੰ ਬਚਾਵਾਂਗੀ।"

"ਮੈਨੂੰ ਹੁਣ ਇਥੋਂ ਚਲੇ ਜਾਣਾ ਚਾਹੀਦਾ ਹੈ। ਤੇਰੇ ਅੱਬਾ ਨੇ ਬਰਦਾਸ਼ਤ ਨਹੀਂ ਕਰਨਾ ਅਤੇ ਮੈਨੂੰ ਸ਼ੱਕ ਹੈ ਕਿ ਉਹ ਕਿਧਰੇ ਮੈਨੂੰ ਵੀ ਨਾ ਫੜਾ ਦੇਣ," ਭਾਗ ਸਿੰਘ ਨੇ ਕਿਹਾ।

"ਨਹੀਂ, ਇਹ ਨਹੀਂ ਹੋ ਸਕਦਾ," ਬਸ਼ੀਰਾਂ ਨੇ ਕਿਹਾ, "ਤੁਸੀਂ ਜ਼ਰੂਰ ਅੱਬਾ ਨੂੰ ਮਿਲੋ, ਉਹ ਤੁਹਾਡੇ ਵਿਰੁੱਧ ਨਹੀਂ। ਚਤਰ ਸਿੰਘ ਬਾਰੇ ਵੀ ਉਹਨਾਂ ਦੇ ਵਿਚਾਰ ਸਿਰਫ਼ ਇਸ ਕਰਕੇ ਬਣੇ ਹਨ ਕਿ ਉਹਨਾਂ ਨੂੰ ਆਪਣੀ ਜਾਨ ਦਾ ਖ਼ਤਰਾ ਮਹਿਸੂਸ ਹੋਣ ਲੱਗ ਪਿਆ ਹੈ।"

ਬਸ਼ੀਰਾਂ ਉੱਠ ਕੇ ਅੰਦਰ ਚਲੀ ਗਈ ਤੇ ਅੱਬਾ ਨੂੰ ਬੁਲਾ ਲਿਆਈ। ਜਦ ਡਿਉਢੀ ਵਿਚ ਪਹੁੰਚੇ ਤਾਂ ਉਸ ਜਾਣ-ਪਛਾਣ ਕਰਾਂਦਿਆਂ ਕਿਹਾ, "ਇਹ ਜੇ ਉਹ ਸ: ਭਾਗ ਸਿੰਘ, ਜਿਨ੍ਹਾਂ ਮੇਰੀ ਜਾਨ ਡਾਕੂਆਂ ਤੋਂ ਬਚਾਈ ਸੀ।"

"ਤੁਹਾਨੂੰ ਮਿਲ ਕੇ ਮਨ ਨੂੰ ਖ਼ੁਸ਼ੀ ਹੋਈ ਏ। ਤੁਸੀਂ ਸਾਡੇ 'ਤੇ ਬੜੀ ਮਿਹਰਬਾਨੀ ਕੀਤੀ ਏ," ਉਮਰ ਹਯਾਤ ਖ਼ਾਨ ਨੇ ਕਿਹਾ।

"ਮੈਂ ਕੁਝ ਨਹੀਂ ਕੀਤਾ ਇਹ ਤਾਂ ਇਨਸਾਨੀ ਫ਼ਰਜ਼ ਸੀ। ਜੋ ਵੇਲੇ ਸਿਰ ਨਿਤਾਣੇ ਦੀ ਮਦਦ ਨਹੀਂ ਕਰਦਾ, ਉਹ ਸਿਖ ਨਹੀਂ ਅਖਵਾ ਸਕਦਾ। ਅਸੀਂ ਹਰ ਧੱਕੇ ਵਿਰੁੱਧ ਲੜਦੇ ਹਾਂ, ਭਾਵੇਂ ਉਹ ਧੱਕਾ ਸਰਕਾਰ ਕਰੇ ਜਾਂ ਕੋਈ ਇਕ ਆਦਮੀ ਕਰੇ," ਸ. ਭਾਗ ਸਿੰਘ ਨੇ ਸਿਖ ਧਰਮ ਦੇ ਬੁਨਿਆਦੀ ਅਸੂਲਾਂ ਵਿਚੋਂ ਕੁਝ ਵਿਆਖਿਆ ਕੀਤੀ ਤੇ ਉਹਦੇ 'ਤੇ ਪ੍ਰਭਾਵ ਪਾਉਣ ਦਾ ਯਤਨ ਕੀਤਾ।

"ਤੁਸੀਂ ਇਸ ਭੇਸ ਵਿਚ ਨਾ ਰਹੋ ਤਾਂ ਚੰਗਾ ਹੈ। ਐਵੇਂ ਕਿਧਰੇ ਕੋਈ ਆ ਗਿਆ ਤਾਂ ਨਵਾਂ ਪੁਆੜਾ ਨਾ ਪੈ ਜਾਏ। ਅੱਗੇ ਤੁਹਾਡੇ ਸੰਤ ਨੇ ਬੜੇ ਵੱਟ ਕੱਢੇ ਨੇ ਸਾਡੇ," ਉਮਰ ਹਯਾਤ ਖ਼ਾਨ ਨੇ ਕਿਹਾ। ਬਸ਼ੀਰਾਂ ਨੇ ਭਾਗ ਸਿੰਘ ਨੂੰ ਇਸ਼ਾਰਾ ਕਰ ਕੇ ਸਮਝਾ ਦਿੱਤਾ ਕਿ ਉਹ ਹੁਣ ਇਹ ਭੇਦ ਨਾ ਖੋਲ੍ਹੇ ਕਿ ਉਹ ਹੀ ਸੰਤ ਸੀ। ਭਾਗ ਸਿੰਘ ਸਮਝ ਗਿਆ।

"ਮੈਂ ਭੇਸ ਹੁਣੇ ਬਦਲ ਲੈਂਦਾ ਹਾਂ," ਭਾਗ ਸਿੰਘ ਨੇ ਕਿਹਾ ਤੇ ਮੌਲਵੀ ਵਾਲੇ ਕੱਪੜੇ ਫਿਰ ਪਾ ਲਏ। ਉਮਰ ਹਯਾਤ ਖ਼ਾਨ ਦੇਖ ਕੇ ਬੜਾ ਹੈਰਾਨ ਹੋਇਆ ਕਿਉਂਕਿ ਹੁਣ ਭਾਗ ਸਿੰਘ 'ਤੇ ਕਿਸੇ ਨੂੰ ਸ਼ੱਕ ਨਹੀਂ ਸੀ ਹੋ ਸਕਦਾ। ਉਮਰ ਹਯਾਤ ਖ਼ਾਨ ਨੇ ਕਿਹਾ, "ਮੈਂ ਪਹਿਲਾਂ ਇਹ ਪੁੱਛਣਾ ਤਾਂ ਭੁੱਲ ਹੀ ਗਿਆ ਸਾਂ ਕਿ ਤੁਸੀਂ ਆਏ ਕਿੱਧਰ ਹੋ?"

"ਸਾਡਾ ਸਾਥੀ ਚਤਰ ਸਿੰਘ ਕਾਬੂ ਆ ਗਿਆ ਏ, ਉਹਨੂੰ ਛੁਡਾਣ ਲਈ ਆਇਆ ਹਾਂ," ਭਾਗ ਸਿੰਘ ਨੇ ਸਾਫ਼ ਕਹਿ ਦਿੱਤਾ। ਉਹਨੂੰ ਬਸ਼ੀਰਾਂ ਨੇ ਇਸ਼ਾਰਾ ਵੀ ਕੀਤਾ ਕਿ ਨਾ ਦੱਸੇ, ਪਰ ਭਾਗ ਸਿੰਘ ਨੇ ਗੱਲ ਸਾਫ਼ ਕਰ ਦਿੱਤੀ।

"ਉਹ ਤਾਂ ਛੁੱਟ ਨਹੀਂ ਸਕਦਾ," ਉਮਰ ਹਯਾਤ ਖ਼ਾਨ ਨੇ ਕਿਹਾ।

"ਫਿਰ ਤੁਹਾਡਾ ਇਥੇ ਹੋਣ ਦਾ ਕੀ ਲਾਭ?" ਭਾਗ ਸਿੰਘ ਨੇ ਇਹ ਕਹਿ ਕੇ ਉਮਰ ਹਯਾਤ ਖ਼ਾਨ ਨੂੰ ਫੂਕ ਦਿੱਤੀ ਤੇ ਕਿਹਾ, "ਸਾਨੂੰ ਤਾਂ ਤੁਹਾਡੇ 'ਤੇ ਬੜੀਆਂ ਆਸਾਂ ਨੇ। ਤੁਸੀਂ ਇਸ ਨਿੱਕੇ ਜਿਹੇ ਕੰਮ ਤੋਂ ਹੀ ਯਰਕ ਗਏ ਹੋ।"

"ਅਸਲ ਗੱਲ ਇਹ ਹੈ ਕਿ ਅਸੀਂ ਪਹਿਲਾਂ ਹੀ ਸ਼ੱਕੀ ਆਂ। ਸਾਡੇ ਵੱਸ ਵਿਚ ਤਾਂ ਕੋਈ ਗੱਲ ਨਹੀਂ," ਉਮਰ ਹਯਾਤ ਖ਼ਾਨ ਨੇ ਕਿਹਾ।

"ਪਤਾ ਤਾਂ ਕਰੋ," ਭਾਗ ਸਿੰਘ ਨੇ ਕਿਹਾ। ਉਹਦਾ ਇਹ ਕਹਿਣ ਦਾ ਭਾਵ ਸਿਰਫ਼ ਇਹ ਸੀ ਕਿ ਉਮਰ ਹਯਾਤ ਖ਼ਾਨ ਕਿਸੇ ਤਰ੍ਹਾਂ ਘਰੋਂ ਜਾਏ ਤੇ ਉਹ ਹੋਰ ਕੋਈ ਰਾਹ ਕੱਢਣ।

"ਚੰਗਾ ਮੈਂ ਪਤਾ ਕਰਾਂਗਾ," ਕਹਿ ਕੇ ਉਮਰ ਹਯਾਤ ਖ਼ਾਨ ਚਲਾ ਗਿਆ।

"ਤੁਸੀਂ ਇਹ ਗੱਲ ਕਿਉਂ ਕੀਤੀ?" ਬਸ਼ੀਰਾਂ ਨੇ ਕਿਹਾ।

"ਇਹ ਕਰਨੀ ਚਾਹੀਦੀ ਸੀ। ਮੈਂ ਉਹਦੀ ਮਾਨਸਿਕ ਹਾਲਤ ਦੇਖ ਲਈ ਏ।

ਉਹ ਹੁਣ ਮਾਰਨ ਦੀ ਵਿਉਂਤ ਛੱਡ ਦੇਵੇਗਾ। ਅਜੇ ਬਾਹਰ ਜਾ ਕੇ ਸੋਚੇਗਾ ਕਿ ਕੀ ਕੀਤਾ ਜਾਏ ?" ਭਾਗ ਸਿੰਘ ਨੇ ਕਿਹਾ।

ਅਕਬਰ ਖ਼ਾਂ ਵੀ ਆ ਗਿਆ। ਉਸ ਦੱਸਿਆ ਕਿ ਉਥੇ ਕਾਸਿਮ ਖ਼ਾਂ ਦਾ ਪਹਿਰਾ ਲੱਗਾ ਹੋਇਆ ਹੈ। ਉਹ ਆਪ ਤਾਂ ਘੱਟ-ਵੱਧ ਹੀ ਉਥੇ ਹੁੰਦਾ ਏ, ਸਿਰਫ਼ ਇਕ ਸਿਪਾਹੀ ਉਥੇ ਪਹਿਰਾ ਦੇ ਰਿਹਾ ਹੈ।

ਸਾਰੇ ਸੋਚਣ ਲੱਗ ਪਏ ਕਿ ਹੁਣ ਕੀ ਕੀਤਾ ਜਾਏ। ਬਸ਼ੀਰਾਂ ਨੇ ਕਿਹਾ, "ਮੈਂ ਇਹ ਕੰਮ ਕਰ ਸਕਦੀ ਹਾਂ।"

"ਦੱਸ ਫਿਰ," ਅਕਬਰ ਨੇ ਕਿਹਾ।

"ਤੁਸੀਂ ਰੋਕੋਗੇ ਤਾਂ ਨਾ ?" ਬਸ਼ੀਰਾਂ ਨੇ ਭਰਾ ਨੂੰ ਪੁੱਛਿਆ।

"ਨਹੀਂ, ਜਿਸ ਤਰ੍ਹਾਂ ਵੀ ਹੋਵੇ ਚਤਰ ਸਿੰਘ ਨੂੰ ਛੁਡਾਇਆ ਜਾਣਾ ਚਾਹੀਦਾ ਹੈ," ਅਕਬਰ ਖ਼ਾਂ ਨੇ ਕਿਹਾ।

"ਫਿਰ ਅੱਬਾ ਨੂੰ ਨਾ ਦੱਸੀਂ ?" ਬਸ਼ੀਰਾਂ ਨੇ ਕਿਹਾ।

"ਮੈਨੂੰ ਕੀ ਲੋੜ ਏ ?" ਅਕਬਰ ਖ਼ਾਂ ਬੋਲਿਆ।

"ਹਾਕਮ ਦੀ ਧੀ ਘੋੜ-ਸਵਾਰੀ ਕਰਦੀ ਏ ਇਹ ਸਾਰਿਆਂ ਨੂੰ ਪਤਾ ਏ। ਹੋਰ ਕਿਸੇ ਵੀ ਸਰਦਾਰ ਦੀ ਲੜਕੀ ਇਥੇ ਘੋੜ-ਸਵਾਰ ਨਹੀਂ। ਮੈਂ ਸ਼ਾਮ ਨੂੰ ਯਾਰ ਮੁਹੰਮਦ ਖ਼ਾਨ ਦੀ ਲੜਕੀ ਦਾ ਭੇਸ ਧਾਰ ਕੇ ਛੁਡਾ ਲਿਆਵਾਂਗੀ।"

ਸਾਰਿਆਂ ਨੂੰ ਇਹ ਸੁਝਾਅ ਪਸੰਦ ਆ ਗਿਆ। ਸ਼ਾਮ ਵੇਲੇ ਜਦੋਂ ਸੂਰਜ ਡੁੱਬਣ ਵਾਲਾ ਸੀ, ਬਸ਼ੀਰਾਂ ਨੇ ਕੱਪੜੇ ਬਦਲੇ ਤੇ ਉੱਤੇ ਕਾਲਾ ਬੁਰਕਾ ਪਾ ਲਿਆ। ਭਾਗ ਸਿੰਘ ਵਾਲੀ ਘੋੜੀ ਲੈ ਕੇ ਉਹ ਕਿਲ੍ਹੇ ਨੂੰ ਤੁਰ ਪਈ।

ਕਿਲ੍ਹੇ ਦੇ ਅੰਦਰ ਲੰਘ ਗਈ। ਪਹਿਰੇਦਾਰਾਂ ਨੇ ਉਹਨੂੰ ਨਾ ਰੋਕਿਆ। ਘੋੜੀ ਤੇਜ਼ ਜਾ ਰਹੀ ਸੀ। ਇਸ ਲਈ ਕਿਸੇ ਧਿਆਨ ਨਾਲ ਨਾ ਦੇਖਿਆ। ਬਸ਼ੀਰਾਂ ਸਿੱਧੀ ਜੇਲ੍ਹ-ਖ਼ਾਨੇ ਵਿਚ ਪਹੁੰਚੀ।

ਪਹਿਰੇ 'ਤੇ ਖੜਾ ਸਿਪਾਹੀ ਸਾਵਧਾਨ ਹੋ ਗਿਆ। ਬਸ਼ੀਰਾਂ ਨੇ ਬੁਰਕੇ ਵਿਚੋਂ ਕਿਹਾ, "ਕੀ ਨਾਂ ਏ ਤੇਰਾ ?"

"ਉਲਫ਼ਤ ਖ਼ਾਂ," ਸਿਪਾਹੀ ਬੋਲਿਆ।

"ਠੀਕ ਏ," ਬਸ਼ੀਰਾਂ ਨੇ ਕਿਹਾ, "ਉਲਫ਼ਤ ਖ਼ਾਂ, ਮੈਂ ਹਾਕਮ ਦੀ ਬੇਟੀ ਹਾਂ।"

"ਜੀ ਮੈਂ ਪਹਿਲਾਂ ਹੀ ਸਮਝ ਗਿਆ ਹਾਂ, ਤੁਹਾਡੇ ਬਿਨਾਂ ਹੋਰ ਘੋੜ-ਸਵਾਰੀ ਕੋਈ ਨਹੀਂ ਕਰਦਾ," ਸਿਪਾਹੀ ਨੇ ਕਿਹਾ।

"ਸਾਡਾ ਮਾਲੀ ਕਿੱਥੇ ਕੈਦ ਏ ?" ਬਸ਼ੀਰਾਂ ਨੇ ਦਲੇਰੀ ਨਾਲ ਪੁੱਛਿਆ।

"ਉਸ ਅੰਦਰ ਏ," ਸਿਪਾਹੀ ਨੇ ਹੱਥ ਨਾਲ ਇਸ਼ਾਰਾ ਕਰਦਿਆਂ ਕਿਹਾ।

"ਉਹਨੂੰ ਬਾਹਰ ਕੱਢੋ, ਲਿਜਾਣਾ ਏ," ਬਸ਼ੀਰਾਂ ਨੇ ਕਿਹਾ, "ਸਾਡੇ ਤਾਂ ਸਾਰੇ ਫੁੱਲ ਹੀ ਸੁੱਕ ਗਏ ਨੇ। ਅੱਬਾ ਮੀਆਂ ਕਹਿੰਦੇ ਨੇ ਉਹਨੂੰ ਸੱਦ ਲਿਆਓ।"

"ਬਹੁਤ ਅੱਛਾ," ਕਹਿ ਕੇ ਸਿਪਾਹੀ ਗਿਆ ਤੇ ਤੁਰੰਤ ਮਾਲੀ ਨੂੰ ਕਮਰੇ ਵਿਚੋਂ ਕੱਢ ਲਿਆਇਆ ਤੇ ਬਸ਼ੀਰਾਂ ਉਸ ਨੂੰ ਘੋੜੇ 'ਤੇ ਬਿਠਾ ਕੇ ਬਾਹਰ ਨੂੰ ਚੱਲ ਪਈ। ਇਕ ਹਾਕਮ ਦੀ ਬੇਟੀ ਮਾਲੀ ਨੂੰ ਆਪਣੇ ਘੋੜੇ 'ਤੇ ਬਿਠਾ ਲਏ, ਇਹ ਅਸੰਭਵ ਜਿਹੀ ਗੱਲ ਏ। ਵੱਡੇ ਗੇਟ ਦੇ ਪਹਿਰੇਦਾਰਾਂ ਨੇ ਦੇਖਿਆ ਤਾਂ ਹੈਰਾਨ ਹੋ ਗਏ। ਨਾਲ ਹੀ ਉਹਨਾਂ ਹੁਣ ਹੌਲੀ ਹੌਲੀ ਜਾਂਦਾ ਘੋੜਾ ਧਿਆਨ ਨਾਲ ਦੇਖਿਆ ਤਾਂ ਹੋਰ ਹੀ ਸੀ। ਯਾਰ ਮੁਹੰਮਦ ਖ਼ਾਨ ਦੇ ਘਰ ਦੇ ਘੋੜਿਆਂ ਨੂੰ ਸਾਰੇ ਫ਼ੌਜੀ ਜਾਣਦੇ ਸਨ।

ਉੱਤੋਂ ਅਚਾਨਕ ਕਾਸਿਮ ਖ਼ਾਂ ਵੀ ਆ ਗਿਆ। ਉਹਨੂੰ ਦੱਸਿਆ ਗਿਆ ਤਾਂ ਉਸ ਝੱਟ ਪਿੱਛਾ ਕਰਨ ਦਾ ਹੁਕਮ ਦੇ ਦਿੱਤਾ। ਕੁਝ ਫ਼ੌਜੀ ਘੋੜਿਆਂ 'ਤੇ ਸਵਾਰ ਹੋ ਗਏ ਤੇ ਉਹਨਾਂ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ।

ਕਿਲ੍ਹੇ ਤੋਂ ਕੁਝ ਹਟ ਕੇ ਇਕ ਗਲੀ ਦੇ ਸਿਰੇ 'ਤੇ ਭਾਗ ਸਿੰਘ ਖੜਾ ਸੀ। ਉਹਦੇ ਨੇੜੇ ਆ ਕੇ ਬਸ਼ੀਰਾਂ ਨੇ ਘੋੜਾ ਖੜਾ ਕੀਤਾ ਤੇ ਆਪ ਉਤਰ ਗਈ। ਭਾਗ ਸਿੰਘ ਘੋੜੇ 'ਤੇ ਚਤਰ ਸਿੰਘ ਦੇ ਨਾਲ ਬੈਠ ਗਿਆ ਤੇ ਜਦ ਟੁਰਨ ਲੱਗੇ ਤਾਂ ਫ਼ੌਜ ਨੇ ਆ ਘੇਰਿਆ।


ਭਾਗ ਸਿੰਘ ਨੇ ਚਾਰੇ ਪਾਸੇ ਨਜ਼ਰ ਦੁੜਾਈ ਪਰ ਕਿਧਰੋਂ ਬਚ ਨਿਕਲਣ ਦੀ ਆਸ ਨਾ ਰਹੀ। ਇਸ 'ਤੇ ਅਖ਼ੀਰ ਉਸ ਨੇ ਕ੍ਰਿਪਾਨ ਸੂਤ ਲਈ। ਚਤਰ ਸਿੰਘ ਪਾਸ ਤਾਂ ਕੋਈ ਹਥਿਆਰ ਨਹੀਂ ਸੀ, ਇਸ ਲਈ ਉਸ ਨੇ ਘੋੜੇ ਦੀਆਂ ਵਾਗਾਂ ਸੰਭਾਲ ਲਈਆਂ।

ਕਾਸਿਮ ਖ਼ਾਂ ਨੇੜੇ ਆ ਗਿਆ। ਉਹਨੇ ਬੰਦੂਕ ਦੀ ਨਾਲੀ ਸਿੱਧੀ ਕਰ ਕੇ ਕਿਹਾ, "ਤਲਵਾਰ ਸੁੱਟ ਦੇਹ ਨਹੀਂ ਤਾਂ ਮਾਰ ਦਿਆਂਗਾ।"

"ਤਲਵਾਰ ਨਹੀਂ ਸੁੱਟ ਸਕਦਾ, ਮਰ ਬੇਸ਼ੱਕ ਜਾਵਾਂ," ਭਾਗ ਸਿੰਘ ਨੇ ਕੜਕਵੀਂ ਅਵਾਜ਼ ਵਿਚ ਕਿਹਾ। ਅਜੇ ਇਹ ਵਾਕ ਉਸ ਪੂਰਾ ਕੀਤਾ ਹੀ ਸੀ ਕਿ ਕਾਸਿਮ ਖ਼ਾਂ ਨੇ ਗੋਲੀ ਚਲਾ ਦਿੱਤੀ, ਬਸ਼ੀਰਾਂ ਭੱਜ ਕੇ ਅੱਗੇ ਹੋਈ ਤਾਂ ਜੋ ਕਾਸਿਮ ਖ਼ਾਂ ਨੂੰ ਰੋਕ ਸਕੇ। ਗੋਲੀ ਉਸ ਦਾ ਸੀਨਾ ਪਾਰ ਕਰ ਗਈ ਤੇ ਉਹ ਝੱਟ ਹੀ ਧਰਤੀ 'ਤੇ ਡਿੱਗ ਪਈ।

"ਹੈਂ, ਇਹ ਕੀ ਹੋ ਗਿਆ!" ਕਾਸਿਮ ਖ਼ਾਂ ਨੇ ਕਿਹਾ ਤੇ ਸਾਰੇ ਉਸ ਵੱਲ ਵਧੇ। ਇਸ ਸਮੇਂ ਚਤਰ ਸਿੰਘ ਨੇ ਘੋੜੇ ਨੂੰ ਅੱਡੀ ਲਾਈ ਤੇ ਉਹ ਹਵਾ ਵਾਂਗ ਤੇਜ਼ ਹੋ ਗਿਆ। ਫ਼ੌਜੀਆਂ ਨੇ ਬੜੀਆਂ ਗੋਲੀਆਂ ਚਲਾਈਆਂ ਪਰ ਉਹ ਤੁਰਤ ਹੀ ਗਲੀਆਂ ਦੇ ਮੋੜ ਮੁੜ ਗਏ ਅਤੇ ਰਾਤ ਦੇ ਹਨੇਰੇ ਦੀ ਆੜ ਵਿਚ ਸ਼ਹਿਰ ਤੋਂ ਬਾਹਰ ਨਿਕਲ ਗਏ।

ISBN 81-7205-181-6



ISBN 81-7205-181-6

9 788172 051815